
ਮੱਸੇ ਰੰਘੜ ਨੂੰ
ਕਰਣੀ ਦਾ ਫਲ



ਸਵਰਨ ਸਿੰਘ

ਪ੍ਰਕਾਸ਼ਕ :
ਸਿੰਘ ਬ੍ਰਦਰਜ਼

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ

S.C.O. 98, ਸਿਟੀ ਸੈਂਟਰ, ਅੰਮ੍ਰਿਤਸਰ

ਪਹਿਲੀ ਵਾਰ ਮਾਰਚ ੧੯੯੭
ਦੂਜੀ ਵਾਰ ਜੁਲਾਈ ੨੦੦੦

ਮੁੱਲ : ੪੦-੦੦

ਛਾਪਕ :
ਪ੍ਰਿੰਟਵੈੱਲ, 146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ

ਸਮਰਪਣ

ਉਨ੍ਹਾਂ ਸੂਰਬੀਰ ਸਿਖ ਸ਼ਹੀਦਾਂ ਦੇ ਪਵਿੱਤਰ ਖ਼ੂਨ ਨੂੰ ਸਮਰਪਿਤ
ਜਿਨ੍ਹਾਂ ਨੇ ਸਾਹਿਬ ਸਤਿਗੁਰੂ ਗੋਬਿੰਦ ਸਿੰਘ ਜੀ ਮਹਾਰਾਜ
ਦੇ ਦਰਸਾਏ ਰਸਤੇ 'ਤੇ ਚਲਦਿਆਂ ਇਸ ਦੇਸ ਦੀ
ਅਣਖ, ਆਜ਼ਾਦੀ ਤੇ ਇਨਸਾਫ਼ ਲਈ
ਹੱਸ ਹੱਸ ਕੇ ਆਪਾ ਵਾਰ ਦਿੱਤਾ!

ਤਤਕਰਾ

+5
+5
+5

ਜਾਣ-ਪਛਾਣ

ਸ: ਸਵਰਨ ਸਿੰਘ ਪੰਜਾਬ ਦੇ ਇਤਿਹਾਸ ਵਿਚ ਰੁਚੀ ਰੱਖਣ ਵਾਲਿਆਂ ਲਈ ਕੋਈ ਨਵਾਂ ਨਾਮ ਨਹੀਂ। ਭਰਵੇਂ ਜੁੱਸੇ ਤੇ ਲੰਮੇ-ਉੱਚੇ ਕੱਦ ਵਾਲੇ ਇਹ ਸਰਦਾਰ ਸਾਹਿਬ ਜਦੋਂ ਵੀ ਇਤਿਹਾਸ-ਕਾਨਫ਼ਰੰਸਾਂ ਵਿਚ ਵੱਡੇ ਵੱਡੇ ਇਤਿਹਾਸਕਾਰਾਂ ਦੇ ਪਰਚਿਆਂ ਸੰਬੰਧੀ ਬਹਿਸ ਵਿਚ ਹਿੱਸਾ ਲੈਂਦਿਆਂ ਆਪਣੀ ਭਬਕਵੀਂ ਅਵਾਜ਼ ਵਿਚ ਤੱਥਾਂ ਨੂੰ ਸੋਧਦੇ ਜਾਂ ਨਵੀਂ ਸੂਚਨਾ ਮੁਹੱਈਆ ਕਰਵਾਂਦੇ ਹਨ ਤਾਂ ਵਕਤਾ-ਜਨ ਨਿਰੁੱਤਰ ਹੋ ਜਾਂਦੇ ਹਨ ਤੇ ਸਰੋਤੇ ਮੰਤਰ-ਮੁਗਧ। ਹਰ ਕੋਈ ਇਨ੍ਹਾਂ ਦੇ ਵਸੀਹ ਗਿਆਨ-ਘੇਰੇ 'ਤੇ ਰਸ਼ਕ ਕਰਦਾ ਹੈ। ਇਤਿਹਾਸ ਇਨ੍ਹਾਂ ਦਾ ਸ਼ੌਕ ਨਹੀਂ, ਬਲਕਿ ਜਿੰਦ-ਜਾਨ ਹੈ। ਸ਼ਹਿਰ ਭਾਵੇਂ ਦਿੱਲੀ ਹੋਵੇ ਜਾਂ ਅਲੀਗੜ੍ਹ, ਕੁਤਬ-ਫ਼ਰੋਸ਼ਾਂ ਪਾਸ ਜਾ ਕੇ ਇਨ੍ਹਾਂ ਦੀ ਘੜੀ ਰੁਕ ਜਾਂਦੀ ਹੈ ਤੇ ਪੁਰਾਣੀਆਂ ਕਿਤਾਬਾਂ ਦੀ ਫੋਲਾ-ਫਾਲੀ ਕਰ ਕੇ ਮਨ-ਪਸੰਦ ਖ਼ਜ਼ਾਨੇ ਨੂੰ ਮੂੰਹ-ਮੰਗੇ ਦਾਮ 'ਤੇ ਖ਼ਰੀਦਣਾ ਇਨ੍ਹਾਂ ਦੀ ਨਾ ਟਾਲੇ ਜਾ ਸਕਣ ਵਾਲੀ ਆਦਤ ਹੈ। ਕਿਸੇ ਵੀ ਥਾਂ ਤੋਂ ਇਨ੍ਹਾਂ ਨੂੰ ਕਿਸੇ ਦੁਰਲਭ ਸਰੋਤ ਦੀ ਸੋਅ ਮਿਲੇ, ਇਹ ਉਸ ਨੂੰ ਹਾਸਲ ਕਰਨ ਲਈ ਕੁਝ ਵੀ ਦੇ ਸਕਦੇ ਹਨ।

ਅਰਬੀ, ਫ਼ਾਰਸੀ, ਹਿੰਦੀ, ਪੰਜਾਬੀ, ਅੰਗ੍ਰੇਜ਼ੀ ਆਦਿ ਕਈ ਜ਼ਬਾਨਾਂ 'ਤੇ ਇੱਕੋ ਜਿਹੀ ਮੁਹਾਰਤ ਰੱਖਣ ਵਾਲੇ ਸਰਦਾਰ ਜੀ ਦੀ ਨਿੱਜੀ ਲਾਇਬ੍ਰੇਰੀ ਹੈਰਤ-ਅੰਗੇਜ਼ ਸੰਗ੍ਰਹਿਲਾਯ ਹੈ। ਫ਼ੌਜ ਦੀ ਕਪਤਾਨੀ ਤੋਂ ਬਾਅਦ ਆਪ ਸਰਕਾਰੀ ਹਾਈ ਸਕੂਲ ਘੜਿਆਲਾ ਦੇ ਹੈੱਡਮਾਸਟਰ ਨਿਯੁਕਤ ਹੋਏ। ਕੁਸ਼ਲ ਪ੍ਰਬੰਧਕ ਤੇ ਅਣਥੱਕ ਅਧਿਆਪਕ ਸ: ਸਵਰਨ ਸਿੰਘ ਲਈ ਪੜ੍ਹਾਉਣਾ ਮਜਬੂਰੀ ਨਹੀਂ, ਬਲਕਿ ਇਬਾਦਤ ਹੈ। ਉਨ੍ਹਾਂ ਨੇ ਆਪਣੇ ਵਿਦਿਆਰਥੀਆਂ ਨੂੰ ਐਸੀ ਜੀਵਨ-ਕਣੀ ਬਖ਼ਸ਼ੀ ਹੈ ਕਿ ਉਨ੍ਹਾਂ ਦੇ ਅਨੇਕਾਂ ਵਿਦਿਆਰਥੀ ਹਰ ਔਖੀ ਮੰਜ਼ਿਲ ਸਰ ਕਰ ਕੇ ਬੜੇ ਉੱਚੇ ਮਰਾਤਬਿਆਂ 'ਤੇ ਪੁੱਜੇ ਹਨ ਅਤੇ ਆਪ ਪ੍ਰਤਿ ਕ੍ਰਿਤੱਗ

ਹਨ। ਵਿਦਿਆ ਦੇ ਖੇਤਰ ਵਿਚ ਆਪ ਦੀ ਏਨੀ ਧਾਂਕ ਜੰਮ ਚੁੱਕੀ ਸੀ ਕਿ ਸੇਵਾ-ਮੁਕਤ ਹੋਣ ਤੋਂ ਬਾਅਦ ਇਲਾਕੇ ਦੇ ਮੋਹਤਬਰਾਂ ਨੇ, ਇਨ੍ਹਾਂ ਦੇ ਅਨੇਕਾਂ ਵਾਰੀ ਨਾਂਹ-ਨੁਕਰ ਕਰਨ ਦੇ ਬਾਵਜੂਦ, ਇਨ੍ਹਾਂ ਨੂੰ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ, ਪੱਟੀ ਦੇ ਪ੍ਰਿੰਸੀਪਲ ਵਜੋਂ ਅਹੁਦਾ ਸੰਭਾਲਣ ਲਈ ਮਨਾਅ ਹੀ ਲਿਆ। ਅੱਜ ਇਹ ਸਕੂਲ ਵਿਦਿਆ ਦੇ ਮਿਆਰ ਅਤੇ ਵਿਦਿਆਰਥੀਆਂ ਦੀ ਗਿਣਤੀ ਪੱਖੋਂ ਇਲਾਕੇ ਦਾ ਮੋਹਰੀ ਸਕੂਲ ਹੈ।

ਸਿਖ ਇਤਿਹਾਸ ਦੇ ਬਹਾਦਰੀ ਤੇ ਅਣਖ ਵਾਲੇ ਕਾਰਨਾਮੇ ਦੱਸਦਿਆਂ ਆਪ ਦੀਆਂ ਅੱਖਾਂ ਵਿਚੋਂ ਖ਼ੂਨ ਉਤਰ ਆਉਂਦਾ ਹੈ। ਆਪ ਆਖਿਆ ਕਰਦੇ ਹਨ ਕਿ ਸਿਖ ਕੌਮ ਦੇ ਸ਼ਹੀਦਾਂ ਦਾ ਕਰਜ਼ ਚੁਕਾਣ ਲਈ ਇਕ ਜੀਵਨ ਤਾਂ ਕੀ, ਕਈ ਜੀਵਨ ਵੀ ਥੋੜ੍ਹੇ ਹਨ। ਇਸੇ ਹੁੱਬ ਤਹਿਤ ਆਪ ਨੇ ੧੯੮੪ ਦੇ ਘੱਲੂਘਾਰੇ ਅਤੇ ਬਾਅਦ ਦੇ ਸ਼ਹੀਦਾਂ ਦੇ ਲਾਮਿਸਾਲ ਕਾਰਨਾਮਿਆਂ ਦੇ ਸਾਰੇ ਤੱਥਾਂ ਨੂੰ ਕਈ ਜ਼ੋਖ਼ਮ ਹੰਢਾ ਕੇ ਇਕੱਠਿਆਂ ਕੀਤਾ ਤੇ ਮਹਿਫ਼ੂਜ਼ ਸੰਭਾਲ ਛੱਡਿਆ ਹੈ।

ਸ: ਸਵਰਨ ਸਿੰਘ ਪਾਸ ਇਤਿਹਾਸ-ਖੋਜ ਦੀ ਸਹੀ ਸੂਝ ਹੈ। ਉਹ ਜਿੱਥੇ ਇਤਿਹਾਸ ਦੇ ਲਿਖਿਤ-ਸਰੋਤਾਂ ਦੀ ਢੂੰਡ-ਭਾਲ ਕਰਦੇ ਹਨ, ਉਥੇ ਸਥਾਨਕ ਰਵਾਇਤਾਂ ਤੋਂ ਵੀ ਇਤਿਹਾਸਕ ਤੱਥਾਂ ਦੀ ਟੋਹ ਲੈਂਦੇ ਹਨ। ਹੱਥ ਵਿਚ ਕੰਪਾਸ ਫੜੀ ਜਦ ਉਹ ਕੁੱਪ-ਰਹੀੜੇ ਦੀਆਂ ਉਜਾੜਾਂ ਛਾਣਦੇ ਹਨ ਤਾਂ ਇੰਜ ਜਾਪਦਾ ਹੈ, ਜਿਵੇਂ ਉਹ ਸ਼ਹੀਦਾਂ ਦੀ ਰੱਤ ਨਾਲ ਗੜੁੱਚ ਉਥੋਂ ਦੀ ਮਿੱਟੀ ਦੀ ਖ਼ੁਸ਼ਬੋ ਨੂੰ ਆਪਣੇ ਪਿੰਡੇ 'ਤੇ ਮਹਿਸੂਸ ਕਰ ਕੇ ਇਤਿਹਾਸ ਦੀ ਗੁਆਚੀ ਤੰਦ ਨੂੰ ਵਧੇਰੇ ਮਜ਼ਬੂਤੀ ਨਾਲ ਫੜਨ ਦੇ ਸਮਰੱਥ ਹੋ ਗਏ ਹਨ। ਅਸਲ ਵਿਚ ਇਤਿਹਾਸ, ਇਨ੍ਹਾਂ ਲਈ ਮਹਿਜ਼ ਤੱਥ ਨਹੀਂ, ਬਲਕਿ ਕੌਮ ਦਾ ਖ਼ਜ਼ਾਨਾ ਤੇ ਪ੍ਰੇਰਨਾ-ਸਰੋਤ ਹੈ। ਇਸੇ ਕਰਕੇ ਇਨ੍ਹਾਂ ਦੀ ਤੀਖਣ ਸੂਝ, ਤੱਥਾਂ ਦੀ ਟੋਹ ਦੇ ਆਸਰੇ ਇਨ੍ਹਾਂ ਪਿੱਛੇ ਲੁਕੇ ਅਸਲ ਨਜ਼ਾਰਿਆਂ ਨੂੰ ਸਜੀਵ ਰੂਪ ਵਿਚ ਕਲਮਬੰਦ ਕਰਨ ਦੀ ਸਮਰੱਥਾ ਰੱਖਦੀ ਹੈ।

ਕੌਣ ਕਹਿੰਦਾ ਹੈ ਕਿ ਇਤਿਹਾਸਕ ਰਚਨਾ ਵਿਚ ਨਿੱਜਤਵ ਮਨਫ਼ੀ ਹੋ ਸਕਦਾ ਹੈ ? ਪਰ ਸਾਨੂੰ ਮਾਣ ਹੈ ਕਿ ਸਾਡੀ ਇਸ ਰਚਨਾ ਵਿਚ ਸ: ਸਵਰਨ ਸਿੰਘ ਦਾ ਨਿਰਛਲ, ਨਿਰਕਪਟ, ਅਣਖੀਲਾ ਤੇ ਹਰ ਦਮ ਕੌਮ ਦਾ ਭਲਾ ਸੋਚਣ

ਵਾਲਾ, ਸੱਚੋ-ਸੱਚ ਨਿੱਜ ਹਾਜ਼ਰ ਹੈ। ਇਸ ਤੋਂ ਪ੍ਰੇਰਨਾ ਲੈ ਕੇ ਕੌਮ ਆਪਣਾ ਭਵਿੱਖ ਨਾ ਸੰਵਾਰ ਸਕੇ ਤਾਂ ਸਾਡੇ ਮੰਦੇ ਭਾਗ!

ਬੜੀ ਰੀਝ ਸੀ ਕਿ ਸਰਦਾਰ ਸਾਹਿਬ ਦੀ ਲਾਜਵਾਬ ਮਿਹਨਤ *'ਅਬਦਾਲੀ, ਸਿੱਖ ਤੇ ਵੱਡਾ ਘੱਲੂਘਾਰਾ'* ਜੋ ਮਾਸਕ-ਪੱਤਰ *ਸੂਰਾ* ਵਿਚ ੩੭ ਕਿਸ਼ਤਾਂ ਰਾਹੀਂ ਬੇਹੱਦ ਮਕ਼ਬੂਲ ਹੋਈ, ਆਪਣੇ ਸੰਸ਼ੋਧਿਤ ਰੂਪ ਵਿਚ ਸਭ ਤੋਂ ਪਹਿਲਾਂ ਪਾਠਕਾਂ ਪਾਸ ਅੱਪੜਦੀ, ਪਰੰਤੂ ਸਰਦਾਰ ਸਾਹਿਬ ਆਪਣੀਆਂ ਮਜਬੂਰੀਆਂ ਕਰਕੇ ਇਸ ਦਾ ਖਰੜਾ ਸਾਨੂੰ ਅਜੇ ਨਹੀਂ ਸੌਂਪ ਸਕੇ। ਸੋ, ਪਹਿਲਾ ਢੋਆ ਤਿੰਨ ਪੁਸਤਕਾਂ (੧. *ਸ਼ਹੀਦ ਭਾਈ ਤਾਰਾ ਸਿੰਘ ਵਾਂ*, ੨. *ਮੱਸੇ ਰੰਘੜ ਨੂੰ ਕਰਣੀ ਦਾ ਫਲ*, ੩. *ਸ਼ਹੀਦੀ ਸਾਕਾ ਭਾਈ ਤਾਰੂ ਸਿੰਘ ਜੀ*) ਦੇ ਰੂਪ ਵਿਚ ਸ਼ਹੀਦਾਂ ਦੀ ਕੁਰਬਾਨੀ ਪ੍ਰਤਿ ਇਕ ਸ਼ਰਧਾਂਜਲੀ ਵਜੋਂ ਹਾਜ਼ਰ ਹੈ।

ਆਸ ਹੈ ਕਿ ਸਮੂਹ ਪਾਠਕ-ਵਰਗ ਵਲੋਂ ਇਨ੍ਹਾਂ ਪੁਸਤਕਾਂ ਦਾ ਬੇਹੱਦ ਸਵਾਗਤ ਕੀਤਾ ਜਾਵੇਗਾ। ਲੇਖਕ ਪਾਸ ਸ: ਕਰਮ ਸਿੰਘ ਹਿਸਟੋਰੀਅਨ ਵਰਗਾ ਸਿਰੜ ਤੇ ਖੋਜ ਦੀ ਸੂਝ ਹੈ। ਇਤਿਹਾਸਕ ਤੱਥ, ਸਮਕਾਲੀ ਘਟਨਾਵਾਂ ਤੇ ਤੁਲਨਾਤਮਕ ਵੇਰਵੇ ਉਨ੍ਹਾਂ ਦੀਆਂ ਉਂਗਲਾਂ 'ਤੇ ਹਨ। ਇੰਜ ਸਮਝੋ ਕਿ ਸ: ਕਰਮ ਸਿੰਘ ਜੀ ਦੁਬਾਰਾ ਕੌਮ ਦੀ ਖ਼ਿਦਮਤ ਵਿਚ ਹਾਜ਼ਰ ਹਨ। ਪਾਠਕਾਂ ਦਾ ਪਿਆਰ-ਅਸੀਸ ਉਨ੍ਹਾਂ ਪਾਸੋਂ ਇਤਿਹਾਸ-ਲੇਖਣ ਦੀ ਉਹ ਮਹਾਨ ਸੇਵਾ ਲੈ ਸਕਦਾ ਹੈ, ਜਿਸ 'ਤੇ ਆਉਣ ਵਾਲੀਆਂ ਪੀੜ੍ਹੀਆਂ ਹਮੇਸ਼ਾ ਫ਼ਖ਼ਰ ਕਰਨਗੀਆਂ।

—ਪ੍ਰਕਾਸ਼ਕ

ਦੋ ਸ਼ਬਦ

ਪਿਤਾ ਜੀ, ਤੁਹਾਡੇ ਸਿੱਖੀ ਪਿਆਰ ਤੇ ਇਸ ਦੇ ਇਤਿਹਾਸ-ਪ੍ਰੇਮ ਨੇ ਮੈਨੂੰ ਬਚਪਨ ਵਿਚ ਹੀ ਲਗਨ ਲਾ ਦਿੱਤੀ ਸੀ। ਤੁਸੀਂ ਹਮੇਸ਼ਾ ਪ੍ਰੇਰਨਾ ਦੇਂਦੇ ਰਹੇ। ਤੁਹਾਡੇ ਸਾਹਮਣੇ ਕੀਤੇ ਸੰਕਲਪ ਨੂੰ ਪੂਰਾ ਕਰਨ ਲਈ ਮੈਂ ਯਤਨ-ਸ਼ੀਲ ਹਾਂ। ਮੇਰੇ ਪਾਸ ਸਿਰਫ਼ ਕਲਮ ਹੀ ਰਹਿ ਗਿਆ ਹੈ, ਉਹ ਵੀ 'ਵੀਰੇ' (ਆਪ ਜੀ ਦੇ ਸਪੂਤ) ਖੋਹ-ਭੰਨ-ਤੋੜਨ ਦੇ ਰਉਂ ਵਿਚ ਹਨ। ਖੁਸ ਵੀ ਗਿਆ ਤਾਂ ਮੈਂ ਆਪਣੀਆਂ ਉਂਗਲਾਂ ਆਪਣੇ ਜਿਗਰ ਦੇ ਖ਼ੂਨ ਵਿਚ ਭਿਉਂ ਭਿਉਂ ਕੇ ਜ਼ਮੀਨ 'ਤੇ ਹੀ ਲਿਖ ਦਿਆਂਗਾ, ਤਾਂਕਿ ਤੁਹਾਡੇ ਪਾਸ ਸੁਰਖ਼ਰੂ ਹੋ ਕੇ ਆ ਸਕਾਂ।

ਪਿਤਾ ਜੀ, ਤੁਹਾਡੇ ਵਲੋਂ ਆਖ਼ਰੀ ਫ਼ਤਹ ਗਜਾ ਜਾਣ ਪਿਛੋਂ ਤੁਹਾਡੀ ਦਸਤਾਰ, ਜੋ ਮੈਨੂੰ ਬਖ਼ਸ਼ਿਸ਼ ਹੋਈ ਸੀ, ਉਹ ਪੈਰਾਂ ਥੱਲੇ ਕੁਚਲੀ ਗਈ। ਅੰਮ੍ਰਿਤ-ਧਾਰੀ ਗੁਰਸਿਖ ਹੋਣ ਦੇ ਨਾਤੇ ਤੁਹਾਡੇ ਧਰਮ ਦੀ ਕਮਾਈ, ਆਪਣੇ ਹੱਕ 'ਤੇ ਰਹਿਣਾ, ਧੋਖ-ਧੜੀ ਤੇ ਚੋਰੀ, ਠੱਗੀ, ਫ਼ਰੇਬ ਤੋਂ ਦੂਰ ਰਹਿਣ ਅਤੇ ਸਰਬੱਤ ਦਾ ਭਲਾ ਮੰਗਣ ਵਾਲੇ ਸਿਖਾਏ ਸਿੱਖੀ ਦੇ ਸੁਨਹਿਰੀ ਅਸੂਲਾਂ ਦੀਆਂ ਧੱਜੀਆਂ ਉਡਾ ਕੇ ਰੱਖ ਦਿੱਤੀਆਂ ਗਈਆਂ ਹਨ। ਜਿਨ੍ਹਾਂ ਘਰਦਿਆਂ ਨਾਲ ਭਲੀ ਨਹੀਂ ਗੁਜ਼ਾਰੀ, ਉਹ ਸਰਬੱਤ ਦਾ ਭਲਾ ਕਿਥੋਂ ਮੰਗਣਗੇ ! ਚੋਰੀਆਂ, ਫ਼ਰੇਬਾਂ ਤੇ ਧੋਖਿਆਂ ਦੇ ਦਾਗ਼ ਲਗਦੇ ਵੇਖ ਕੇ ਤੁਸੀਂ ਕਿਵੇਂ ਜਰ ਸਕਦੇ ? ਏਨੇ ਕਲੰਕ ਖੱਟ ਲਏ ਹਨ ਕਿ ਅਗਲਿਆਂ ਮੂੰਹਾਂ ਤੋਂ ਨਹੀਂ ਲਹਿਣਗੇ। ਚੰਗਾ ਹੋਇਆ ਕਿ ਤੁਸੀਂ ਪਹਿਲਾਂ ਹੀ ਚਲੇ ਗਏ। ਤੁਹਾਡੀ ਨਿਮਰਤਾ ਤੇ ਮਿਠਾਸ ਦੀ ਥਾਂ ਹੁਣ ਘਰ ਵਿਚ ਹੰਕਾਰ, ਲਾਲਚ ਅਤੇ ਸਰਬੱਤ ਦੇ ਨਹੀਂ, ਸਗੋਂ ਕੇਵਲ ਨਿੱਜੀ ਭਲੇ ਦੀ ਤਾਂਘ ਦਾ ਸੰਘਣਾ ਪਸਾਰਾ ਹੈ। ਹੁਣ ਜੇ ਤੁਸੀਂ ਆ ਕੇ ਵੇਖੋ ਤਾਂ ਘਰ ਪਛਾਣ ਨਹੀਂ ਸਕੋਗੇ। ਕੂੜ, ਕੁਸੱਤ ਤੇ ਕਲੰਕ ਦਾ ਪਹਾੜ ਦਿਸੇਗਾ।

ਗੁਰਮੁਖ ਪਰਉਪਕਾਰੀ ਪੁਰਾਤਨ ਗੁਰਸਿੱਖਾਂ ਦੇ ਸੂਰਬੀਰਤਾ ਭਰੇ ਅਤੇ ਸਿੱਖੀ ਸਿਦਕ ਦੇ ਅਨੂਪਮ ਪੂਰਨੇ ਪਾਂਦਿਆਂ ਸ਼ਹੀਦੀਆਂ ਪਾ ਜਾਣ ਦੇ ਮਹਾਨ ਕਾਰਨਾਮੇ

ਇਨ੍ਹਾਂ ਤਿੰਨਾਂ ਨਿੱਕੀਆਂ ਨਿੱਕੀਆਂ ਪੁਸਤਕਾਂ ਵਿਚ ਪੇਸ਼ ਕਰਦਿਆਂ, ਮੈਂ ਆਪਣੇ ਉਨ੍ਹਾਂ ਦੋ ਅਖੌਤੀ ਸੱਕੇ ਤੇ ਕੁਲ-ਘਾਤੀ ਭਰਾਵਾਂ ਨੂੰ ਭੁੱਲ ਨਹੀਂ ਸਕਿਆ, ਜਿਨ੍ਹਾਂ ਨੇ ਅਕਿਰਤਘਣਾਂ ਵਾਂਗ ਮੇਰੇ ਨਾਲ ਵਸਾਹ-ਘਾਤ ਕੀਤਾ ਅਤੇ ਘਰੇਲੂ ਜਾਇਦਾਦ ਤੋਂ ਬੇਦਖ਼ਲ ਕਰਨ ਲਈ ਹਰ ਹਰਬਾ ਵਰਤਿਆ। ਹੱਕ ਦਬਾਏ ਜਾਣ 'ਤੇ ਹਰ ਛੋਟੇ ਵੱਡੇ ਨੂੰ ਮਾਨਸਿਕ ਕਸ਼ਟ ਹੁੰਦਾ ਹੀ ਹੈ।

ਹੱਕ ਤਾਂ ਮੇਰਾ ਉਨ੍ਹਾਂ ਖੋਹ ਹੀ ਲਿਆ ਸੀ, ਪਰ ਉਨ੍ਹਾਂ ਦੇ ਜਿਸ ਨਿਰਦਈ ਵਾਰ ਨੇ ਮੈਨੂੰ ਅਸਹਿ ਪੀੜ ਪਹੁੰਚਾਈ, ਉਹ ਸੀ ਉਨ੍ਹਾਂ ਦਾ ਉਹ 'ਨੇਕ' ਮਸ਼ਵਰਾ ਕਿ ਜੇ ਮੈਂ ਆਪਣੀ ਲਾਇਬ੍ਰੇਰੀ ਦੀਆਂ ਪੁਸਤਕਾਂ, ਜਿਨ੍ਹਾਂ ਵਿਚ ਗੁਰਬਾਣੀ, ਟੀਕੇ, ਸਿਖ ਇਤਿਹਾਸ ਤੇ ਹੋਰ ਧਰਮਾਂ ਦਿਆਂ ਪਵਿੱਤਰ ਗ੍ਰੰਥਾਂ ਤੋਂ ਬਿਨਾਂ ਅੰਗ੍ਰੇਜ਼ੀ, ਪੰਜਾਬੀ, ਹਿੰਦੀ, ਸੰਸਕ੍ਰਿਤ, ਉਰਦੂ, ਫ਼ਾਰਸੀ, ਅਰਬੀ ਵਿਚ ਇਤਿਹਾਸ, ਫ਼ਲਸਫ਼ੇ ਤੇ ਕਲਾਸੀਕਲ ਸਾਹਿਤ ਦੀਆਂ ਦੁਰਲਭ ਪੁਸਤਕਾਂ ਹਨ, ਜੋ ਮੈਂ ਸਾਲਾਂ-ਬੱਧੀ ਸਿਰ-ਤੋੜ ਮਿਹਨਤ, ਲਗਨ ਤੇ ਖ਼ਾਸੀ ਲਾਗਤ ਨਾਲ ਹਾਸਲ ਕਰ ਕੇ ਇਕੱਠੀਆਂ ਕੀਤੀਆਂ ਸਨ, ਨੂੰ ਘਰ ਦੇ ਵਿਹੜੇ ਵਿਚ ਢੇਰੀ ਕਰ ਕੇ, ਹੱਥੀਂ ਅੱਗ ਲਾ ਕੇ ਸਾੜ-ਸੁਆਹ ਕਰ ਦਿਆਂ ਤਾਂ ਮੈਨੂੰ ਬਣਦਾ ਹੱਕ ਮਿਲ ਜਾਵੇਗਾ। ਪਰ ਦਾਸ ਉਨ੍ਹਾਂ ਵਲੋਂ ਏਡਾ ਵੱਡਾ 'ਪਰਉਪਕਾਰ' ਆਪਣੇ ਉੱਤੇ ਕਰਵਾ ਕੇ ਉਨ੍ਹਾਂ 'ਦਯਾਵਾਨ ਵੀਰਾਂ' ਦੀ ਹਾਰਦਿਕ ਪ੍ਰਸੰਨਤਾ ਪ੍ਰਾਪਤ ਨਾ ਕਰ ਸਕਿਆ।

ਹਿੱਸੇ ਆਉਂਦੇ ਚਾਂਦੀ ਸੋਨੇ ਤੇ ਨੀਲੇ ਕਾਗ਼ਜ਼ਾਂ ਦੇ ਟੁਕੜਿਆਂ ਬਦਲੇ ਇਹ ਅਨਮੋਲ ਖ਼ਜ਼ਾਨਾ ਭਸਮ ਕਰ ਦੇਣਾ ਮੇਰੇ ਲਈ ਕਠਿਨ ਹੀ ਨਹੀਂ, ਸਗੋਂ ਅਸੰਭਵ ਸੀ। ਸਾਲਾਂ-ਬੱਧੀ ਨਾਲ ਜੁੱਟ ਕੇ, ਅਰਾਮ ਨੂੰ ਹਰਾਮ ਮੰਨ ਕੇ ਮਿਹਨਤ ਨਾਲ ਜਾਇਦਾਦ ਬਣਾਈ ਸੀ। ਮਨ ਵਿਚ ਕੇਵਲ ਇਹੋ ਤਾਂਘ ਸੀ ਕਿ ਰੋਟੀ ਕਪੜੇ ਤੇ ਸਿਰ-ਲੁਕਾਵੇਂ ਦੇ ਫ਼ਿਕਰ ਤੋਂ ਨਿਸਚਿੰਤ ਹੋ ਕੇ ਦਸਮੇਸ਼ ਜੀ ਦੀ ਸ਼ਹਾਦਤ (੧੭੦੮ ਈ:) ਤੋਂ ਲੈ ਕੇ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਲਾਹੌਰ ਤਖ਼ਤ 'ਤੇ ਬੈਠਣ ਵਾਲੇ ਦਿਨ (੧੭੯੯ ਈ:) ਤਕ, ਜੋ ਮਸਾਲਾ ਨੋਟਸ ਦੇ ਰੂਪ ਵਿਚ ਇਕੱਤਰ ਕਰ ਲਿਆ ਸੀ, ਨੂੰ ਸੋਧ ਸੁਆਰ ਕੇ ਕਿਤਾਬੀ ਸ਼ਕਲ ਦੇਣ ਦਾ ਜਤਨ ਕੀਤਾ ਜਾਵੇਗਾ। ਪਰ :

ਨਰ ਚਾਹਤ ਕਛੁ ਅਉਰ ਅਉਰੈ ਕੀ ਅਉਰੈ ਭਈ॥
ਚਿਤਵਤ ਰਹਿਓ ਠਗਉਰ ਨਾਨਕ ਫਾਸੀ ਗਲਿ ਪਰੀ॥੩੯॥

ਦੇ ਮਹਾਂ ਵਾਕ ਅਨੁਸਾਰ ਹੋਇਆ ਐਨ ਉਲਟ। ਜਿਨ੍ਹਾਂ 'ਤੇ ਭਰੋਸਾ ਕਰ ਕੇ ਸਾਂਭ-ਸੰਭਾਲ ਵਾਸਤੇ ਆਗੂ ਕੀਤਾ, ਉਹ ਡਿਕਟੇਟਰ ਹੋ ਨਿਬੜੇ। ਆਲ੍ਹਣੇ ਵਿਚ ਜੋ ਪੱਤੇ ਸੁਖ ਸਹੂਲਤ ਲਈ ਵਿਛਾਏ ਗਏ ਸਨ, ਆਲ੍ਹਣਾ ਸਾੜਨ ਲਈ ਅੱਗ ਲਾ ਕੇ ਆਪ ਹੀ ਝਲ ਮਾਰਨ ਲੱਗ ਪਏ। ਕਿਸੇ ਦੁਖੀ ਦਿਲ ਨੇ ਇਸੇ ਗੱਲ ਨੂੰ ਇਉਂ ਚਿਤਰਿਆ ਹੈ:

ਬਾਗਬਾਂ ਨੇ ਆਗ ਦੀ ਜਬ ਆਸ਼ਿਆਨੇ ਕੋ ਮਿਰੇ,
ਜਿਨ ਪੱਤੋਂ ਪੇ ਤਕੀਆ ਥਾ ਵਹੀ ਹਵਾ ਦੇਨੇ ਲਗੇ।

ਜਾਇਦਾਦ ਤਾਂ ਲੁੱਟ-ਪੁੱਟ ਕੇ ਵੀਰਾਂ ਨੇ ਢਿਡ ਵਿਚ ਪਾ ਲਈ, ਰਹਿੰਦੀ ਕਸਰ ਸਰਕਾਰ ਨੇ ਕੱਢ ਦਿੱਤੀ। ਸੜਕ ਚੌੜੀ ਕਰਨ ਲਈ ਘਰ ਢਾਹ ਦੇਣਾ ਹੈ। (ਅਜੇ ਢਾਹਿਆ ਨਹੀਂ, ਕਦੋਂ ਇਹ ਮਿਹਰਬਾਨੀ ਕਰਦੇ ਹਨ, ਸਰਕਾਰ ਦੀਆਂ ਸਰਕਾਰ ਜਾਣੇ)।

ਨੰਗ ਮਲੰਗ ਹੋ ਕੇ, ਬੇਯਾਰੋ ਮਦਦਗਾਰ ਹੋ ਕੇ ਜੀਵਨ-ਨਿਰਬਾਹ ਕਰਨ ਦਾ ਜੋ ਲੁਤਫ਼ ਤੇ ਸਕੂਨ ਹੁੰਦਾ ਹੈ, ਉਸ ਦਾ ਹੁਣ ਆਣ ਕੇ ਤਜਰਬਾ ਹੋਇਆ। ਮਿਰਜ਼ਾ ਗ਼ਾਲਬ ਇਸ ਦੀ ਇਉਂ ਗੁਆਹੀ ਭਰਦੇ ਹਨ:

ਨਾ ਲੁਟਤਾ ਦਿਨ ਕੋ ਤੋ ਕਬ ਰਾਤ ਕੋ ਯੂੰ ਬੇਖ਼ਬਰ ਸੋਤਾ।
ਰਹਾ ਖਟਕਾ ਨਾ ਚੋਰੀ ਕਾ, ਦੁਆ ਦੇਤਾ ਹੂੰ ਰਾਹਜ਼ਨ ਕੋ।

ਹੱਕ ਦਬਾਉਣ ਵਾਲਿਆਂ ਦਾ ਭਲਾ ਹੋਵੇ ਕਿ ਸਭ ਚਿੰਤਾਵਾਂ ਤੇ ਫ਼ਿਕਰ ਮੁਕਾਅ ਦਿੱਤੇ ਹਨ। ਕਿਸੇ ਕੋਨੇ ਵਿਚ ਬੈਠ ਕੇ ਜਿੰਨਾ ਹੋ ਸਕਿਆ, ਦਾਲ-ਦਲੀਆ ਬਣਾ ਕੇ ਪੇਸ਼ ਕਰਦਾ ਰਹਾਂਗਾ।

ਅੰਤ ਵਿਚ ਮੈਂ ਰਿਣੀ ਹਾਂ ਆਪਣੇ ਜਾਨ ਨਾਲੋਂ ਪਿਆਰੇ ਵੀਰਾਂ ਇਕਬਾਲ ਸਿੰਘ ਤੇ ਦਿਲਬਾਗ ਸਿੰਘ ਦਾ, ਜਿਨ੍ਹਾਂ ਆਪਣੇ ਰੁੰਡ-ਮਰੁੰਡੇ ਤੇ ਭਸੂ-ਖੇਹ ਕਰ ਕੇ ਦਿੱਤੇ ਹਿੱਸਿਆਂ ਵਿਚੋਂ ਵੀ ਵੰਡ ਕੇ ਮੈਨੂੰ ਦੇਣ ਦੀ ਪੇਸ਼ਕਸ਼ ਕੀਤੀ ਅਤੇ ਕਲਮ ਚਲਦਾ ਰੱਖਣ ਲਈ ਹੱਲਾ-ਸ਼ੇਰੀ ਦੇ ਰਹੇ ਹਨ। ਵਾਹਿਗੁਰੂ ਸਹਾਈ ਹੋਣਗੇ। ਮੈਂ ਸਿਰ ਪਈ ਕਟ ਲਵਾਂਗਾ, ਪਰ ਆਪਣੇ ਛੋਟੇ ਵੀਰਾਂ 'ਤੇ ਬੋਝ ਨਹੀਂ ਬਣਾਂਗਾ।

ਦਿਲੀ ਧੰਨਵਾਦ ਕਰਦਾ ਹਾਂ ਸ: ਸਤਿਨਾਮ ਸਿੰਘ ਵਡਾਲਾ ਵੀਰਮ, ਸ: ਜਗੀਰ ਸਿੰਘ ਮਾੜੀ ਮੇਘਾ, ਸ: ਕੰਵਰਜੀਤ ਸਿੰਘ ਅਕਬਰਪੁਰਾ, ਸ: ਗੁਰਚਰਨ ਸਿੰਘ ਮਰਗਿੰਦਪੁਰਾ, ਦੋਵੇਂ ਸਰਦਾਰ ਹਰਜਿੰਦਰ ਸਿੰਘ ਪੱਟੀ ਵਾਲੇ,

ਸ: ਸਵਰਨਜੀਤ ਸਿੰਘ ਚੂਸਲੇਵੜ੍ਹ ਤੇ ਸ: ਦਵਿੰਦਰ ਸਿੰਘ ਢਿਲੋਂ ਕੈਰੋਂ, ਜਿਨ੍ਹਾਂ ਅਸਲ ਸੱਕੇ ਭਰਾਵਾਂ ਵਾਲਾ ਪੱਖ ਪੂਰਿਆ। ਹਰ ਸਮੇਂ ਸੰਭਵ ਸਹਾਇਤਾ ਲਈ ਸਦਾ ਤਤਪਰ ਨਜ਼ਰ ਆਏ।

ਭਾਈ ਤਾਰੂ ਸਿੰਘ ਜੀ ਪੂਹਲਾ ਬਾਰੇ ਬਾਰੀਕੀ ਵਿਚ ਜਾ ਕੇ ਜਾਣਕਾਰੀ ਹਾਸਲ ਕਰਨ ਲਈ ਪੂਹਲੇ ਵਾਸੀ ਸ: ਕੁੰਦਨ ਸਿੰਘ ਨੂੰ ਕਣਕ ਵਢਦਿਆਂ ਹਟਾ ਕੇ ਪਿੰਡੋਂ ਵਹੀਆਂ ਲਿਆਉਣ ਲਈ ਬੇਨਤੀ ਕੀਤੀ। ਉਸ ਦੇ ਕੰਮ ਦਾ ਹਰਜ ਨਾ ਹੋਵੇ, ਮੈਂ ਉਸ ਦੇ ਥਾਂ ਕਣਕ ਵਢਣ ਲਈ ਦਾਤਰੀ ਫੜ ਲਈ ਤਾਂ ਸ: ਜਗੀਰ ਸਿੰਘ, ਜੋ ਉਸ ਸਮੇਂ ਮੇਰੇ ਸਾਥ ਸੀ, ਮੇਰੇ ਨਾਲ ਹੀ ਕਣਕ ਵਢਣ ਲਈ ਬੈਠ ਗਿਆ। ਸ: ਕੁੰਦਨ ਸਿੰਘ ਦਾ ਦਿਲ ਭਰ ਆਇਆ ਤੇ ਉਸ ਨੇ ਸਾਨੂੰ ਰੋਕ ਦਿੱਤਾ। ਪ੍ਰੇਮ ਦਾ ਬੱਧਾ ਸਾਡੇ ਨਾਲ ਪਿੰਡ ਨੂੰ ਹੋ ਤੁਰਿਆ।

ਮੇਰੇ ਪਾਸ ਸ਼ਬਦ ਨਹੀਂ ਕਿ ਇਨ੍ਹਾਂ ਦਾ ਧੰਨਵਾਦ ਕਰ ਸਕਾਂ। ਤੁਹਾਡੇ ਅਹਿਸਾਨ ਸਦਾ ਮੇਰੀ ਗਰਦਨ 'ਤੇ ਰਹਿਣਗੇ। ਮੇਰੇ ਹੋਣ ਵਾਲੇ ਇਕ ਮੇਜਰ ਉਪਰੇਸ਼ਨ ਨੂੰ ਟਾਲ ਕੇ ਦੁਆਈਆਂ ਰਾਹੀਂ ਹੀ ਨੁਕਸ ਦੂਰ ਕਰਨ ਲਈ ਸ: ਸਤਿਨਾਮ ਸਿੰਘ ਨੇ ਜੋ ਕੋਸ਼ਿਸ਼ਾਂ ਕੀਤੀਆਂ, ਭਾਵੇਂ ਫਿਰ ਵੀ ਗੱਲ ਉਪਰੇਸ਼ਨ ਕਰਾਉਣ ਨਾਲ ਹੀ ਨਿਬੜੀ, ਮੇਰੀ ਯਾਦਾਸ਼ਤ ਦੀ ਪੱਟੀ 'ਤੇ ਸਦਾ ਅੰਕਤ ਰਹਿਣਗੀਆਂ।

ਪਿਤਾ ਸਮਾਨ ਭਾਈ ਸੇਵਾ ਸਿੰਘ ਜੀ ਮੈਨੂੰ ਉਤਸ਼ਾਹਤ ਕਰਨ ਲਈ ਸਦਾ ਹੀ ਪ੍ਰੇਰਨਾ ਦਾ ਸ੍ਰੋਤ ਬਣੇ ਰਹੇ, ਜਿਨ੍ਹਾਂ ਦਾ ਸਿਖ ਇਤਿਹਾਸ ਨਾਲ ਪ੍ਰੇਮ ਕਿਸੇ ਵੀ ਪੈਮਾਨੇ ਨਾਲ ਮਿਣਿਆ ਨਹੀਂ ਜਾ ਸਕਦਾ। ਨਿੱਕੇ ਜਿਹੇ ਸਰੀਰ ਵਿਚ ਈਸ਼ਵਰ ਨੇ ਏਨੀ ਸ਼ਕਤੀ ਤੇ ਹੌਸਲਾ ਭਰ ਦਿੱਤਾ ਹੈ ਕਿ ਕਾਦਿਰ ਦੀ ਕੁਦਰਤ ਅਗੇ ਸਿਰ ਝੁਕਾਇਆਂ ਹੀ ਗੱਲ ਬਣਦੀ ਹੈ।

ਮੇਰੇ ਵਲੋਂ ਇਹ ਨਿਗੂਣ ਜਿਹਾ ਢੋਆ ਜੇ ਮੇਰੇ ਸੁਹਿਰਦ ਪਾਠਕਾਂ ਨੇ ਕਬੂਲ ਕਰ ਲਿਆ ਤਾਂ ਬਹੁਤ ਜਲਦੀ ਖ਼ਾਲਸਾ ਜੀ ਦੀ ਅਹਿਮਦ ਸ਼ਾਹ ਅਬਦਾਲੀ ਨਾਲ ਹੋਈ ਟੱਕਰ ਦਾ ਲੇਖ ਚੁਕਾਉਣ ਦਾ ਸਾਹਸ ਕਰਾਂਗਾ।

ਚੂਸਲੇਵੜ੍ਹ-੧੪੩ ੩੦੪ **ਸਵਰਨ ਸਿੰਘ**
ਬਰਾਸਤਾ ਕੱਚਾ ਪੱਕਾ, ੧੪-੧੨-੯੬
ਤਹਿ: ਪੱਟੀ (ਅੰਮ੍ਰਿਤਸਰ)

ਪੁਸਤਕ ਬਾਰੇ

ਜ਼ੁਲਮੀ ਮੁਗ਼ਲ ਰਾਜ ਵਲੋਂ ਸਿੱਖਾਂ ਦੀ ਅਲਖ ਮੁਕਾਉਣ ਲਈ ਜੋ ਅੱਤ ਦੇ ਕਹਿਰ ਢਾਹੇ ਗਏ, ਅੰਮ੍ਰਿਤ-ਸਰੋਵਰ ਤੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਸੇ ਰੰਘੜ ਰਾਹੀਂ ਜੋ ਕਹਿਰਾਂ ਦੀ ਬੇਅਦਬੀ ਕੀਤੀ ਗਈ ਅਤੇ ਮੱਸੇ ਨੂੰ ਮੰਦੀ ਕਰਤੂਤ ਦਾ ਜੋ ਫਲ ਸਿੰਘਾਂ ਵਲੋਂ ਦਿੱਤਾ ਗਿਆ, ਉਸ ਦਾ ਵਿਸਥਾਰ ਸਹਿਤ ਬਿਆਨ ਇਸ ਪੁਸਤਕ ਵਿਚ ਹੈ, ਜਿਸ ਦਾ ਸਾਰੰਸ਼ ਇਉਂ ਹੈ:

ਦਸਮ ਪਾਤਸ਼ਾਹ ਦਾ ਸਾਜਿਆ ਨਿਵਾਜਿਆ ਖ਼ਾਲਸਾ ਜ਼ਾਲਮ ਮੁਗ਼ਲ ਰਾਜ ਸਮੇਂ ਅਜਿਹਾ ਨਖਿੱਧ ਜੀਵਨ ਕਦਾਚਿਤ ਨਹੀਂ ਜੀਅ ਸਕਦਾ ਸੀ, ਜਿਹਾ ਸਾਹਸ-ਹੀਣ ਤੇ ਬੇ-ਅਣਖਾ ਜੀਵਨ, ਉਸ ਸਮੇਂ ਹਿੰਦੂ ਕੌਮ ਬਿਤਾਅ ਰਹੀ ਸੀ। ਖ਼ਾਲਸਾ ਦੇਸ਼ ਤੇ ਧਰਮ ਦੀ ਆਜ਼ਾਦੀ ਲਈ ਇਕ ਅਕਾਲ ਪੁਰਖ ਦੇ ਭੈ ਵਿਚ ਨਿਰਭਉ ਵਿਚਰਦਾ ਰਿਹਾ। ਮੁਗ਼ਲ ਹਕੂਮਤ ਸਿੰਘਾਂ ਦੀ ਇਸ ਚਣੌਤੀ ਨੂੰ ਵੰਗਾਰ ਵੰਗਾਰ ਕੇ ਅਕਹਿ ਤੇ ਅਸਹਿ ਜ਼ੁਲਮ ਕਰਦੀ ਰਹੀ, ਸਿੰਘ ਹੱਸ ਹੱਸ ਕੇ ਜਾਨਾਂ ਵਾਰਦੇ ਰਹੇ ਅਤੇ ਮੁਸੀਬਤਾਂ ਦੇ ਤੂਫ਼ਾਨ ਵਿਚ ਚਟਾਨ ਵਾਂਗ ਅਹਿਲ ਤੇ ਅਡੋਲ ਰਹੇ, ਧਰਮ ਨਹੀਂ ਹਾਰਿਆ ਤੇ ਨਾ ਹੀ ਜ਼ਾਲਮ ਹਕੂਮਤ ਦੀ ਕੋਈ ਟੈਂ ਮੰਨੀ।

ਜਦ ਬੰਦਾ ਸਿੰਘ ਬਹਾਦਰ ਲੋਹਗੜ੍ਹ ਕਿਲ੍ਹੇ ਵਿਚੋਂ ਬਹੁਤ ਭਾਰੀ ਸ਼ਾਹੀ ਲਸ਼ਕਰ ਦਾ ਘੇਰਾ ਹੁੰਦਿਆਂ ਲੜਦਾ-ਭਿੜਦਾ ਤੇ ਕਟ-ਵਢ ਕਰਦਾ ਨਿਕਲ ਗਿਆ ਤਾਂ ਬਾਦਸ਼ਾਹ ਬਹਾਦਰ ਸ਼ਾਹ ਬੁਖ਼ਲਾ ਉਠਿਆ ਅਤੇ ਕ੍ਰੋਧ-ਵਸ ਹੋ ਕੇ ਸਿੱਖਾਂ ਦੀ ਇਕ-ਵਢਿਓਂ ਕਤਲਾਮ ਦਾ ਫ਼ਰਮਾਨ ਜਾਰੀ ਕੀਤਾ। ਸਿੱਖਾਂ ਦੀ ਕਤਲਾਮ ਦਾ ਦੂਜਾ ਫ਼ਰਮਾਨ ਫ਼ਰਖ਼ਸੀਅਰ ਬਾਦਸ਼ਾਹ ਨੇ, ਬੰਦਾ ਸਿੰਘ ਨੂੰ ਸਾਥੀਆਂ ਸਮੇਤ ਕਤਲ ਕਰਨ ਪਿਛੋਂ ਜਾਰੀ ਕੀਤਾ। ਇਨ੍ਹਾਂ ਫ਼ਰਮਾਨਾਂ ਦੀ ਆੜ ਵਿਚ ਸਿੱਖਾਂ ਉਤੇ ਬਿਪਤਾ ਦੇ ਪਹਾੜ ਟੁਟਦੇ ਰਹੇ।

ਪਹਿਲਾਂ ਅਬਦੁੱ-ਸਮੱਦ ਖ਼ਾਨ ਨੇ ਸਿੱਖਾਂ ਦੀ ਮੁਕੰਮਲ ਤਬਾਹੀ ਲਈ ਬੜੇ ਕਹਿਰ ਢਾਹੇ। ਫਿਰ ਜ਼ਕਰੀਆ ਖ਼ਾਨ ਨੇ ਵੀ ਅੱਤ ਭਿਆਨਕ ਜ਼ੁਲਮ ਕੀਤੇ। ਸਿਖ ਘਰ-ਘਾਟ ਛੱਡ ਕੇ ਰਾਵੀ ਦੇ ਝਲਾਂ, ਕਾਹਨੂੰਵਾਨ ਦੇ ਛੰਭਾਂ, ਅਨੰਦਪੁਰ ਸਾਹਿਬ ਦੀਆਂ ਖੱਡਾਂ, ਲੱਖੀ ਜੰਗਲ ਅਤੇ ਬੀਕਾਨੇਰ ਦੇ ਰੇਤਲੇ ਜੰਗਲਾਂ ਵਲ ਨਿਕਲ ਗਏ। ਬੀਕਾਨੇਰ ਤੇ ਜੈਪੁਰ ਦੇ

ਰਾਜਿਆਂ ਨੇ ਸੂਰਬੀਰ ਸਿੰਘਾਂ ਦੇ ਬਹਾਦਰੀ ਦੇ ਜੌਹਰ ਦੇਖ ਕੇ ਇਨ੍ਹਾਂ ਨੂੰ ਸਰਕਾਰੀ ਅਹੁਦੇ ਦਿਤੇ ਅਤੇ ਬੁੱਢਾ ਜੌਹੜ ਦਾ ਜੰਗਲੀ ਇਲਾਕਾ ਸਿੰਘਾਂ ਨੂੰ ਅਜ਼ਾਦ ਵਿਚਰਨ ਲਈ ਦੇ ਦਿੱਤਾ। ਫਿਰ ਵੀ ਪੰਜਾਬ ਵਿਚ ਰਹਿ ਗਏ ਸਿਰਲੱਥ ਰਾਠ ਸਿੰਘ ਗਸ਼ਤੀ ਫ਼ੌਜਾਂ, ਚੌਧਰੀਆਂ ਤੇ ਚੁਗਲਾਂ ਨੂੰ ਵਖਤ ਪਾਈ ਰੱਖਦੇ ਅਤੇ ਸਰਕਾਰੀ ਖ਼ਜ਼ਾਨੇ ਤੇ ਕਾਫ਼ਲੇ ਲੁਟੀਂਦੇ ਹੀ ਰਹੇ।

ਜ਼ਕਰੀਆ ਖ਼ਾਨ ਨੇ ਨਵੇਂ ਸਿਰਿਓਂ ਗਸ਼ਤੀ ਫ਼ੌਜ ਨੂੰ ਲਾਮਬੰਦ ਕੀਤਾ ਅਤੇ ਸੂਹੀਆਂ ਦੀ ਵੀ ਤਕੜੀ ਕਰੜਾਈ ਕੀਤੀ। ਬੇਦੋਸ਼ੇ ਧਰਮੀ ਸਿੱਖਾਂ ਨੂੰ ਫੜ ਫੜ ਕੇ ਲਾਹੌਰ ਨਖ਼ਾਸ ਮੰਡੀ ਵਿਚ ਲਿਆਂਦਾ ਜਾਂਦਾ ਅਤੇ ਚੌਰਾਹੇ ਵਿਚ ਬੜੀ ਬੇਕਿਰਕੀ ਨਾਲ ਭਿਆਨਕ ਤਸੀਹੇ ਦੇ ਦੇ ਕੇ ਮਾਰਿਆ ਜਾਂਦਾ। ਰਾਠ ਸਿੰਘਾਂ ਦੇ ਟਿਕਾਣੇ ਜੰਗਲ, ਝਲਾਂ, ਬੇਲੇ ਵੱਢੇ ਜਾਂ ਸਾੜੇ ਜਾਂਦੇ। ਖ਼ਾਲਸਾ ਇਨ੍ਹਾਂ ਮੁਸੀਬਤਾਂ ਸਮੇਂ ਵੀ ਰਤਾ ਨਾ ਡੋਲਿਆ, ਸਗੋਂ ਦੁਖਾਂ ਨੂੰ ਵੀ ਚੜ੍ਹਦੀ ਕਲਾ ਦੇ ਬੋਲਿਆਂ ਵਿਚ ਬਦਲ ਦਿੱਤਾ।

ਹੁਣ ਸਿੰਘਾਂ ਨੇ ਜੰਗਲਾਂ ਬੇਲਿਆਂ ਵਿਚ ਇਕੱਠੇ ਵਿਚਰਨ ਦੀ ਥਾਂ ਖਿਲਰ ਕੇ ਵਿਚਰਨਾ ਚੰਗਾ ਸਮਝਿਆ, ਤਾਂਕਿ ਬਹੁਤੀ ਥਾਈਂ ਛਾਪੇ ਮਾਰ ਕੇ ਗਸ਼ਤੀ ਫ਼ੌਜਾਂ ਤੇ ਸਰਕਾਰ ਨੂੰ ਪ੍ਰੇਸ਼ਾਨ ਕੀਤਾ ਜਾ ਸਕੇ। ਸਿੰਘਾਂ ਨੇ ਆਪਣੇ ਆਪ ਨੂੰ 'ਬੁੱਢਾ ਦਲ' ਅਤੇ 'ਤਰੁਣਾ ਦਲ' ਵਿਚ ਵੰਡ ਦਿੱਤਾ। ਦੋਵੇਂ ਦਲ ਰਲ ਕੇ 'ਦਲ ਖ਼ਾਲਸਾ' ਅਖਵਾਂਦੇ ਸਨ। ਤਰੁਣਾ ਦਲ ਦੀ ਗਿਣਤੀ ਇੰਨੀ ਵੱਧ ਗਈ ਸੀ ਕਿ ਉਨ੍ਹਾਂ ਨੂੰ ਪੰਜ ਜਥੇਦਾਰਾਂ ਦੀ ਸਪੁਰਦਗੀ ਵਿਚ ਵੰਡਿਆ ਗਿਆ। ਤਰੁਣਾ ਦਲ ਦੇ ਨੌਜੁਆਨ ਸੈਆਂ ਕ਼ੋਹਾਂ ਦੀਆਂ ਮੰਜ਼ਲਾਂ ਮਾਰ ਕੇ ਵੀ ਗਸ਼ਤੀ ਫ਼ੌਜਾਂ ਦੀ ਸੁਖ-ਸਾਂਦ ਪੁਛ ਆਂਦੇ, ਆਂਦੇ ਜਾਂਦੇ ਸਰਕਾਰੀ ਖ਼ਜ਼ਾਨਿਆਂ 'ਤੇ ਹਥ ਫੇਰਦੇ, ਘੋੜਿਆਂ ਦੇ ਕਾਫ਼ਲੇ ਲੁਟਦੇ ਅਤੇ ਮੁਗ਼ਲ ਫ਼ੌਜਾਂ ਨਾਲ ਝੜਪਾਂ ਲੈਂਦੇ ਰਹੇ। 'ਦਲ ਖ਼ਾਲਸਾ' ਨੇ ਸਤਲੁਜ ਪਾਰ ਮਾਲਵੇ ਤਕ ਦਾ ਸਾਰਾ ਮਾਮਲਾ ਉਗਰਾਹ ਲਿਆ। ਸਰਕਾਰੀ ਪ੍ਰਬੰਧ ਕੇਵਲ ਲਾਹੌਰ ਦੀਆਂ ਕੰਧਾਂ ਤਕ ਹੀ ਸੀਮਤ ਰਹਿ ਗਿਆ।

ਅੰਤ ਤੰਗ ਆ ਕੇ ਸੂਬੇਦਾਰ ਨੇ ਦਿੱਲੀ ਦਰਬਾਰ ਨੂੰ ਵਾਸਤਾ ਪਾ ਕੇ ਦਿੱਲੀ ਤੋਂ ਭਾਰੀ ਫ਼ੌਜ ਮੰਗਵਾਈ। ਇਸ ਸਮੇਂ 'ਦਲ ਖ਼ਾਲਸਾ' ਕਈ ਥਾਈਂ ਝੜਪਾਂ ਮਾਰ ਕੇ ਆਉਂਦੀ ਫ਼ੌਜ ਦੀ ਗਤ ਬਣਾਉਂਦਾ ਰਿਹਾ। ਜਦੋਂ ਲਾਹੌਰ ਦੀਆਂ ਗਸ਼ਤੀ ਫ਼ੌਜਾਂ ਨਾਲ ਰਲ ਗਈਆਂ ਅਤੇ ਸੂਹੀਆਂ ਦੀ ਅਗਵਾਈ ਸ਼ਾਹੀ ਫ਼ੌਜ ਨੂੰ ਮਿਲਣ ਲਗ ਪਈ ਤਾਂ ਰਾਠ ਸਿੰਘ ਜੰਗਲਾਂ ਬੇਲਿਆਂ ਨੂੰ ਨਿਕਲ ਗਏ। ਤਿੰਨ ਮਹੀਨਿਆਂ ਪਿਛੋਂ ਆਪਣੇ ਵਲੋਂ ਸਾਰੇ ਸਿੱਖਾਂ ਨੂੰ ਮੁਕਾਅ ਕੇ ਫ਼ੌਜ ਵਾਪਸ ਮੁੜ ਗਈ। ਥੋੜੇ ਸਮੇਂ ਬਾਅਦ ਹੀ ਸਿੰਘਾਂ ਫਿਰ ਆ ਕੇ ਕਰਾਰੇ ਹੱਥ ਵਿਖਾਣੇ ਸ਼ੁਰੂ ਕਰ ਦਿੱਤੇ। ਪੰਜਾਬ ਤੋਂ ਬਿਨਾਂ ਮਾਲਵਾ ਵੀ ਸਿੰਘਾਂ ਦੀ ਮਾਰ ਥੱਲੇ ਆ ਗਿਆ ਸੀ।

ਜ਼ਕਰੀਆ ਖ਼ਾਨ ਇਤਨਾ ਪ੍ਰੇਸ਼ਾਨ ਹੋਇਆ ਕਿ ਅੰਤ ਕੋਈ ਚਾਰਾ ਨਾ ਚਲਦਾ ਵੇਖ ਕੇ ਸਿੰਘਾਂ ਨਾਲ ਸੁਲਹ ਦਾ ਰਾਹ ਅਖ਼ਤਿਆਰ ਕੀਤਾ ਅਤੇ ਬਾਦਸ਼ਾਹ ਪਾਸੋਂ ਸਿੰਘਾਂ

ਨੂੰ ਨਵਾਬੀ ਤੇ ਜਾਗੀਰ ਦਿਵਾਈ। ਉਸ ਦਾ ਨਿਸ਼ਾਨਾ ਇਹ ਸੀ ਕਿ ਇਸ ਜਾਗੀਰ ਕਾਰਨ ਸਿੰਘਾਂ ਵਿਚ ਫੁੱਟ ਪਵੇਗੀ, ਇਸ ਤਰ੍ਹਾਂ ਕਮਜ਼ੋਰ ਹੋਣ 'ਤੇ ਉਨ੍ਹਾਂ ਨੂੰ ਛੇਤੀ ਬਰਬਾਦ ਕੀਤਾ ਜਾ ਸਕੇਗਾ। ਪਰ ਸਿੰਘਾਂ ਦੀ ਏਕਤਾ ਅਤੇ ਭਰਾਤ੍ਰੀ ਪਿਆਰ ਨੂੰ ਉਹ ਕੋਈ ਠੇਸ ਨਾ ਪਹੁੰਚਾ ਸਕਿਆ। ਜ਼ਕਰੀਆ ਖ਼ਾਨ ਦੀ ਨੀਅਤ ਫਿਰ ਬਦਲ ਗਈ ਅਤੇ ਜਾਗੀਰ ਜ਼ਬਤ ਕਰ ਕੇ ਸਿੱਖਾਂ ਦਾ ਨਾਸ ਕਰਨ ਲਈ ਗਸ਼ਤੀ ਫ਼ੌਜਾਂ ਦਾ ਜਾਲ ਵਿਛਾ ਦਿੱਤਾ। ਖਿੰਡਰਿਆ ਪੁੰਡਰਿਆ 'ਖ਼ਾਲਸਾ ਦਲ' ਇਕੱਠਾ ਹੋਇਆ ਅਤੇ ਗਸ਼ਤੀ ਫ਼ੌਜਾਂ ਨੂੰ ਆ ਟਕਰਿਆ ਤੇ ਲਾਹੌਰ ਲਾਗੇ ਹੀ ਫ਼ੌਜ ਨੂੰ ਤਕੜੀ ਹਾਰ ਦਿੱਤੀ। ਗਸ਼ਤੀ ਫ਼ੌਜ ਦੀ ਇਹ ਦੁਰਦਸ਼ਾ ਹੁੰਦੀ ਵੇਖ ਕੇ ਖ਼ਾਨ ਬਹਾਦਰ ਦੀ ਨੀਂਦ ਹਰਾਮ ਹੋ ਗਈ। ਅੰਤ ਉਸ ਨੂੰ ਕਾਜ਼ੀਆਂ, ਮੌਲਵੀਆਂ, ਮੁਲਾਣਿਆਂ ਨੇ ਮਸ਼ਵਰਾ ਦਿੱਤਾ ਕਿ ਸਿੰਘਾਂ ਨੂੰ ਆਬੇ-ਹਯਾਤ ਦੇਣ ਵਾਲਾ ਅੰਮ੍ਰਿਤ-ਸਰੋਵਰ ਹੈ, ਜਿਸ ਵਿਚ ਨਹਾ ਕੇ ਤੇ ਪੀ ਕੇ ਇਹ ਇਤਨੇ ਦਲੇਰ, ਨਿਡਰ ਤੇ ਬਲਵਾਨ ਹੋ ਜਾਂਦੇ ਹਨ ਕਿ ਮੌਤ ਨੂੰ ਉਹ ਕੁਝ ਸਮਝਦੇ ਹੀ ਨਹੀਂ। ਝਟ ਸਰੋਵਰ ਦੁਆਲੇ ਫ਼ੌਜ ਦੇ ਸਖ਼ਤ ਪਹਿਰੇ ਲਗਾ ਦਿੱਤੇ ਗਏ। ਪਰ ਸਿੰਘ ਸਖ਼ਤ ਪਹਿਰਿਆਂ ਵਿਚ ਵੀ ਘੋੜੇ ਦੁੜਾਂਦੇ ਆਂਦੇ ਅਤੇ ਅੱਖ ਦੇ ਫੋਰ ਵਿਚ ਇਸ਼ਨਾਨ ਕਰ ਕੇ ਲਲਕਾਰੇ ਮਾਰਦੇ ਨਿਕਲ ਜਾਂਦੇ।

ਮਾਤਾ ਸੁੰਦਰੀ ਜੀ ਨੇ ਤੱਤ ਖ਼ਾਲਸਾ ਤੇ ਬੰਦਈ ਖ਼ਾਲਸਾ ਦੇ ਮਤ-ਭੇਦ ਆਦਿ ਦੂਰ ਕਰਨ ਲਈ ਭਾਈ ਮਨੀ ਸਿੰਘ ਜੀ ਨੂੰ ਅੰਮ੍ਰਿਤਸਰ ਭੇਜ ਦਿੱਤਾ। ਭਾਈ ਸਾਹਿਬ ਸ਼ਹੀਦ ਹੋਣ ਤਕ ਕਥਾ ਕੀਰਤਨ ਅਤੇ ਅੰਮ੍ਰਿਤ-ਸਿੰਚਾਰ ਦੀ ਸੇਵਾ ਵਿਚ ਜੁਟੇ ਰਹੇ ਅਤੇ ਸਿੰਘਾਂ ਨੂੰ ਧਾਰਮਿਕ ਅਗਵਾਈ ਦੇਂਦੇ ਰਹੇ। ਮਿਲਾਪੜੇ ਸੁਭਾਅ, ਮਿੱਠੇ ਬਚਨਾਂ ਅਤੇ ਮੇਰ ਤੇਰ ਰਹਿਤ ਹੋਣ ਕਰਕੇ ਕਈ ਹਿੰਦੂ ਉਦਾਸੀ ਸਾਧੂ ਅਤੇ ਮੁਸਲਮਾਨ ਸੂਫ਼ੀ ਫ਼ਕੀਰ ਇਨ੍ਹਾਂ ਪਾਸ ਟਿਕੇ ਹੋਏ ਸਨ। ਹਰ ਕੋਈ ਇਨ੍ਹਾਂ ਨੂੰ ਪਿਆਰ ਕਰਦਾ। ਅੱਤ ਕਹਿਰ ਦੇ ਸਮੇਂ ਵੀ ਉਹ ਸੂਫ਼ੀ ਵੇਸ ਵਿਚ ਉਥੇ ਟਿਕੇ ਰਹੇ। ਕਿਸੇ ਨੂੰ ਉਨ੍ਹਾਂ 'ਤੇ ਸ਼ੱਕ ਨਾ ਪਿਆ। ਸਰੋਵਰ ਦੇ ਪਹਿਰੇ ਦਾ ਮੁਖੀ ਪ੍ਰਬੰਧਕ ਕਾਜ਼ੀ ਅਬਦੁੱ-ਰਜ਼ਾਕ ਵੀ ਆਪ ਦਾ ਸਤਿਕਾਰ ਕਰਦਾ ਸੀ। ਭਾਈ ਸਾਹਿਬ ਨੇ ਕਾਜ਼ੀ ਰਾਹੀਂ ਰਸਾਈ ਕਰ ਕੇ ਸਿੰਘਾਂ ਨੂੰ ਅੰਮ੍ਰਿਤਸਰ ਵਿਚ ਅਮਨ ਅਮਾਨ ਨਾਲ ਦੀਵਾਲੀ ਮਨਾਣ ਲਈ ਲਾਹੌਰੋਂ ਇਜਾਜ਼ਤ ਲੈ ਲਈ ਅਤੇ ਮੇਲੇ ਦੀ ਆਮਦਨ ਵਿਚੋਂ ਦਸ ਹਜ਼ਾਰ ਰੁਪਏ ਟੈਕਸ ਦੇਣਾ ਮੰਨ ਲਿਆ। ਪਰ ਜ਼ਕਰੀਆ ਖ਼ਾਨ ਦੀ ਨੀਅਤ ਬਦ ਹੋ ਗਈ ਅਤੇ ਸੁਰੱਖਿਆ ਦੇ ਬਹਾਨੇ ਤਕੜੀ ਫ਼ੌਜ ਸਿੰਘਾਂ ਨੂੰ ਤਹਿ-ਤੇਗ਼ ਕਰਨ ਲਈ ਭੇਜ ਦਿੱਤੀ। ਭਾਈ ਸਾਹਿਬ ਵਲੋਂ ਸਿੰਘਾਂ ਨੂੰ ਅੰਮ੍ਰਿਤਸਰ ਆਉਣ ਤੋਂ ਰੋਕ ਦਿੱਤਾ ਗਿਆ। ਨਾ ਸਿੰਘ ਆਏ, ਨਾ ਮੇਲਾ ਲਗਿਆ, ਨਾ ਚੜ੍ਹਾਵਾ ਚੜ੍ਹਿਆ ਤੇ ਨਾ ਟੈਕਸ ਤਰ ਸਕਿਆ। ਟੈਕਸ ਨਾ ਤਾਰਨ ਕਾਰਨ ਭਾਈ ਸਾਹਿਬ ਨੂੰ ਨਖ਼ਾਸ ਬਜ਼ਾਰ ਲਾਹੌਰ ਵਿਚ ਬੰਦ ਬੰਦ ਕਟ ਕੇ ਸ਼ਹੀਦ ਕੀਤਾ ਗਿਆ।

ਇਹ ਖ਼ਬਰ ਸੁਣ ਕੇ ਸਿੰਘਾਂ ਦਾ ਖ਼ੂਨ ਉਬਲ ਉਠਿਆ। ਉਹ ਝਟ ਆ ਗਰਜੇ ਅਤੇ ਫੜਾਉਣ ਵਾਲੇ ਕਾਜ਼ੀ ਤੇ ਫ਼ਤਵਾ ਦੇਣ ਵਾਲੇ ਮੁਫ਼ਤੀ ਅਤੇ ਜ਼ਾਲਮ ਅਫ਼ਸਰਾਂ ਤੇ ਚੁਗ਼ਲਾਂ ਚੌਧਰੀਆਂ ਆਦਿ ਨੂੰ ਸੋਧਾ ਚਾੜ੍ਹ ਕੇ ਛਪਨ ਹੋ ਗਏ। ਅਫੜਾ ਤਫੜੀ ਮੱਚ ਗਈ। ਖ਼ਾਨ ਬਹਾਦਰ ਨੇ ਗਸ਼ਤੀ ਫ਼ੌਜਾਂ ਦੇ ਨਾਲ ਹੋਰ ਫ਼ੌਜ ਮਗਰ ਪਾ ਦਿੱਤੀ। ਸਿੰਘਾਂ ਜੰਗਲਾਂ ਬੇਲਿਆਂ, ਛੰਭਾਂ ਤੇ ਪਹਾੜਾਂ ਵਿਚ ਜਾ ਡੇਰੇ ਲਾਏ। ਇਨ੍ਹੀਂ ਦਿਨੀਂ ਕੁਤਬੁੱਦੀਨ ਜਲੰਧਰੀਏ ਨੇ ਕਰਤਾਰਪੁਰ ਵਿਖੇ ਥੰਮ੍ਹ ਸਾਹਿਬ ਗੁਰਦੁਆਰਾ ਸਾੜ ਦਿੱਤਾ। ਸਿੰਘਾਂ ਨੇ ਉਸ ਨੂੰ ਫੜ ਕੇ ਜੀਊਂਦੇ ਨੂੰ ਥੰਮ੍ਹ ਸਾਹਿਬ ਵਾਲੀ ਥਾਂ 'ਤੇ ਲਿਜਾ ਕੇ ਸਾੜ ਦਿੱਤਾ। ਏਸੇ ਸਮੇਂ ਨਾਦਰ ਸ਼ਾਹ ਨੇ ਤਕੜੇ ਲਸ਼ਕਰ ਨਾਲ ਲਾਹੌਰ ਜਿੱਤ ਕੇ ਦਿੱਲੀ ਜਾ ਮਾਰੀ, ਕਤਲੇ-ਆਮ ਕੀਤੀ ਅਤੇ ਸਭ ਕੁਝ ਲੁਟ-ਲੁਟਾ ਕੇ ਬੰਦੀ ਬਣਾਏ ਮੁੰਡੇ ਕੁੜੀਆਂ ਸਮੇਤ ਮੁੜਿਆ ਤਾਂ ਸਿੰਘਾਂ ਨੇ ਥਾਂ-ਥਾਂ ਛਾਪੇ ਮਾਰ ਕੇ ਉਸ ਦਾ ਕਾਫ਼ੀ ਮਾਲ-ਮੱਤਾ ਖੋਹ ਲਿਆ ਤੇ ਬੰਦੀ ਛੁੜਾ ਲਏ। ਨਾਦਰ ਸ਼ਾਹ ਸਿੰਘਾਂ ਦੇ ਧਾੜਿਆਂ ਤੋਂ ਦੁਖੀ ਹੋ ਕੇ ਬਿਲਬਿਲਾ ਉਠਿਆ ਅਤੇ ਵਾਪਸੀ 'ਤੇ ਜ਼ਕਰੀਆ ਖ਼ਾਨ ਨੂੰ ਪੁੱਛਿਆ, ਇਹ ਕੌਣ ਹਨ ? ਇਨ੍ਹਾਂ ਨੂੰ ਮੇਟਣ ਲਈ ਉਨ੍ਹਾਂ ਦਾ ਅਤਾ-ਪਤਾ ਤੇ ਟਿਕਾਣਾ ਪੁੱਛਿਆ ਤਾਂ ਉਸ ਦਸਿਆ ਕਿ ਇਹ ਫ਼ਕੀਰਾਂ ਦਾ ਟੋਲਾ ਮਾਰਿਆਂ ਮੁਕਦਾ ਨਹੀਂ, ਇਨ੍ਹਾਂ ਦਾ ਟਿਕਾਣਾ ਘੋੜਿਆਂ ਦੀਆਂ ਕਾਠੀਆਂ ਹਨ। ਹਥਿਆਰ, ਘੋੜੇ, ਅਨਾਜ ਤੇ ਸ਼ਾਹੀ ਖ਼ਜ਼ਾਨੇ ਲੁੱਟ ਕੇ ਅੱਖ ਦੇ ਫੋਰ ਵਿਚ ਛਾਈਂ ਮਾਈਂ ਹੋ ਜਾਂਦੇ ਹਨ, ਟੋਲਿਆਂ ਲਭਦੇ ਨਹੀਂ। ਨਾਦਰ ਸ਼ਾਹ ਨੇ ਪੇਸ਼ੀਨਗੋਈ ਕਰਦਿਆਂ ਕਿਹਾ, ਇਨ੍ਹਾਂ ਤੋਂ ਡਰੋ, ਸਮਾਂ ਦੂਰ ਨਹੀਂ ਇਹ ਮੁਲਕ ਦੇ ਮਾਲਕ ਬਣ ਜਾਣਗੇ। ਤਕੜਾਈ ਨਾਲ ਇਨ੍ਹਾਂ ਨੂੰ ਖ਼ਤਮ ਕਰੋ।

ਖ਼ਾਨ ਬਹਾਦਰ ਨੇ ਕਸਰ ਤਾਂ ਪਹਿਲਾਂ ਹੀ ਕੋਈ ਨਹੀਂ ਸੀ ਛੱਡੀ ਹੋਈ, ਪਰ ਹੁਣ ਹੋਰ ਕਰੜਾਈ ਕੀਤੀ ਅਤੇ ਚੌਧਰੀਆਂ ਤੇ ਨੰਬਰਦਾਰਾਂ ਆਦਿ ਨੂੰ ਸੁਚੇਤ ਕੀਤਾ ਕਿ ਕੋਈ ਸਿਖ ਵੀ ਕਿਤੇ ਜੀਂਦਾ ਨਜ਼ਰ ਨਹੀਂ ਆਉਣਾ ਚਾਹੀਦਾ। ਸ੍ਰੀ ਅੰਮ੍ਰਿਤਸਰ ਮੱਸੇ ਰੰਘੜ ਦੀ ਚੌਧਰਾਇਤ ਵਿਚ ਸੀ। ਉਸ ਨੇ ਬਹੁਤ ਸਾਰੀ ਫ਼ੌਜ ਨਾਲ ਸ੍ਰੀ ਅੰਮ੍ਰਿਤਸਰ ਨੂੰ ਆ ਘੇਰਿਆ ਅਤੇ ਸਰੋਵਰ ਦੁਆਲੇ ਤਕੜੇ ਪਹਿਰੇ ਲਾ ਕੇ ਆਪਣਾ ਡੇਰਾ ਹਰਿਮੰਦਰ ਸਾਹਿਬ ਅੰਦਰ ਲਾ ਲਿਆ। ਅੰਦਰ ਵੇਸਵਾ ਦੇ ਨਾਚ, ਮੁਜਰੇ, ਭੰਡਾਂ ਦੀਆਂ ਨਕਲਾਂ ਨਾਲ ਸ਼ਰਾਬ ਦੇ ਦੌਰ ਚੱਲਣ ਲੱਗ ਪਏ। ਸਰੋਵਰ ਨੂੰ ਲਿੱਦ, ਮਲਬੇ ਤੇ ਡੰਗਰਾਂ ਦੇ ਹੱਡ ਚੰਮ ਸੁਟਵਾ ਕੇ ਪੂਰਨਾ ਸ਼ੁਰੂ ਕਰਵਾ ਦਿੱਤਾ। ਪੰਜਾਬ ਵਿਚੋਂ ਸਿੰਘ ਬੀਕਾਨੇਰ ਆਦਿ ਨੂੰ ਦੂਰ ਦੂਰ ਨਿਕਲ ਗਏ ਸਨ। ਕੋਈ ਵਿਰਲਾ-ਵਾਂਢਾ ਸਿੰਘ ਆਲੇ-ਦੁਆਲੇ ਦੇ ਬੇਲਿਆਂ ਵਿਚ ਲੁਕ ਕੇ ਦਿਨ-ਕਟੀ ਕਰ ਰਿਹਾ ਸੀ। ਅੰਮ੍ਰਿਤਸਰ-ਤਰਨਤਾਰਨ ਦੇ ਵਿਚਾਲੇ ਜੰਗਲ ਵਿਚ ਦੋ ਸਿੰਘ ਟਿਕੇ ਹੋਏ ਸਨ। ਇਹ ਖ਼ਬਰ ਸੁਣ ਕੇ ਉਹ ਤੜਫ ਉਠੇ ਅਤੇ ਦਿਨ ਰਾਤ ਇਕ ਕਰਕੇ ਬੀਕਾਨੇਰ ਬੁੱਢੇ ਜੌਹੜ ਪੁੱਜੇ। ਉਨ੍ਹਾਂ ਨੇ ਸਿੰਘਾਂ ਦੇ ਸਜੇ ਦੀਵਾਨ

ਵਿਚ ਰੱਤ ਦੇ ਹੰਝੂ ਕੇਰਦਿਆਂ ਅੰਮ੍ਰਿਤ-ਸਰੋਵਰ ਤੇ ਹਰਿਮੰਦਰ ਸਾਹਿਬ ਵਿਚ ਹੋ ਰਹੀ ਭਾਰੀ ਬੇਅਦਬੀ ਹੁੰਦੀ ਦਾ ਬਿਆਨ ਕੀਤਾ। ਸਿੰਘਾਂ ਦਾ ਖ਼ੂਨ ਖੌਲ ਉਠਿਆ। ਉਥੇ ਬੈਠੇ ਭਾਈ ਸੁਖਾ ਸਿੰਘ ਤੇ ਮਤਾਬ ਸਿੰਘ ਨੇ ਬੇਨਤੀ ਕੀਤੀ ਕਿ ਗੁਰੂ ਰੂਪ ਖ਼ਾਲਸਾ ਬਖ਼ਸ਼ਸ਼ ਕਰੇ ਤਾਂ ਉਹ ਦਸਾਂ ਦਿਨਾਂ ਵਿਚ ਮੱਸੇ ਦਾ ਸਿਰ ਵੱਢ ਕੇ ਇਥੇ ਹਾਜ਼ਰ ਕਰਨਗੇ ਜਾਂ ਸ਼ਹੀਦ ਹੋ ਜਾਣਗੇ।

ਮੱਸੇ ਨੂੰ ਸੋਧਣ ਲਈ ਦੋਵੇਂ ਸਿੰਘ ਭੇਸ ਵਟਾਅ ਕੇ ਪੂਰੀ ਤੇਜ਼ੀ ਨਾਲ ਗੁਰਦੁਆਰਾ ਸ਼ਹੀਦਾਂ ਲਾਗੇ ਆਣ ਪੁੱਜੇ। ਇਨ੍ਹਾਂ ਨੇ ਕੁਝ ਠੀਕਰੀਆਂ ਗੋਲ ਕਰ ਕੇ ਦੋ ਬੋਰੀਆਂ ਭਰ ਲਈਆਂ ਸਨ ਅਤੇ ਮਾਮਲਾ ਤਾਰਨ ਦੇ ਬਹਾਨੇ ਤੁਰੇ ਆਏ, ਕਿਸੇ ਨੂੰ ਸ਼ਕ ਨਾ ਪਿਆ। ਦੁਪਹਿਰੇ ਕੁਦਰਤ ਨੇ ਮਦਦ ਕੀਤੀ, ਕੁਝ ਹਨੇਰੀ-ਝਖੜ ਝੁਲਿਆ ਅਤੇ ਮਾਮੂਲੀ ਕਿਣ ਮਿਣ ਸ਼ੁਰੂ ਹੋ ਗਈ। ਮੂੰਹ-ਸਿਰ ਵਲ੍ਹੇਟੀ ਇਨ੍ਹਾਂ ਆਪਣੇ ਘੋੜੇ ਲਾਚੀ ਬੇਰੀ ਨਾਲ ਆਣ ਅੜਾਏ ਅਤੇ ਬੋਰੀਆਂ ਮੋਢਿਆਂ 'ਤੇ ਰੱਖ ਕੇ ਦਰਸ਼ਨੀ ਡਿਉਢੀ ਟਪ ਕੇ ਸ੍ਰੀ ਹਰਿਮੰਦਰ ਸਾਹਿਬ ਆਣ ਸੀਸ ਨਿਵਾਇਆ। ਬਾਹਰ ਸਰੋਵਰ ਮੁੰਦਣ ਅਤੇ ਪਰਕਰਮਾਂ ਵਿਚ ਗਊ-ਮਾਸ ਦੀਆਂ ਰਿਝਦੀਆਂ ਦੇਗਾਂ ਦੇ ਮੰਦੇ ਦ੍ਰਿਸ਼ ਵੇਖੇ ਸਨ, ਪਰ ਅੰਦਰ ਸ਼ਰਾਬ ਦੇ ਜਾਮ, ਕੰਜਰਾਂ ਦੀਆਂ ਢਾਣੀਆਂ ਅਤੇ ਵੇਸਵਾ ਦੇ ਮੁਜਰੇ ਵੇਖ ਕੇ ਸਿੰਘਾਂ ਦੀਆਂ ਅੱਖਾਂ ਵਿਚ ਖ਼ੂਨ ਉਤਰ ਆਇਆ। ਅੱਖ ਦੇ ਫੋਰ ਵਿਚ ਚੋਗਿਆਂ ਅੰਦਰ ਲੁਕਾਈਆਂ ਸ੍ਰੀ ਸਾਹਿਬਾਂ ਨਿਕਲੀਆਂ ਅਤੇ ਮੱਸੇ ਦਾ ਸਿਰ ਵੱਢ ਕੇ ਮਿੰਟਾਂ ਸਕਿੰਟਾਂ ਵਿਚ ਸਭਨਾਂ ਨੂੰ ਬਿਲੇ ਲਾ ਕੇ ਸਿੰਘ ਪਤਰਾ ਵਾਚ ਗਏ। ਪਹਿਰੇ ਲੱਗੇ ਲਗਾਏ ਰਹਿ ਗਏ। ਪਿੱਛਾ ਕਰ ਕੇ ਕੋਈ ਉਨ੍ਹਾਂ ਨੂੰ ਫੜ ਨਾ ਸਕਿਆ। ਦਸਵੇਂ ਦਿਨ ਸਿੰਘ ਬੁੱਢੇ ਜੌਹੜ ਮੱਸੇ ਦਾ ਸਿਰ ਲੈ ਕੇ ਜਾ ਹਾਜ਼ਰ ਹੋਏ। ਠੁੱਡੇ ਮਾਰ ਮਾਰ ਕੇ ਅੰਤ ਨੂੰ ਸਿਰ ਨੂੰ ਸਾੜ ਦਿੱਤਾ ਗਿਆ।

ਸਖ਼ਤ ਪਹਿਰਿਆਂ ਵਿਚ ਮੱਸੇ ਦੇ ਇਸ ਤਰ੍ਹਾਂ ਮਾਰੇ ਜਾਣ 'ਤੇ ਪੰਜਾਬ ਵਿਚ ਹੱਲ-ਚੱਲ ਮੱਚ ਗਈ। ਦਿੱਲੀ ਤੇ ਲਾਹੌਰ ਦੀਆਂ ਸਰਕਾਰਾਂ ਦੀ ਨਮੋਸ਼ੀ ਨੂੰ ਕੋਈ ਥਾਂ ਨਹੀਂ ਸੀ। ਖ਼ਾਨ ਬਹਾਦਰ ਨੇ ਚੌਧਰੀਆਂ ਤੇ ਤਲਕੇਦਾਰਾਂ ਦੀ ਬੁਰੀ ਦੁਰਦਸ਼ਾ ਕੀਤੀ। ਸੂਹ ਮਿਲਣ 'ਤੇ ਮਤਾਬ ਸਿੰਘ ਦੇ ਪਿੰਡ 'ਤੇ ਫ਼ੌਜ ਨੇ ਚੜ੍ਹਾਈ ਕੀਤੀ। ਭਾਈ ਮਤਾਬ ਸਿੰਘ ਬੀਕਾਨੇਰ ਜਾਂਦਾ ਆਪਣੇ ਪੁੱਤਰ ਰਾਏ ਸਿੰਘ ਦੀ ਬਾਂਹ ਨੱਥੇ ਨੰਬਰਦਾਰ ਨੂੰ ਫੜਾ ਗਿਆ ਸੀ। ਨੱਥਾ ਉਸ ਨੂੰ ਬਚਾਂਦਾ ਆਪਣੇ ਪੁੱਤਰ ਸਮੇਤ ਫ਼ੌਜ ਹੱਥੋਂ ਮਾਰਿਆ ਗਿਆ। ਰਾਏ ਸਿੰਘ ਨੂੰ ਵੀ ਉਹ ਆਪਣੇ ਵਲੋਂ ਮਾਰ ਕੇ ਸੁਟ ਗਏ, ਪਰ "ਜਿਸ ਰਾਮ ਰਾਖੇ ਤਿਸ ਕਉਨ ਮਾਰੇ" ਅਨੁਸਾਰ ਉਹ ਬਚ ਗਿਆ। ਵੱਡਾ ਹੋ ਕੇ ਬਾਪ ਵਾਂਗ ਪੰਥ ਦੀ ਸੇਵਾ ਕਰਦਾ ਰਿਹਾ। ਰਾਏ ਸਿੰਘ ਦਾ ਪੁੱਤਰ ਰਤਨ ਸਿੰਘ ਭੰਗੂ ਹੋਇਆ, ਜਿਸ ਨੇ *ਪ੍ਰਾਚੀਨ ਪੰਥ ਪ੍ਰਕਾਸ਼* ਗ੍ਰੰਥ ਲਿਖਿਆ ਹੈ।

ਸਿੱਖਾਂ ਦਾ ਨਾਮੋ-ਨਿਸ਼ਾਨ ਮਿਟਾਅ ਦੇਣ ਵਾਲੀ ਮੁਗ਼ਲ ਹਕੂਮਤ ਦੀ ਨੀਤੀ

ਮੱਸੇ ਰੰਘੜ[1] ਨੇ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੀ ਘੋਰ ਬੇਅਦਬੀ ਦਾ ਜੋ ਕੁਕਰਮ ਕੀਤਾ ਸੀ, ਇਹ ਭਾਵੇਂ ਉਸ ਦੇ ਤੁਅਸਬੀ ਜਨੂੰਨ ਦੀ ਹੀ ਇਕ ਘਿਨਾਉਣੀ ਤਸਵੀਰ ਸੀ, ਪਰ ਸੀ ਇਹ ਦਿੱਲੀ ਦੀ ਮੁਗ਼ਲ ਹਕੂਮਤ ਦੀ ਵਿਉਂਤ, ਜਿਸ ਦੀ ਪੂਰਤੀ ਦਾ ਹੁਕਮ ਦਿੱਲੀ ਵਲੋਂ ਖ਼ਾਨ ਬਹਾਦਰ ਨੂੰ ਆਇਆ ਸੀ।

ਅਬਦੁ-ਸਮੱਦ ਖ਼ਾਨ ਨੇ ਸਿੱਖਾਂ ਦੀ ਮੁਕੰਮਲ ਤਬਾਹੀ ਲਈ ਪੂਰਾ ਤਾਣ ਲਾਇਆ। ਫਿਰ ੧੭੨੬ ਈ: ਨੂੰ ਜ਼ਕਰੀਆ ਖ਼ਾਨ ਪੰਜਾਬ ਦਾ ਨਾਜ਼ਿਮ ਬਣਿਆ ਤਾਂ ਇਸ ਨੇ ਢਿਲ ਨਾ ਗੁਜ਼ਾਰੀ। ਸਿੱਖਾਂ ਉਤੇ ਸਖ਼ਤੀ ਕਰਨ ਵਿਚ ਇਹ ਆਪਣੇ ਪਿਉ ਨੂੰ ਵੀ ਪਿਛੇ ਛੱਡ ਗਿਆ। ਪਰ ਸਿਖ ਜਦ ਫਿਰ ਵੀ ਨਾ ਮੁੱਕੇ ਤਾਂ ਮੁਹੰਮਦ ਸ਼ਾਹ ਰੰਗੀਲੇ, ਦਿੱਲੀ ਦੇ ਬਾਦਸ਼ਾਹ ਤੋਂ ਸਿੱਖਾਂ ਨੂੰ ਨਵਾਬੀ ਤੇ ਜਾਗੀਰ ਦਿਵਾਈ। ਇਸ ਦਾ ਅੰਦਰ-ਖਾਤੇ ਮਤਲਬ ਇਹ ਸੀ ਕਿ ਇਸ ਨਾਲ ਸਿੱਖਾਂ ਵਿਚ ਫੁਟ ਪਵੇਗੀ, ਕਮਜ਼ੋਰ ਹੋਣਗੇ ਤੇ ਫਿਰ ਬਰਬਾਦ ਕਰਨੇ ਮੁਸ਼ਕਲ ਨਹੀਂ ਹੋਣਗੇ। ਜਦ ਇਹ ਤਦਬੀਰ ਵੀ ਕਾਰਗਰ ਨਾ ਹੋਈ ਤਾਂ ਜ਼ਕਰੀਆ ਖ਼ਾਨ ਨੇ ਦਿੱਲੀ ਹਕੂਮਤ ਨਾਲ ਮਸ਼ਵਰਾ ਕਰ ਕੇ ਦਿੱਤੀ ਹੋਈ ਜਾਗੀਰ ਦਾ ਅਹਿਦ ਤੋੜ ਕੇ, ਸਿੱਖਾਂ ਉਤੇ ਫਿਰ ਸਖ਼ਤੀ ਅਰੰਭ ਦਿਤੀ। ਇਸੇ ਸਮੇਂ ਭਾਈ ਮਨੀ ਸਿੰਘ ਨੂੰ ਲਾਹੌਰ ਸੱਦ ਕੇ ਸ਼ਹੀਦ ਕੀਤਾ ਗਿਆ। ਸਿੱਖਾਂ ਦੀ ਕਤਲਾਮ ਜਾਰੀ ਸੀ ਕਿ ਨਾਦਰ ਸ਼ਾਹ ੧੭੩੯ ਸ਼ੁਰੂ ਵਿਚ ਚੜ੍ਹ ਕੇ ਆ ਗਿਆ। ਜ਼ਕਰੀਆ ਖ਼ਾਨ ਨਾਦਰ ਸ਼ਾਹ ਤੋਂ ਬੁਰੀ ਤਰ੍ਹਾਂ

---

੧. ਮੱਸੇ ਦਾ ਨਾਉਂ ਮਸਾਹੁੱਦੀ ਖ਼ਾਨ ਸੀ। ਹੋ ਸਕਦੈ ਘਰ ਦੇ ਇਸਮ-ਏ ਸੱਗੀਰ (ਛੋਟਾ ਨਾਉਂ) ਵਜੋਂ ਮੱਸਾ ਕਹਿੰਦੇ ਸਨ, ਜਿਸ ਕਰਕੇ ਇਹੋ ਨਾਉਂ ਹੀ ਪ੍ਰਸਿੱਧ ਹੋਇਆ। ਸਿੰਘ ਘਿਰਣਾ ਕਰਕੇ ਮੱਸਾ ਰੰਘੜ ਸੱਦਦੇ ਹਨ।

ਹਾਰਿਆ। ਸੁਲਹ ਲਈ ਬੇਨਤੀ ਕੀਤੀ, ਜੋ ਉਸ ਨੇ ਤਾਵਾਨ ਦੀ ਤਕੜੀ ਰਕਮ ਲੈ ਕੇ ਮਨਜ਼ੂਰ ਕਰ ਲਈ। ਜ਼ਕਰੀਆ ਖ਼ਾਨ ਨੂੰ ਲਾਹੌਰ ਦਾ ਗਵਰਨਰ ਬਣਿਆ ਰਹਿਣ ਦਿਤਾ ਛੱਡ ਕੇ, ਨਾਦਰ ਦਿੱਲੀ ਵਲ ਵਧਿਆ। ਨਾਦਰ ਸ਼ਾਹ ਦੇ ਚੜ੍ਹ ਆਉਣ ਕਰਕੇ ਜੋ ਰਾਮ-ਰੌਲਾ ਪੰਜਾਬ ਵਿਚ ਪਿਆ, ਇਸ ਨਾਲ ਫ਼ੌਜਾਂ ਦਾ ਧਿਆਨ ਦੂਜੇ ਪਾਸੇ ਹੋ ਜਾਣ ਕਾਰਨ ਸਿੰਘਾਂ ਨੂੰ ਕੁਝ ਸੁਖ ਦਾ ਸਾਹ ਆਇਆ। ਉਨ੍ਹਾਂ ਵੀ ਜੰਗਲਾਂ-ਬੇਲਿਆਂ ਤੇ ਛੰਭਾਂ-ਖੱਡਾਂ ਵਿਚੋਂ ਨਿਕਲ ਕੇ ਪੰਜਾਬ ਵਿਚ ਦਰਸ਼ਨ ਦੇਣੇ ਆਰੰਭ ਦਿਤੇ। ਇਸ ਸਮੇਂ ਤੋਂ ਉਨ੍ਹਾਂ ਚੰਗਾ ਲਾਭ ਉਠਾਇਆ। ਹਥਿਆਰਾਂ ਤੇ ਘੋੜਿਆਂ ਦੀ ਘਾਟ ਕਾਫ਼ੀ ਹੱਦ ਤਕ ਪੂਰੀ ਕਰ ਲਈ।

ਨਾਦਰ ਸ਼ਾਹ ਦਿੱਲੀ ਨੂੰ ਲੁਟ-ਪੁਟ ਤੇ ਹਜ਼ਾਰਾਂ ਬੰਦੀ ਨਾਲ ਲੈ ਕੇ ਵਾਪਸ ਮੁੜਿਆ ਤੇ ਸਿੰਘ ਵੀ ਕਰਨਾਲ ਲੰਘਦੇ ਦੇ ਮਗਰ ਲੱਗ ਤੁਰੇ। ਐਸੇ ਝਪਟੇ ਮਾਰੇ ਕਿ ਉਸ ਦੇ ਸਿਆਲਕੋਟ ਅੱਪੜਨ ਤਕ ਉਸ ਦਾ ਕਾਫ਼ੀ ਭਾਰ ਹੌਲਾ ਕਰ ਦਿਤਾ ਤੇ ਹਜ਼ਾਰਾਂ ਬੰਦੀ—ਮੁੰਡੇ ਕੁੜੀਆਂ ਛੁਡਾ ਲਏ। ਮਾਨੋ ਬਘਿਆੜ ਦੀਆਂ ਜਾੜ੍ਹਾਂ 'ਚੋਂ ਮਾਸ ਖਿਚ ਲਿਆ। ਨਾਦਰ ਸ਼ਾਹ ਨੇ ਦਿੱਲੀ ਵਿਚ ਕਤਲਾਮ ਕੀਤਾ ਤੇ ਡੇਢ ਲੱਖ ਬੰਦਾ ਮਾਰਿਆ ਗਿਆ। ਉਹ ੫੮ ਦਿਨ ਦਿੱਲੀ ਵਿਚ ਰਿਹਾ ਤੇ ਇਥੋਂ ਦੀ ਸਾਰੀ ਦੌਲਤ ਸਮੇਟ ਲਈ। ਉਸ ਦੇ ਡਰ ਨਾਲ ਸਹਿਮੀ ਹੋਈ ਦਿੱਲੀ, ਉਸ ਦੇ ਤੁਰ ਜਾਣ ਪਿਛੋਂ ਵੀ ਕੰਬਦੀ ਲਰਜ਼ਦੀ ਰਹੀ। ਉਸ ਨੇ ਦਿੱਲੀ ਦਾ ਚਾਰ-ਚੁਫੇਰਾ ਵੀ ਤਬਾਹ ਕਰ ਦਿਤਾ। ਕਿਸੇ ਵੀ ਮਾਈ ਦੇ ਲਾਲ ਨੇ ਸਿਰ ਨਹੀਂ ਸੀ ਚੁਕਿਆ। ਜਿਸ ਦੇ ਨਾਮ ਤੋਂ ਸਾਰੇ ਏਸ਼ੀਆ ਨੂੰ ਕਾਂਬਾ ਛਿੜਦਾ ਸੀ, ਉਹ ਕਰਨਾਲੋਂ ਲੈ ਕੇ ਸਿਆਲਕੋਟ ਅੱਪੜਨ ਤਕ ਇਸ ਤਰ੍ਹਾਂ ਉਨ੍ਹਾਂ ਲੋਕਾਂ ਹੱਥੋਂ, ਜਿਨ੍ਹਾਂ ਪਾਸ ਨਾ ਪੂਰੇ ਹਥਿਆਰ ਤੇ ਨਾ ਘੋੜੇ, ਇੰਜ ਲੁਟਿਆ-ਪੁਟਿਆ ਜਾਵੇ, ਇਕ ਬੜਾ ਵੱਡਾ ਇਤਿਹਾਸਕ ਅਚੰਭਾ ਹੈ। ਏਡੇ ਵੱਡੇ ਜਰਨੈਲ ਨਾਲ ਏਡੀ ਦੀਦਾ-ਦਲੇਰੀ ਵਾਲੀ ਗ਼ੁਸਤਾਖ਼ੀ ! ਕ੍ਰੋਧ ਨਾਲ ਲੋਹੇ ਲਾਖਾ ਹੋ ਕੇ ਜ਼ਕਰੀਆ ਖ਼ਾਨ ਤੋਂ ਇਨ੍ਹਾਂ ਧਾੜਵੀਆਂ ਬਾਰੇ ਪੁਛਿਆ ਕਿ ਇਹ ਕੌਣ ਲੋਗ ਹਨ ਤੇ ਇਨ੍ਹਾਂ ਦੇ ਟਿਕਾਣੇ ਦਸੋ, ਤਾਕਿ ਮੈਂ ਜਾਣ ਤੋਂ ਪਹਿਲਾਂ ਇਨ੍ਹਾਂ ਨੂੰ ਫ਼ਨਾਹ-ਫ਼ਿਲਾ ਕਰ ਜਾਵਾਂ। ਜ਼ਕਰੀਆ ਖ਼ਾਨ ਨੇ ਜਦ ਸਿੱਖਾਂ ਦੀ ਸਾਰੀ ਹਕੀਕਤ ਦੱਸੀ ਕਿ ਇਨ੍ਹਾਂ ਦੇ ਟਿਕਾਣੇ ਇਨ੍ਹਾਂ ਦੇ ਘੋੜਿਆਂ ਦੀਆਂ ਕਾਠੀਆਂ ਜਾਂ ਭਖਦੀ ਰਣ-ਭੂਮੀ ਹੈ ਤਾਂ ਉਸ ਦਾ ਮੱਥਾ ਠਣਕਿਆ। ਉਸ ਨੇ ਜ਼ਕਰੀਆ ਖ਼ਾਨ ਨੂੰ ਸਖ਼ਤ ਤਾਕੀਦ ਤੇ ਨਸੀਅਤ ਕੀਤੀ ਕਿ ਜਿਵੇਂ ਵੀ ਹੋ ਸਕਦੈ, ਇਨ੍ਹਾਂ ਨੂੰ ਨੇਸਤੋ ਨਾਬੂਦ ਕਰ ਦੇਵੋ, ਮੈਂ ਹਰ ਤਰ੍ਹਾਂ ਨਾਲ ਸਹਾਇਤਾ ਕਰਾਂਗਾ। ਇਸ ਨੇਕ ਕੰਮ ਲਈ ਤਾਵਾਨ ਵਾਲਾ ਖ਼ਰਚਾ ਸਾਲਾਨਾ ਬਾਜ਼ਗੁਜ਼ਾਰੀ

ਵਿਚੋਂ ਮੁਜਰਾਇ ਕਰ ਦਿਤਾ ਜਾਵੇਗਾ। ਮੁਹੰਮਦ ਸ਼ਾਹ ਨੂੰ ਦਿੱਲੀ ਸੁਨੇਹਾ ਭੇਜਿਆ ਕਿ ਹੋਰ ਕੰਮ ਛੱਡ-ਛਡਾ ਕੇ ਸਭ ਤੋਂ ਪਹਿਲਾਂ ਸਿੱਖਾਂ ਦੀ ਇਕ-ਵਢਿਓਂ ਅਲਖ ਮੁਕਾਈ ਜਾਵੇ। ਜ਼ਕਰੀਆ ਖ਼ਾਨ ਦੀ ਪੈਸੇ, ਹਥਿਆਰਾਂ ਤੇ ਫ਼ੌਜ ਨਾਲ ਪੂਰੀ ਪੂਰੀ ਸਹਾਇਤਾ ਕੀਤੀ ਜਾਵੇ। ਇਹ ਸਖ਼ਤ ਤਾੜਨਾ ਕਰ ਕੇ ਨਾਦਰ ਸ਼ਾਹ ਅੱਗੇ ਨੂੰ ਤੁਰ ਪਿਆ ਤੇ ਸਿੰਘ ਜੇਹਲਮ ਪਾਰ ਤਕ ਉਸ ਦੇ ਮਗਰ ਲੱਗੇ ਰਹੇ ਤੇ ਉਸ ਦੀ ਲੁਟ ਦਾ ਭਾਰ ਤੇ ਬੰਦਿਆਂ ਦੀ ਗਿਣਤੀ ਹੌਲੀ ਕਰੀ ਗਏ। ਹਿੰਦੁਸਤਾਨ ਦਾ ਅੱਧਾ ਕੁ ਧਨ, ਪਦਾਰਥ ਪੰਜਾਬ ਦੀ ਧਰਤੀ ਉਤੇ ਹੀ ਰਹਿ ਗਿਆ।

ਇਸ ਇਤਿਹਾਸਕ ਪਿਛੋਕੜ ਵਲ ਵੇਖਦਿਆਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਮੱਸੇ ਰੰਘੜ ਦਾ ਦਰਬਾਰ ਸਾਹਿਬ ਦੀ ਬੇਹੁਰਮਤੀ ਕਰਨਾ, ਕੋਈ ਉਸ ਦੀ ਆਪਣੀ ਨਿਜੀ ਦੀਦਾ-ਦਲੇਰੀ ਜਾਂ ਹੈਂਕੜ-ਬਾਜ਼ੀ ਨਹੀਂ ਸੀ, ਸਗੋਂ ਉਸ ਵੇਲੇ ਦੀ ਦਿੱਲੀ ਦੀ ਮੁਗ਼ਲ ਹਕੂਮਤ ਤੇ ਨਾਦਰ ਸ਼ਾਹ ਦੀ ਉੱਚ ਪਧਰੀ ਨੀਤੀ ਸੀ। ਇਸ ਵਿਉਂਤ ਨੂੰ ਸਿਰੇ ਚੜ੍ਹਾਉਣ ਲਈ ਜ਼ਕਰੀਆ ਖ਼ਾਨ ਤੇ ਮੱਸਾ ਰੰਘੜ ਹੱਥ-ਠੋਕਾ ਸਨ ਕਿ ਸਿੱਖਾਂ ਦਾ ਮਰਕਜ਼ (ਕੇਂਦਰ) ਖ਼ਤਮ ਕਰ ਦਿਤਾ ਜਾਵੇ ਤੇ ਇੰਜ ਸ੍ਰੀ ਗੁਰੂ ਨਾਨਕ ਦੇਵ ਦੇ ਸਿਖ ਧਰਮ ਨੂੰ ਸੰਸਾਰ ਵਿਚੋਂ ਹਮੇਸ਼ਾ ਲਈ ਮਿਟਾਅ ਦਿਤਾ ਜਾਵੇ।

ਦਿੱਲੀ ਤੇ ਲਾਹੌਰ ਦੀਆਂ ਮੁਗ਼ਲ ਹਕੂਮਤਾਂ ਨੇ ਸਿਖ ਧਰਮ ਨੂੰ ਸੰਸਾਰ ਵਿਚੋਂ ਖ਼ਤਮ ਕਰਨ ਦੇ ਮਨਸੂਬੇ ਨੂੰ ਪੂਰਾ ਕਰਨ ਲਈ ਆਪਣੇ ਵਲੋਂ ਹਰ ਹੀਲਾ ਵਰਤਿਆ, ਸਿੰਘਾਂ ਉਤੇ ਅਕਹਿ ਤੇ ਅਸਹਿ ਜ਼ੁਲਮ ਕੀਤੇ, ਜਿਨ੍ਹਾਂ ਦੀ ਦੁਨੀਆ ਦੇ ਇਤਿਹਾਸ ਵਿਚ ਕਿਧਰੇ ਮਿਸਾਲ ਨਹੀਂ ਮਿਲਦੀ। ਸਿਖ ਹਰ ਤਰ੍ਹਾਂ ਦੇ ਜ਼ੁਲਮ ਤੇ ਜਬਰ 'ਤੇਰਾ ਕੀਆ ਮੀਠਾ ਲਾਗੈ' ਕਰ ਕੇ ਝਲਦੇ ਰਹੇ, ਹੱਸ ਹੱਸ ਆਪਣੀਆਂ ਜਾਨਾਂ ਦੇਂਦੇ ਰਹੇ, ਪਰ ਧਰਮ ਨਹੀਂ ਹੱਥੋਂ ਜਾਣ ਦਿਤਾ। ਹਰ ਹਾਲਤ ਵਿਚ ਆਪਣੇ ਆਪ ਨੂੰ ਚੜ੍ਹਦੀ ਕਲਾ ਵਿਚ ਰਖਿਆ ਅਤੇ ਸਿੱਖੀ ਦੀ ਹੋਂਦ ਨੂੰ ਮਿਟਾਉਣ ਵਾਲੇ ਵੈਰੀਆਂ ਨਾਲ ਡਟ ਕੇ ਲੋਹਾ ਲਈ ਗਏ। ਅਕਾਲ ਪੁਰਖ ਉਤੇ ਅਟੱਲ ਭਰੋਸਾ ਰਖਿਆ। ਸਿਖ ਧਰਮ ਨੂੰ ਮਿਟਾਉਣ ਵਾਲੇ ਖ਼ੁਦ ਮਿਟ ਗਏ। ਸਿੰਘਾਂ ਦਾ ਨਾਮ ਸਾਰੀ ਦੁਨੀਆ ਵਿਚ ਗੂੰਜਦਾ ਹੈ ਤੇ ਸਦਾ ਗੂੰਜਦਾ ਰਹੇਗਾ। ਜੋ ਕੌਮ ਆਪਣੇ ਇਸ਼ਟ ਵਿਚ ਸੱਚਾ ਭਰੋਸਾ ਰਖਦੀ ਹੈ, ਆਪਣੇ ਬਾਹੂ-ਬਲ 'ਤੇ ਮਾਣ ਰਖਦੀ ਹੈ, ਹਰ ਮੁਸੀਬਤ ਤੇ ਮੁਸ਼ਕਲ ਵਿਚ ਦਿਲ ਨਹੀਂ ਹਾਰਦੀ, ਸਗੋਂ ਚੜ੍ਹਦੀ ਕਲਾ ਵਿਚ ਰਹਿੰਦੀ ਹੈ, ਮੁਸੀਬਤਾਂ ਦੇ ਤੂਫ਼ਾਨ ਉਸ ਦੇ ਸਿਰਾਂ ਉਤੋਂ ਦੀ ਲੰਘ ਕੇ ਖ਼ਤਮ ਹੋ ਜਾਂਦੇ ਹਨ ਤੇ ਕੌਮ ਚਟਾਨ ਵਾਂਗ ਅਹਿਲ ਤੇ ਅਡੋਲ ਖੜੀ ਰਹਿੰਦੀ ਹੈ, ਜਿਉਂ

ਦੀ ਤਿਉਂ ਕਿਸੇ ਅਗਲੇ ਤੂਫ਼ਾਨ ਦੀ ਉਡੀਕ ਵਿਚ, ਪਹਿਲੇ ਤੋਂ ਵੀ ਸਖ਼ਤ ਤੇ ਜ਼ੋਰਦਾਰ ਬਣ ਕੇ। ਐਸੀ ਕੌਮ ਨੂੰ ਕੌਣ ਦਬਾਅ ਸਕਦੈ ? ਕਿਸ ਦੀ ਤਾਕਤ ਹੈ ਕਿ ਉਸ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਝਾਕ ਸਕੇ। ਮੁਕਾਬਲੇ ਵਿਚ ਹੀ ਸਵਾਦ ਹੈ। ਮੁਸ਼ਕਲਾਂ ਤੇ ਮੁਸੀਬਤਾਂ ਕੌਮਾਂ ਨੂੰ ਨਿਖਾਰਦੀਆਂ ਹਨ, ਮਜ਼ਬੂਤ ਤੋਂ ਮਜ਼ਬੂਤ-ਤਰ ਬਣਾਉਂਦੀਆਂ ਹਨ।

ਕੌਮਾਂ ਬਾਹਰਮੁਖੀ ਹਾਦਸਿਆਂ ਹੱਥੋਂ ਨਹੀਂ ਮਰਦੀਆਂ। ਇਨ੍ਹਾਂ ਨੂੰ ਇਨ੍ਹਾਂ ਦੇ ਅੰਦਰਲੇ ਭਭੀਖਣ ਲੈ ਡੁਬਦੇ ਹਨ। ਚਟਾਨਾਂ ਨੂੰ ਤੂਫ਼ਾਨ ਹਿਲਾ-ਡੇਗ ਨਹੀਂ ਸਕਦੇ, ਇਨ੍ਹਾਂ ਦੀਆਂ ਤਹਿਆਂ ਵਿਚ ਹੋਣ ਵਾਲੀ ਉਥੱਲ-ਪੁਥੱਲ ਇਨ੍ਹਾਂ ਨੂੰ ਭੋਰਾ ਭੋਰਾ ਕਰ ਦੇਂਦੀ ਹੈ।

ਫਿਰ ਗੱਲ ਤੁਰਦੀ ਹੈ ਜੁਝਾਰੂ ਕੌਮਾਂ ਦੇ ਇਤਿਹਾਸ ਦੀ। ਜੀਊਂਦੀਆਂ ਕੌਮਾਂ ਨੂੰ ਆਪਣੇ ਮਾਰਗ 'ਤੇ ਚਲਦਿਆਂ ਕਈ ਪ੍ਰਕਾਰ ਦੀਆਂ ਔਕੜਾਂ ਤੇ ਘਟਨਾਵਾਂ ਨਾਲ ਦੋ ਚਾਰ ਹੋਣਾ ਪੈਂਦਾ ਹੈ। ਕੁਝ ਹੋਈਆਂ ਵਾਪਰੀਆਂ ਘਟਨਾਵਾਂ ਨੂੰ ਇਨ-ਬਿਨ ਵਰਣਨ ਕਰ ਦੇਣ ਦਾ ਨਾਂ ਇਤਿਹਾਸ ਨਹੀਂ ਹੈ। ਇਤਿਹਾਸ ਦੀ ਦ੍ਰਿਸ਼ਟੀ ਤੋਂ ਵੇਖਿਆਂ ਪਤਾ ਲਗਦਾ ਹੈ ਕਿ ਕਿਸੇ ਘਟਨਾ ਦਾ ਕਿਸੇ ਕੌਮ ਜਾਂ ਦੇਸ਼ ਨਾਲ ਕੀ ਸੰਬੰਧ ਹੈ, ਇਸ ਦਾ ਕਾਰਨ ਕੀ ਸੀ, ਇਸ ਦੇ ਵਾਪਰਨ ਨਾਲ ਉਸ ਕੌਮ ਜਾਂ ਦੇਸ਼ ਉਤੇ ਕੀ ਪ੍ਰਭਾਵ ਪਿਆ ਤੇ ਉਸ ਪ੍ਰਭਾਵ ਨੇ ਉਸ ਦੇਸ਼ ਕੌਮ ਨੂੰ ਕੀ ਸੇਧ ਦਿਤੀ। ਇਸ ਸੇਧ ਦੇ ਸਿੱਟੇ ਸਮੁੱਚੀ ਮਾਨਵਤਾ ਲਈ ਲਾਹੇਵੰਦੇ ਸਨ ਜਾਂ ਹਾਨੀਕਾਰਕ। ਇਤਿਹਾਸ ਬਾਦਸ਼ਾਹਾਂ ਦੇ ਆਪਸੀ ਭੇੜ, ਖ਼ੂਨ-ਖ਼ਰਾਬੇ, ਆਪਸੀ ਬਰਬਾਦੀ, ਰਾਜਾਂ ਦੇ ਉਸਰਨ ਤੇ ਡਿਗਣ ਦੇ ਲਿਖਤੀ ਰਿਕਾਰਡ ਦਾ ਨਾਂ ਨਹੀਂ, ਸਗੋਂ ਇਹ ਜੀਊਂਦੀਆਂ ਕੌਮਾਂ ਦੀ ਚਾਲ ਦੀ ਝਲਕ ਦਰਸਾਉਂਦਾ ਹੈ, ਉਨ੍ਹਾਂ ਦੀ ਸਭਿਅਤਾ ਤੇ ਸੰਸਕ੍ਰਿਤੀ ਦਾ ਅਕਸ ਹੁੰਦਾ ਹੈ, ਜਿਹੜਾ ਕਿ ਕੁਝ ਕਾਰ-ਗੁਜ਼ਾਰੀ ਤੇ ਮਾਨਵਤਾ ਨੂੰ ਉਨ੍ਹਾਂ ਦੇ ਕੀਤੇ ਦੀ ਦੇਣ ਬਾਰੇ ਦੱਸਦਾ ਹੈ।

ਮੱਸੇ ਰੰਘੜ ਵਾਲੀ ਘਟਨਾ ਕੋਈ ਇਕੱਲ-ਮੁਕੱਲੀ ਜਾਂ ਨਿਖੜਵੀਂ ਘਟਨਾ ਨਹੀਂ, ਜੋ ਅਚਨਚੇਤ ਹੀ ਵਾਪਰ ਗਈ। ਇਹ ਹਿੰਦੁਸਤਾਨ ਦੀ ਮੁਗ਼ਲੀਆ ਸਰਕਾਰ ਦੀ ਗਿਣੀ-ਮਿਥੀ ਨੀਤੀ ਦਾ ਸਿੱਟਾ ਸੀ। ਸਿਖ ਧਰਮ ਦੇ ਖ਼ਾਤਮੇ ਦੇ ਮਨਸੂਬੇ ਦੀ ਪ੍ਰਤੀਕ, ਮੁਗ਼ਲ ਸਾਮਰਾਜ ਦਾ ਸਮੁੱਚੀ ਸਿਖ ਕੌਮ ਉਤੇ ਭਰਪੂਰ ਮਾਰੂ ਹਮਲਾ। ਇਸ ਦੇ ਆਦਿ ਅੰਤ ਨੂੰ ਸਮਝਣ ਲਈ ਇਸ ਦੇ ਪਿਛੋਕੜ ਦਾ ਅਧਿਐਨ ਅਤੀ ਜ਼ਰੂਰੀ ਹੈ।

ਕੁਝ ਥੋੜਾ ਜਿਹਾ ਪਿਛੋਕੜ ਬਾਰੇ

ਗੁਰਦਾਸ ਨੰਗਲ ਦੇ ਬੜੇ ਲੰਮੇ ਸਮੇਂ ਦੇ ਘੇਰੇ ਦਾ ਅੰਤ ਬੰਦਾ ਸਿੰਘ ਤੇ ਉਸ ਦੇ ਸਾਥੀਆਂ ਦੀ ਗ੍ਰਿਫ਼ਤਾਰੀ ਨਾਲ ਹੋਇਆ। ਇਨ੍ਹਾਂ ਨੂੰ ਦਿੱਲੀ ਲਿਜਾ ਕੇ ਮਾਰਚ-ਜੂਨ ੧੭੧੬ ਤਕ ਕਤਲ ਕਰ ਦਿਤਾ ਗਿਆ। ਇਸ ਨਾਲ ਸਿੱਖਾਂ ਦੀ ਜਥੇਬੰਦਕ ਸ਼ਕਤੀ ਕੁਝ ਸਮੇਂ ਲਈ ਖੇਰੂੰ ਖੇਰੂੰ ਹੋ ਗਈ। ਇਸ ਤੋਂ ਛੇਤੀ ਹੀ ਪਿਛੋਂ ਲਾਹੌਰ ਦੇ ਨਾਜ਼ਮ ਅਬਦੁ-ਸਮੱਦ ਖ਼ਾਨ ਦਲੇਰੇ-ਜੰਗ ਨੇ ਬਾਦਸ਼ਾਹੀ ਆਗਿਆ ਅਨੁਸਾਰ ਸਿੰਘਾਂ ਦੀ ਨਵੇਂ ਸਿਰਿਓਂ ਕਤਲਾਮ ਅਰੰਭ ਦਿਤੀ।

ਅਬਦੁ-ਸਮੱਦ ਖ਼ਾਨ ਨੇ ਸਿੱਖਾਂ ਉਤੇ ਕੀ ਕੀ ਜ਼ੁਲਮ ਢਾਹੇ, ਇਸ ਬਾਰੇ ਪ੍ਰਸਿੱਧ ਇਤਿਹਾਸਕਾਰ ਮੁਹੰਮਦ ਲਤੀਫ਼ ਆਪਣੀ ਕਿਤਾਬ *ਹਿਸਟਰੀ ਆਫ਼ ਦੀ ਪੰਜਾਬ* ਵਿਚ ਇੰਜ ਜ਼ਿਕਰ ਕਰਦਾ ਹੈ:

> "ਸਿੱਖਾਂ ਨੂੰ ਨੀਚਾ ਵਿਖਾ ਕੇ ਅਤੇ ਉਨ੍ਹਾਂ ਦੇ ਆਗੂ ਬੰਦਾ (ਸਿੰਘ) ਨੂੰ ਮਾਰ ਮੁਕਾ ਕੇ, ਉਨ੍ਹਾਂ ਦੀ ਤਾਕਤ ਨੂੰ ਤਹਿਸ ਨਹਿਸ ਕਰਨ ਅਤੇ ਉਨ੍ਹਾਂ ਦੀ ਕੌਮ ਦੀ ਜੜ੍ਹ-ਮੇਖ ਪੁਟ ਦੇਣ ਲਈ ਅਬਦੁ-ਸਮੱਦ ਖ਼ਾਨ ਨੇ ਬਹੁਤ ਸਖ਼ਤੀ ਕੀਤੀ। ਇਕ ਬਾਦਸ਼ਾਹੀ ਫ਼ਰਮਾਨ ਜਾਰੀ ਕੀਤਾ ਗਿਆ ਕਿ (ਗੁਰੂ) ਨਾਨਕ ਦੇ ਧਰਮ ਨੂੰ ਮੰਨਣ ਵਾਲਿਆਂ ਨੂੰ ਤਲਵਾਰ ਦੇ ਘਾਟ ਉਤਾਰ ਦਿਤਾ ਜਾਵੇ ਅਤੇ ਹਰ ਇਕ ਸਿਖ ਦੇ ਸਿਰ ਲਈ ਇਨਾਮ ਰੱਖ ਦਿਤਾ ਗਿਆ। ਭੂਤਰੇ ਹੋਏ ਮੁਤਅਸਬੀ ਮੁਸਲਮਾਨਾਂ ਨੇ ਉਨ੍ਹਾਂ ਨੂੰ ਕਿਧਰੇ ਚੈਨ ਨਾ ਲੈਣ ਦਿਤਾ ਅਤੇ ਜਿਥੇ ਕਿਧਰੇ ਵੀ ਕੋਈ ਸਿਖ ਮਿਲਿਆ, ਉਸ ਨੂੰ ਬੜੀ ਬੇਕਿਰਕੀ ਨਾਲ ਥਾਂ 'ਤੇ ਹੀ ਕੋਹ ਸੁਟਿਆ ਗਿਆ। ਇਸ ਫ਼ਰਮਾਨ ਦੀ ਇਨ-ਬਿਨ ਪੂਰੀ ਪੂਰੀ ਪੈਰਵੀ ਲਈ ਸਭ ਹਿੰਦੂ ਤੇ ਮੁਸਲਮਾਨਾਂ ਨੂੰ ਸਖ਼ਤੀ ਨਾਲ ਹੁਕਮ ਦਿਤਾ ਗਿਆ ਕਿ ਉਹ ਆਪਣੇ ਸਿਰ ਮੂੰਹ ਦੇ ਵਾਲ ਕਟਵਾ ਕੇ ਛੋਟੇ ਕਰਾ ਲੈਣ।

ਹਿੰਦੂਆਂ ਨੂੰ ਤਾਂ ਖ਼ਾਸ ਕਰ ਹੁਕਮ ਹੋਇਆ ਕਿ ਉਹ ਆਪਣੇ ਸਿਰਾਂ ਦੀ ਰਗੜਾ ਕੇ ਹਜਾਮਤ ਕਰਾ ਲੈਣ। ਜੇ ਕਿਤੇ ਕੋਈ ਲੰਮੀ ਦਾੜ੍ਹੀ ਜਾਂ ਕੇਸਾਂ ਵਾਲਾ ਹਿੰਦੂ ਮਿਲ ਜਾਂਦਾ ਤਾਂ ਥਾਂ ਤੇ ਹੀ ਕਤਲ ਕਰ ਦਿਤਾ ਜਾਂਦਾ......।"[੧]

ਸਿੱਖਾਂ ਦੀ ਇਕ-ਵੱਢਿਓਂ ਕਤਲਾਮ ਦਾ ਪਹਿਲਾ ਹੁਕਮ

ਸਿੱਖਾਂ ਦੀ ਇਕ-ਵੱਢਿਓਂ ਕਤਲਾਮ ਦਾ ਸਭ ਤੋਂ ਪਹਿਲਾ ਹੁਕਮ ਬਹਾਦਰ ਸ਼ਾਹ ਬਾਦਸ਼ਾਹ ਨੇ ਬੰਦਾ ਸਿੰਘ ਬਹਾਦਰ ਦੇ ਵਿਰੁਧ ਲੋਹਗੜ੍ਹ ਦੀ ਲੜਾਈ ਦੀ ਫ਼ਤਹ ਤੋਂ ਕੁਝ ਦਿਨ ਬਾਅਦ ੧੦ ਦਸੰਬਰ ੧੭੧੦ ਈਸਵੀ ਨੂੰ ਜਾਰੀ ਕੀਤਾ ਸੀ। ਇਹ ਇੰਜ ਹੋਇਆ ਕਿ ਬਹਾਦਰ ਸ਼ਾਹ ਦੀ ਫ਼ੌਜ ਨੇ ਬੰਦਾ ਸਿੰਘ ਤੇ ਉਸ ਦੇ ਸਿੰਘਾਂ ਹੱਥੋਂ ਸਢੌਰੇ ਤੇ ਲੋਹਗੜ੍ਹ ਦੀਆਂ ਲੜਾਈਆਂ ਵਿਚ ਬੁਰੀ ਤਰ੍ਹਾਂ ਮਾਰ ਖਾਧੀ ਸੀ। ਸ਼ਾਹੀ ਸੈਨਾ ਦਾ ਮਾਲੀ ਤੇ ਜਾਨੀ ਨੁਕਸਾਨ ਕਾਫ਼ੀ ਹੋਇਆ। ਬਾਦਸ਼ਾਹ ਬੰਦਾ ਸਿੰਘ ਤੇ ਉਸ ਦੇ ਸਾਥੀਆਂ ਨੂੰ ਜ਼ਿੰਦਾ ਫੜਨਾ ਚਾਹੁੰਦਾ ਸੀ। ਬੜੇ ਵੱਡੇ ਲਾਮ-ਲਸ਼ਕਰ, ਉਘੇ ਜਰਨੈਲਾਂ ਤੇ ਆਪਣੇ ਸ਼ਹਿਜ਼ਾਦਿਆਂ ਨਾਲ ਬਾਦਸ਼ਾਹ ਆਪ ਮੈਦਾਨ ਵਿਚ ਸੀ। ਏਨੇ ਵੱਡੇ ਘੇਰੇ 'ਚੋਂ ਬੰਦਾ ਸਿੰਘ ਤੇ ਉਸ ਦੇ ਸਾਥੀ ਸਿੰਘਾਂ ਦਾ ਬਚ ਕੇ ਨਿਕਲ ਜਾਣਾ ਬਾਦਸ਼ਾਹ ਦੀ ਬੜੀ ਵੱਡੀ ਹਾਰ ਸੀ। ਉਹ ਬੁਖ਼ਲਾ ਉਠਿਆ। ਕ੍ਰੋਧ-ਵੱਸ ਹੋ ਕੇ ਉਸ ਨੇ ਆਪਣਾ ਗੱਚ ਸਿੱਖਾਂ ਦੀ ਸਮੁੱਚੀ ਕਤਲਾਮ ਦਾ ਸ਼ਾਹੀ ਫ਼ਰਮਾਨ ਜਾਰੀ ਕਰ ਕੇ ਕਢਿਆ। ਬਾਦਸ਼ਾਹ ਨੇ ਬਖ਼ਸ਼ੀ-ਉਲ-ਮੁਲਕ ਮਹਾਬਤ ਖ਼ਾਨ ਬਹਾਦਰ ਨੂੰ ਹੁਕਮ ਦਿਤਾ ਕਿ ਸ਼ਾਹ-ਜਹਾਨਾਬਾਦ ਦੇ ਆਲੇ ਦੁਆਲੇ ਦੇ ਫ਼ੌਜਦਾਰਾਂ ਨੂੰ ਲਿਖ ਦੇਵੇ ਕਿ ਨਾਨਕ-ਪੂਜ (ਸਿਖ) ਜਿਥੇ ਕਿਧਰੇ ਵੀ ਮਿਲਣ, ਫ਼ੌਰਨ ਥਾਂ 'ਤੇ ਹੀ ਮਾਰ ਦਿਤੇ ਜਾਣ। ਮਾਰੇ ਜਾਣ ਵਾਲੇ ਸਿਖ ਦਾ ਮਾਲ ਤੇ ਜਾਇਦਾਦ ਉਸ ਨੂੰ ਕਤਲ ਕਰਨ ਵਾਲੇ ਦਾ ਇਨਾਮ ਵਜੋਂ ਹੋਵੇਗਾ। ਹਿੰਦੂਆਂ ਨੇ ਆਪਣੀ ਖੱਲ ਬਚਾਉਣ ਲਈ ਮੁਸਲਮਾਨ ਹਾਕਮਾਂ ਦਾ ਵਾਹਵਾ ਹੱਥ ਵਟਾਇਆ, ਤੇ ਇੰਜ ਆਪਣੀ ਨੇਕਨਾਮੀ ਤੇ ਵਫ਼ਾਦਾਰੀ ਸਰਕਾਰੇ ਦਰਬਾਰੇ ਚੰਗੂ ਪੱਕੀ ਕਰਾਈ। ਮਾਝੇ, ਰਿਆਕੜੀ, ਦੁਆਬੇ ਅਤੇ ਸਰਹੰਦ ਵਿਚ ਤਾਂ ਸਿੱਖਾਂ ਦੇ ਘਾਣ ਲੱਥ ਗਏ।

ਸਿੱਖਾਂ ਦੀ ਕਤਲਾਮ ਦਾ ਦੂਸਰਾ ਫ਼ਰਮਾਨ

ਸਿੱਖਾਂ ਦੀ ਕਤਲਾਮ ਦਾ ਦੂਸਰਾ ਹੁਕਮ ਬਾਦਸ਼ਾਹ ਫ਼ਰਖ਼ਸੀਅਰ ਨੇ, ਬੰਦਾ

੧. ਮੁਹੰਮਦ ਲਤੀਫ਼, *ਹਿਸਟਰੀ ਆਫ਼ ਦੀ ਪੰਜਾਬ*, ਸਫ਼ਾ ੧੯੮।

ਸਿੰਘ ਤੇ ਉਸ ਦੇ ਸਾਥੀ ਸਿੰਘਾਂ ਦੇ ਦਿੱਲੀ ਵਿਚ ਕਤਲ ਕੀਤੇ ਜਾਣ ਤੋਂ ਥੋੜ੍ਹਾ ਚਿਰ ਬਾਅਦ ਜਾਰੀ ਕੀਤਾ, ਜਿਸ ਦਾ ਜ਼ਿਕਰ ਮੁਹੰਮਦ ਲਤੀਫ਼ ਨੇ ਉਪਰ ਦੱਸੇ ਅਨੁਸਾਰ ਆਪਣੀ ਪੁਸਤਕ ਵਿਚ ਕੀਤਾ ਹੈ। ਇਸ ਸੰਬੰਧ ਵਿਚ *ਮਿਫ਼ਤਾਹੁ-ਉ-ਤਵਾਰੀਖ਼* ਦਾ ਕਰਤਾ ਲਿਖਦਾ ਹੈ ਕਿ ਉਸ (ਬੰਦਾ ਸਿੰਘ) ਦੇ ਕਤਲ ਦੇ ਬਾਅਦ ਸ਼ਾਹੀ ਹੁਕਮ ਜਾਰੀ ਹੋ ਗਿਆ ਕਿ ਜਿਥੇ ਕਿਧਰੇ ਵੀ ਇਸ ਫ਼ਿਰਕੇ (ਨਾਨਕ-ਪ੍ਰਸਤ)[੧] ਦੇ ਲੋਕ ਮਿਲਣ, ਬਿਨਾਂ ਝਿਜਕ ਮਾਰ ਦਿਤੇ ਜਾਣ। ਚੁਨਾਂਚਿ ਸਿੰਘ ਇਹ ਵੇਲਾ ਟਪਾਉਣ ਲਈ ਮੁਸਲਮਾਨਾਂ (ਹਾਕਮਾਂ) ਦੀਆਂ ਨਜ਼ਰਾਂ ਤੋਂ ਉਹਲੇ ਰਹਿ ਕੇ ਚੋਖਾ ਚਿਰ ਜੰਗਲਾਂ ਬੇਲਿਆਂ ਤੇ ਪਹਾੜਾਂ ਵਿਚ ਲੁਕੇ ਰਹੇ।

ਸਿੰਘਾਂ ਉਤੇ ਬਿਪਤਾ ਦੇ ਪਹਾੜ ਟੁਟ ਪਏ। ਕਤਲਾਮ ਦਾ ਇਹ ਸ਼ਾਹੀ ਫ਼ਰਮਾਨ ਢੰਡੋਰਚੀਆਂ ਨੇ ਢੋਲ ਵਜਾ ਵਜਾ ਕੇ ਸਾਰੀਂ ਪਾਸੀਂ ਫੇਰ ਦਿਤਾ। ਇਕ-ਵਢੋਂ ਹੀ ਸਰਕਾਰੀ ਕਾਰਿੰਦੇ (ਆਮਲ, ਮੁਹਾਸਿਲ, ਫ਼ੌਜਦਾਰ ਆਦਿ) ਸਿੰਘਾਂ ਦੀ ਜਾਨ ਦੇ ਵੈਰੀ ਹੋ ਗਏ। ਮਾਤਹਿਤਾਂ ਨੇ ਵੱਡਿਆਂ ਅਫ਼ਸਰਾਂ ਨੂੰ ਖ਼ੁਸ਼ ਕਰਨ ਲਈ ਪਿੰਡਾਂ ਵਿਚੋਂ ਸਿੰਘਾਂ ਦੀਆਂ ਢਾਣੀਆਂ ਦੀਆਂ ਢਾਣੀਆਂ ਫੜ ਕੇ ਲਾਹੌਰ ਪਹੁੰਚਾਉਣੀਆਂ ਸ਼ੁਰੂ ਕਰ ਦਿੱਤੀਆਂ। ਕਿਸ ਵਡੇ ਅਫ਼ਸਰ ਨੂੰ ਇਹ ਫ਼ੁਰਸਤ ਸੀ ਕਿ ਪੁਣ-ਛਾਣ ਕਰੇ ਕਿ ਬਾਗ਼ੀ ਕੌਣ ਹਨ ਤੇ ਬੇਗੁਨਾਹ ਕੌਣ ? ਸਿਖ ਹੋਣਾ ਹੀ ਸਭ ਤੋਂ ਵੱਡਾ ਦੋਸ਼ ਸੀ। ਫੜੇ ਆਏ ਸਿੰਘਾਂ ਨੂੰ ਕੋਈ ਜੁਰਮ ਜਾਂ ਦੋਸ਼ ਦਸਿਆ-ਪੁਛਿਆ ਨਾ ਜਾਂਦਾ। ਸਿਰਫ਼ ਇਕ ਹੀ ਸਵਾਲ ਕੀਤਾ ਜਾਂਦਾ ਕਿ ਕੀ ਤੁਸੀਂ ਜਾਨ ਬਚਾਉਣ ਲਈ ਮੁਸਲਮਾਨ ਹੋਣ ਲਈ ਤਿਆਰ ਹੋ ? ਜੋ ਮੁਸਲਮਾਨ ਹੋ ਜਾਵੇਗਾ, ਉਸ ਨੂੰ ਸਿਰਫ਼ ਛੱਡ ਹੀ ਨਹੀਂ ਦਿਤਾ ਜਾਵੇਗਾ, ਸਗੋਂ ਸਰਕਾਰ ਵਲੋਂ ਪੂਰਾ ਆਦਰ ਮਾਣ ਤੇ ਹਰ ਪ੍ਰਕਾਰ ਦੀ ਸਹੂਲਤ ਮਿਲੇਗੀ। ਇਸ ਚਾਰ ਦਿਨ ਦੀ ਜ਼ਿੰਦਗੀ ਦੇ ਕੂੜੇ ਲਾਲਚ ਨੂੰ ਕਿਸੇ ਸਿਖ ਨੇ ਨਾ ਕਬੂਲਿਆ। ਹੱਸ ਹੱਸ ਤਸੀਹੇ ਝਲਦੇ ਸ਼ਹੀਦ ਹੋਈ ਗਏ। ਨਖ਼ਾਸ ਮੰਡੀ (ਲਾਹੌਰ) ਨੂੰ ਬੁਚੜਖ਼ਾਨੇ ਵਿਚ ਤਬਦੀਲ ਕਰ ਦਿਤਾ ਗਿਆ। ਸਿਰਾਂ ਦੇ ਮਿਨਾਰ ਉਸਰਦੇ ਰਹੇ। ਲਾਸ਼ਾਂ ਦੇ ਡੱਕਰੇ ਕਰ ਕੇ ਥਾਂ ਥਾਂ, ਖ਼ਾਸ ਕਰ ਚੁਰਾਹਿਆਂ ਵਿਚ ਟੰਗਿਆ ਜਾਂਦਾ, ਜਿਥੇ ਇਨ੍ਹਾਂ ਨੂੰ ਬਹੁਤ ਲੋਕ ਵੇਖ ਸਕਣ। ਇਨ੍ਹਾਂ ਇਨਸਾਨੀ ਅੰਗਾਂ ਨੂੰ ਕੁਝ ਦਿਨਾਂ ਪਿਛੋਂ ਕਾਂ ਕੁੱਤੇ ਨੋਚਦੇ ਖਾਂਦੇ ਨਜ਼ਰ ਆਉਂਦੇ। ਕੱਟਿਆਂ ਸਿਰਾਂ ਦੇ ਲੰਮੇ ਕੇਸ

---

੧. ਮੁਸਲਮਾਨ ਇਤਿਹਾਸਕਾਰਾਂ ਦਾ ਸਿੱਖਾਂ ਨੂੰ ਨਾਨਕ-ਪ੍ਰਸਤ (ਨਾਨਕ-ਪੂਜ) ਕਹਿਣਾ ਉਨ੍ਹਾਂ ਦੀ ਭੁਲ ਹੈ। ਸਿਖ ਸਿਰਫ਼ ਅਕਾਲ ਪੁਰਖ ਦਾ ਪੁਜਾਰੀ ਹੈ।

ਤੇ ਦਾੜ੍ਹੇ ਹਵਾ ਨਾਲ ਉਡਦੇ ਦਿਸਦੇ। ਕਾਂ ਅੱਖਾਂ ਕੱਢ ਖਾ ਰਹੇ ਹਨ। ਇਹ ਇਕ ਆਮ ਨਜ਼ਾਰਾ ਹੁੰਦਾ ਸੀ। ਕੁਝ ਦਿਨਾਂ ਪਿਛੋਂ ਸਿਰ ਸੜ ਉਠਦੇ ਤਾਂ ਹਲਾਲਖ਼ੋਰ (ਭੰਗੀ) ਤਿੰਨ ਤਿੰਨ ਚਾਰ ਚਾਰ ਇਕੱਠਿਆਂ ਨੂੰ ਕੇਸਾਂ ਤੋਂ ਫੜ ਕੇ ਸ਼ਹੀਦਗੰਜ ਵਾਲੇ ਖੂਹ ਵਿਚ ਸੁਟ ਦੇਂਦੇ ਤੇ ਉਪਰ ਲੂਣ ਤੇ ਚੂਨਾ ਪਾ ਦਿਤਾ ਜਾਂਦਾ।

ਲਾਹੌਰ ਦੇ ਸ਼ਹਿਰੀ ਇਹ ਭਿਆਨਕ ਖ਼ੂਨੀ ਨਜ਼ਾਰੇ ਲਗ ਪਗ ਹਰ ਰੋਜ਼ ਤੱਕਦੇ। ਕਿਸੇ ਨਾ ਕਿਸੇ ਪਾਸਿਓਂ ਰੋਜ਼ ਹੀ ਬੰਦੀ ਬਣਾਏ ਹੋਏ ਸਿਖ ਲਿਆਏ ਜਾਂਦੇ ਤੇ ਉਪਰ ਦੱਸੇ ਵਾਂਗ ਬੜੀ ਬੇਦਰਦੀ ਨਾਲ ਮਾਰ ਮੁਕਾਏ ਜਾਂਦੇ। ਰਾਠ ਸਿੰਘਾਂ ਨੇ ਕੋਈ ਹੋਰ ਚਾਰਾ ਨਾ ਚਲਦਾ ਵੇਖ ਕੇ ਘਰ ਘਾਟ ਛੱਡ ਕੇ ਜੰਗਲਾਂ ਬੇਲਿਆਂ ਤੇ ਪਹਾੜਾਂ ਵਿਚ ਜਾ ਟਿਕਾਣੇ ਮੱਲੇ। ਇਥੇ ਕੋਈ ਕਿੱਤਾ ਤਾਂ ਕਰਨ ਨੂੰ ਨਹੀਂ ਸੀ। ਕੀ ਕਰਨ ਤੇ ਕੀ ਖਾਣ ! ਜੇ ਕਿਧਰੇ ਕੋਈ ਸਰਕਾਰੀ ਕਾਫ਼ਲਾ ਕਾਬੂ ਆ ਗਿਆ ਤਾਂ ਰਸਦ ਪਾਣੀ ਦਾ ਪ੍ਰਬੰਧ ਹੋ ਜਾਂਦਾ, ਨਹੀਂ ਤਾਂ ਲੰਗਰ ਮਸਤ ਹੀ ਰਹਿੰਦੇ। ਇਸ ਹਾਲਤ ਵਿਚ ਫਲ ਫੁਲ ਜਾਂ ਮੂਲ ਕੰਦ ਛਕ ਛਕਾ ਕੇ ਢਿਡ ਨੂੰ ਝੁਲਕਾ ਦੇ ਲੈਂਦੇ।

ਆਖ਼ਰ ਕੁਝ ਸਮੇਂ ਬਾਅਦ ਮੁਲਕ ਵਿਚ ਅੰਦਰੂਨੀ ਗੜਬੜ ਕਾਰਨ ਅਬਦੁ-ਸਮੱਦ ਖ਼ਾਨ ਦੇ ਜ਼ੁਲਮਾਂ ਦੀ ਚੱਕੀ ਚੱਲਣੋਂ ਕੁਝ ਮੱਠੀ ਪੈ ਗਈ। ਹੁਣ ਗਸ਼ਤੀ ਫ਼ੌਜਾਂ ਤੇ ਸਰਕਾਰੀ ਕਾਰਿੰਦੇ ਸਿਰਫ਼ ਰਾਠ ਸਿੰਘਾਂ ਦੇ ਮਗਰ ਹੀ ਪੈਂਦੇ। ਜੋ ਖੇਤੀ ਬਾੜੀ ਕਰਨ ਵਾਲੇ ਸਨ ਜਾਂ ਸਰਕਾਰ ਦੀ ਖੁਲ੍ਹ ਕੇ ਵਿਰੋਧਤਾ ਨਹੀਂ ਸਨ ਕਰਦੇ, ਉਨ੍ਹਾਂ ਨਾਲ ਕੁਝ ਨਰਮੀ ਵਾਲਾ ਵੀ ਸਲੂਕ ਹੋਣ ਲੱਗ ਪਿਆ। ਇਹ ਲੋਕ ਭਾਵੇਂ ਜ਼ਾਹਰਾ ਤੌਰ 'ਤੇ ਆਪਣੇ ਰਾਠ ਸਿੰਘ ਭਰਾਵਾਂ ਦੀ ਕੋਈ ਸਹਾਇਤਾ ਕਰਨੋਂ ਅਸਮਰੱਥ ਸਨ, ਪਰ ਦਿਲੀ ਹਮਦਰਦੀ ਉਨ੍ਹਾਂ ਦੇ ਨਾਲ ਹੀ ਸੀ। ਲੁਕ ਛਿਪ ਕੇ ਇਨ੍ਹਾਂ ਨੂੰ ਰਸਦ, ਲੀੜਾ-ਕੱਪੜਾ ਤੇ ਜੋੜੇ ਰਾਤ ਬਰਾਤੇ ਪਹੁੰਚਾ ਦੇਂਦੇ। ਪਿੰਡਾਂ ਵਿਚ ਰਹਿੰਦੇ ਚੁਗ਼ਲ ਆਪਣੀ ਨਿਜੀ ਦੁਸ਼ਮਣੀ ਕਢਣ ਲਈ ਕਈ ਵਾਰ ਲੂਤੀਆਂ ਫੂਕ ਕੇ ਇਨ੍ਹਾਂ ਗੁਰਮੁਖ ਸਿੰਘਾਂ ਨੂੰ ਵੀ ਫਸਾਅ ਦੇਂਦੇ। ਉਹ ਵੀ ਇਸ ਜ਼ੁਲਮ ਤੇ ਜ਼ਬਰ ਦੇ ਝਖੜ ਨੂੰ ਹਸਦੇ ਹੋਏ ਸਿਰ ਮੱਥੇ ਸਹਿ ਲੈਂਦੇ, ਸੀ ਤਕ ਨਾ ਕਰਦੇ। ਸਮਝਦੇ ਕਿ ਅਜ਼ਮਾਇਸ਼ ਦੀਆਂ ਘੜੀਆਂ ਹਨ, ਫਿਰ ਕਿਸ ਗੱਲੋਂ ਪਿਠ ਲਵਾਈਏ ? ਜਿਵੇਂ ਆਈਆਂ ਤਿਵੇਂ ਬੀਤ ਜਾਣਗੀਆਂ। ਸਿੰਘਾਂ ਸਿਰ ਇਹ ਬੜਾ ਡਾਢਾ ਬਿਖੜਾ ਸਮਾਂ ਸੀ। ਵਾਹਿਗੁਰੂ ਦਾ ਆਸਰਾ ਲੈ ਕੇ ਉਸ ਦੇ ਭਾਣੇ ਨੂੰ ਮਿੱਠਾ ਕਰ ਕੇ ਮੰਨਦੇ ਰਹੇ ਤੇ ਸਮਾਂ ਬੀਤਦਾ ਗਿਆ।

ਸਿੰਘਾਂ ਉਤੇ ਸਖ਼ਤੀ ਕੁਝ ਸਮੇਂ ਲਈ ਮੱਠੀ ਪੈ ਗਈ

ਅਬਦੁ-ਸਮੱਦ ਖ਼ਾਨ ਵਲੋਂ ਸਿੰਘਾਂ ਉਤੇ ਕੀਤੇ ਜਾ ਰਹੇ ਜ਼ੁਲਮੋ-ਤਸ਼ੱਦਦ ਵਿਚ ਕਮੀ ਦੀ ਕੋਈ ਆਸ ਜਾਂ ਵਜਹ ਨਹੀਂ ਸੀ ਹੋ ਸਕਦੀ। ਇਹ ਨਰਮੀ ਉਸ ਦੀ ਆਪਣੀ ਬੇਬਸੀ ਸੀ। ਉਸ ਦੇ ਪ੍ਰਬੰਧ ਹੇਠ ਇਲਾਕਿਆਂ ਵਿਚ ਗੜਬੜ ਹੋ ਗਈ। ਇਸ ਸਮੇਂ ਈਸਾ ਖ਼ਾਨ ਮੰਝ ਤਿਹਾੜੇ ਵਾਲੇ, ਹੁਸੈਨ ਖ਼ੇਸ਼ਗਈ ਕਸੂਰ ਵਾਲੇ ਅਤੇ ਸ਼ਰਫ਼ੁੱਦੀਨ ਕਸ਼ਮੀਰੀ ਨੇ ਆਪਣੇ ਆਪਣੇ ਥਾਵਾਂ 'ਤੇ ਉਪੱਧਰ ਖੜਾ ਕਰ ਦਿੱਤਾ। ਅਬਦੁ-ਸਮੱਦ ਖ਼ਾਨ ਨੂੰ ਇਨ੍ਹਾਂ ਦੇ ਖ਼ਿਲਾਫ਼ ਮੁਹਿੰਮਾਂ ਭੇਜਣੀਆਂ ਪਈਆਂ। ਇਨ੍ਹਾਂ ਵਿਰੁਧ ਉਹ ਬੁਰੀ ਤਰ੍ਹਾਂ ਫਸਿਆ ਹੋਇਆ ਸੀ। ਉਸ ਨੇ ਨਾ-ਸਿਰਫ਼ ਸਿੰਘਾਂ ਉਤੇ ਹੋ ਰਹੀ ਸਖ਼ਤੀ ਨੂੰ ਹੀ ਨਰਮ ਕੀਤਾ, ਸਗੋਂ ਆਪਣੀ ਸਹਾਇਤਾ ਲਈ ਉਨ੍ਹਾਂ ਵਿਚੋਂ ਕੁਝ ਕੁ ਨੂੰ ਸਰਕਾਰੀ ਅਹੁਦਿਆਂ ਉਪਰ ਨੀਯਤ ਵੀ ਕਰ ਲਿਆ। ਰਾਠ ਸਿੰਘਾਂ ਨੂੰ ਕੁਝ ਸੁਖ ਦੇ ਸਾਹ ਆਉਣ ਦੀ ਆਸ ਹੋਈ। ਹੁਣ ਝਲਾਂ ਤੇ ਜੰਗਲਾਂ ਬੇਲਿਆਂ ਛੰਭਾਂ ਖੱਡਾਂ ਵਿਚ ਸਿੰਘਾਂ ਨੂੰ ਖ਼ੁਰਾਕ ਪਹੁੰਚਾਉਣ ਉਤੇ ਨਿਗਰਾਨੀ ਢਿਲੀ ਪੈ ਗਈ। ਗਸ਼ਤੀ ਫ਼ੌਜਾਂ ਨੂੰ ਹੁਣ ਧਿਆਨ ਦੂਜੇ ਪਾਸੇ ਦੇਣਾ ਪੈ ਰਿਹਾ ਸੀ, ਇਸ ਲਈ ਸਿੰਘਾਂ ਮਗਰ ਪੈਣ ਵਾਲੀ ਗਸ਼ਤੀ ਫ਼ੌਜ ਦੀ ਗਿਣਤੀ ਵੀ ਕੁਝ ਘਟ ਗਈ। ਸਭ ਤੋਂ ਵੱਡੀ ਸਹਾਇਤਾ ਇਹ ਮਿਲੀ ਕਿ ਸਿੰਘਾਂ ਵਿਰੁਧ ਸਰਕਾਰੀ ਹੁਕਮ ਤੇ ਉਨ੍ਹਾਂ ਉਪਰ ਹੋਣ ਵਾਲੀ ਕਾਰਵਾਈ ਦਾ ਪਤਾ ਇਨ੍ਹਾਂ ਕਰਮਚਾਰੀਆਂ ਰਾਹੀਂ ਲੱਗ ਜਾਂਦਾ ਸੀ। ਇਸ ਤਰ੍ਹਾਂ ਹੋਣ ਵਾਲੀ ਕਾਰਵਾਈ ਦੀ ਸੂਹ ਅਗੇਤਰੀ ਮਿਲ ਜਾਣ ਕਰਕੇ ਉਨ੍ਹਾਂ ਦਾ ਚੌਕਸ ਹੋ ਜਾਣਾ ਕੁਝ ਸੌਖਾ ਹੋ ਗਿਆ ਸੀ। ਇਹਨਾਂ ਸਰਕਾਰੀ ਅਹੁਦਿਆਂ ਉਤੇ ਕੰਮ ਕਰਨ ਵਾਲਿਆਂ ਨੂੰ ਰਾਠ

ਸਿੰਘ 'ਚਕਰੈਲ ਸਿੰਘ' ਕਿਹਾ ਕਰਦੇ ਸਨ ਅਤੇ ਜੋ ਪਿੰਡਾਂ ਵਿਚ ਅਮਨ-ਅਮਾਨ ਨਾਲ ਖੇਤੀ ਵਾਹੀ ਕਰਦੇ ਸਨ, ਉਨ੍ਹਾਂ ਨੂੰ 'ਗੁਰਮੁਖ ਸਿੰਘ' ਕਹਿ ਕੇ ਸੱਦਿਆ ਕਰਦੇ ਸਨ।

ਚਕਰੈਲ ਤੇ ਗੁਰਮੁਖ ਸਿੰਘਾਂ ਦੀ ਲੁਕਵੀਂ ਸਹਾਇਤਾ ਨਾਲ ਪਹਾੜਾਂ, ਜੰਗਲਾਂ, ਬੇਲਿਆਂ ਤੇ ਛੰਭਾਂ ਵਿਚ ਦਿਨ ਗੁਜ਼ਾਰ ਰਹੇ ਰਾਠ ਸਿੰਘਾਂ ਦਾ ਕੁਝ ਸਮਾਂ ਤਾਂ ਸੌਖਾ ਲੰਘ ਗਿਆ, ਪਰ ਮੌਤ ਦੀ ਤਲਵਾਰ ਉਂਜ ਹੀ ਉਨ੍ਹਾਂ ਦੇ ਸਿਰ ਉਤੇ ਲਟਕਦੀ ਰਹੀ। ਅਜ਼ਮਾਇਸ਼ ਦੇ ਦਿਨ ਅਜੇ ਬਾਕੀ ਸਨ। ਕੀ ਕਿਹਾ ਜਾ ਸਕਦੈ ਕਿ ਇਹ ਮੁਸੀਬਤਾਂ ਦਾ ਸਮਾਂ ਸਿੱਖਾਂ ਲਈ ਪਰਖ ਦੀ ਘੜੀ ਸੀ ਜਾਂ ਖ਼ਾਲਸੇ ਵਿਚੋਂ ਖੋਟ ਕੱਢਣ ਲਈ ਕੋਈ ਰੱਬੀ ਕਾਰ। ਇਹ ਕੁਠਾਲੀ ੧੭੧੦ ਤੋਂ ੧੭੫੬ ਈ: ਤਕ ਤਪਦੀ ਰਹੀ ਤੇ ਖ਼ਾਲਸਾ ਹਰ ਤਾਉ ਖਾ ਕੇ ਨਿਗਰ ਤੇ ਨਿਰੋਲ ਕੁੰਦਨ ਬਣਦਾ ਗਿਆ। ਕੁੰਦਨ ਨੂੰ ਸੌ ਅੱਗ ਦੇਵੋ, ਕੁੰਦਨ ਨਾ ਘਟਦਾ ਹੈ ਨਾ ਸੜਦਾ ਹੈ। ਹਰ ਪਰਖ ਮਗਰੋਂ ਰੰਗ ਰੂਪ ਜ਼ਿਆਦਾ ਨਿਖਰ ਕੇ ਚੜ੍ਹਦਾ ਹੈ। ਲਾਹੌਰ ਦੇ ਗਵਰਨਰਾਂ ਅਸਲਮ ਖ਼ਾਨ, ਜ਼ਬਰਦਸਤ ਖ਼ਾਨ, ਅਬਦੁ-ਸਮੱਦ ਖ਼ਾਨ, ਜ਼ਕਰੀਆ ਖ਼ਾਨ, ਯਾਹੀਆ ਖ਼ਾਨ ਤੇ ਮੀਰ ਮੰਨੂੰ ਲਗਾਤਾਰ ੪੬ ਸਾਲ ਆਪਣੀ ਸਖ਼ਤੀ ਦੀ ਕੁਠਾਲੀ ਨੂੰ ਤਪਾਉਂਦੇ ਰਹੇ। ਕੋਈ ਢਿਲ ਨਹੀਂ ਛੱਡੀ, ਪੂਰੀ ਪੂਰੀ ਵਾਹ ਲਾਈ। ਆਪਣੀ ਜਾਚੇ ਸਿੱਖੀ ਨੂੰ ਖ਼ਤਮ ਕਰਦੇ ਰਹੇ। ਪਰ ਦੂਜੇ ਪਾਸੇ ਖ਼ਾਲਸਾ ਹਰ ਪਰਖ ਵਿਚ ਨਿਰੋਲ ਕੁੰਦਨ ਬਣਦਾ ਗਿਆ।

ਅਬਦੁ-ਸਮੱਦ ਖ਼ਾਨ ਪੰਜਾਬ ਦੇ ਉੱਤਰ ਵਿਚ ਕਸ਼ਮੀਰ ਅੰਦਰ ਅਮਨ ਅਮਾਨ ਕਾਇਮ ਕਰ ਕੇ ਮਸਾਂ ਹੀ ਵੇਹਲਾ ਹੋਇਆ ਸੀ ਕਿ ਪੰਜਾਬ ਦੇ ਲਹਿੰਦੇ ਵਿਚ ਰਾਮ-ਰੌਲਾ ਪੈ ਗਿਆ। ਇਸ ਪਾਸੇ ਦੇ ਧਾੜਵੀ ਕਬੀਲਿਆਂ ਦੇ ਕਈ ਆਪ-ਹੁਦਰੇ ਤੇ ਬੇ-ਲਗਾਮ ਲੋਕਾਂ ਸਰਕਾਰ ਦਾ ਡਰ ਭੁਲਾ ਕੇ ਦਿਨ-ਦੀਵੀਂ ਪਿੰਡਾਂ ਵਿਚ ਧਾੜੇ ਮਾਰਨੇ ਸ਼ੁਰੂ ਕਰ ਦਿਤੇ। ਮਾਝਾ ਤਾਂ ਪਹਿਲਾਂ ਹੀ ਇਨ੍ਹਾਂ ਕੰਮਾਂ ਦਾ ਮੋਹਰੀ ਰਿਹਾ ਸੀ। ਹੁਣ ਮਾਲਵੇ, ਸਰਸੇ, ਹਾਂਸੀ, ਭਵਾਨੀ, ਨੀਲੀ ਤੇ ਗੰਜੀ ਬਾਰਾਂ ਵਿਚ ਭੱਟੀ, ਡੋਗਰੇ, ਸਿਆਲ, ਖਰਲ ਅਤੇ ਬਲੋਚਾਂ ਨੇ ਪਿੰਡਾਂ ਦੇ ਪਿੰਡ ਲੁਟ ਖਾਧੇ। ਸਭ ਤੋਂ ਅਜੀਬ ਗੱਲ ਇਹ ਹੋਈ ਕਿ ਇਹ ਸਾਰੀਆਂ ਲੁੱਟਾਂ, ਡਾਕੇ ਅਤੇ ਧਾੜੇ ਸਿੱਖਾਂ ਦੇ ਸਿਰ ਮੜ੍ਹੇ ਗਏ।

ਜ਼ਕਰੀਆ ਖ਼ਾਨ ਪੰਜਾਬ ਦਾ ਗਵਰਨਰ ਬਣਿਆ (੧੭੨੬ ਈ:)

ਜਦ ਇਸ ਗਾਮ-ਰੌਲੇ ਦੀ ਹਾਹਾਕਾਰ ਬਾਦਸ਼ਾਹ ਨੂੰ ਦਿੱਲੀ ਅੱਪੜੀ ਤਾਂ ਉਸ ਨੇ ਅਬਦੁ-ਸਮੱਦ ਖ਼ਾਨ ਨੂੰ ਲਾਹੌਰੋਂ ਬਦਲ ਕੇ ਮੁਲਤਾਨ ਦਾ ਗਵਰਨਰ ਬਣਾ ਦਿਤਾ ਤੇ ਉਸ ਦੇ ਪੁੱਤਰ ਜ਼ਕਰੀਆ ਖ਼ਾਨ ਨੂੰ ਕਸ਼ਮੀਰ ਤੋਂ ਬਦਲ ਕੇ ਲਾਹੌਰ ਦਾ ਗਵਰਨਰ ਬਣਾ ਦਿੱਤਾ। ਇਹ ਗੱਲ ੧੭੨੬ ਈ: ਦੀ ਹੈ। ਜ਼ਕਰੀਆ ਖ਼ਾਨ ਭਰ ਜਵਾਨੀ ਤੇ ਕਈਆਂ ਮੁਹਿੰਮਾਂ ਵਿਚ-ਦੀ ਲੰਘਿਆ ਹੋਇਆ ਇਕ ਤਜਰਬੇਕਾਰ ਹਾਕਮ ਸੀ। ਉਹ ਬੰਦਾ ਸਿੰਘ ਦੇ ਵਿਰੁਧ ਵੀ ਆਖ਼ਰੀ ਮੁਹਿੰਮ ਵਿਚ ਹਿੱਸਾ ਲੈ ਚੁਕਿਆ ਸੀ। ਬੰਦਾ ਸਿੰਘ ਤੇ ਉਸ ਦੇ ਸਾਥੀ ਸਿੰਘਾਂ ਨੂੰ ਕੈਦੀ ਹਾਲਤ ਵਿਚ ਦਿੱਲੀ ਵੱਲ ਨੂੰ ਇਸ ਦੀ ਸਰਦਾਰੀ ਥੱਲੇ ਹੀ ਲਿਜਾਇਆ ਗਿਆ ਸੀ। ਇਸ ਨੂੰ ਆਪਣੀ ਯੋਗਤਾ ਉਤੇ ਕਾਫ਼ੀ ਭਰੋਸਾ ਤੇ ਮਾਣ ਸੀ, ਜੋ ਇਕ ਖ਼ਾਸ ਹੱਦ ਤਕ ਜਾਇਜ਼ ਤੇ ਵਾਜਬ ਵੀ ਸੀ।

ਲਾਹੌਰ ਦੀ ਸੂਬੇਦਾਰੀ ਦੇ ਚਾਉ ਵਿਚ ਸਿੱਖਾਂ ਦੀ ਉਭਰ ਰਹੀ ਤਾਕਤ ਨੂੰ ਦਬਾਉਣ ਲਈ ਤੇ ਆਪਣੀ ਸਿਆਣਪ ਤੇ ਲਿਆਕਤ ਦਾ ਸਿੱਕਾ ਜਮਾਉਣ ਵਾਸਤੇ ਜ਼ਕਰੀਆ ਖ਼ਾਨ ਨੇ ਆਪਣੇ ਬਾਪ ਦੀ ਨੀਤੀ ਬਦਲ ਦਿਤੀ ਤੇ ਸਿੱਖਾਂ ਵਿਰੁਧ ਨਵੇਂ ਸਿਰੇ ਸਖ਼ਤੀ ਦਾ ਦੌਰ ਸ਼ੁਰੂ ਕਰ ਦਿਤਾ।

ਕਨ੍ਹਈਆ ਲਾਲ ਆਪਣੀ ਪੁਸਤਕ *ਤਵਾਰੀਖ਼ ਪੰਜਾਬ* ਵਿਚ ਇਸ ਗੱਲ ਦੀ ਸਾਫ਼ ਗਵਾਹੀ ਦੇਂਦਾ ਹੈ ਕਿ ਜ਼ਕਰੀਆ ਖ਼ਾਨ ਨੂੰ ਲਾਹੌਰ ਦੀ ਸੂਬੇਦਾਰੀ ਮਿਲੀ ਹੀ ਇਹ ਤੜ੍ਹ ਮਾਰਨ 'ਤੇ ਸੀ ਕਿ "ਜੇ ਹਜ਼ੂਰ ਸ਼ਹਿਨਸ਼ਾਹ ਮੈਨੂੰ ਪੰਜਾਬ ਦੀ ਨਜ਼ਾਮਤ ਦਾ ਅਹੁਦਾ ਬਖ਼ਸ਼ ਦੇਣ ਤਾਂ ਮੈਂ ਮਾਝੇ, ਦੁਆਬੇ ਅਤੇ ਮਾਲਵੇ ਵਿਚ ਸਿੱਖਾਂ ਦਾ

ਕਿਧਰੇ ਨਾਮ-ਨਿਸ਼ਾਨ ਬਾਕੀ ਨਾ ਛੱਡਾਂ, ਬਲਕਿ ਧਰਤੀ ਤੋਂ ਇਨ੍ਹਾਂ ਦਾ ਖੁਰਾ-ਖੋਜ ਹੀ ਮਿਟਾਅ ਦਿਆਂ।....."

ਚੁਨਾਂਚਿ ਇਸ ਨੇ ਸੂਬੇਦਾਰ ਬਣਦੇ ਸਾਰ ਸਿੱਖਾਂ ਵਿਰੁੱਧ ਇਕ ਤਕੜੀ ਘੋੜ-ਚੜ੍ਹੀ ਤੇ ਪਿਆਦਾ ਗਸ਼ਤੀ ਫ਼ੌਜ ਤਿਆਰ ਕੀਤੀ ਅਤੇ ਹੁਕਮ ਦੇ ਦਿਤਾ ਕਿ ਪ੍ਰਾਂਤ ਦੇ ਬੜੇ ਬੜੇ ਕਸਬਿਆਂ, ਬਸਤੀਆਂ, ਰਾਹਾਂ, ਪੱਤਣਾਂ ਤੇ ਘਾਟਾਂ ਦੀ ਰਾਖੀ ਕਰੇ। ਗਸ਼ਤ ਜਾਰੀ ਰਹੇ। ਲੋੜ ਪੈਣ 'ਤੇ ਦੂਜੀ ਥਾਂ 'ਤੇ ਜਾਣ ਲਈ ਸਦਾ ਤਿਆਰ ਰਹੇ। ਜਸੂਸਾਂ ਤੇ ਸੂਹੀਆਂ ਦਾ ਬੜਾ ਤਕੜਾ ਜਾਲ ਵਿਛਾ ਦਿਤਾ, ਜੋ ਸਿੱਖਾਂ ਬਾਰੇ ਖਬਰਾਂ ਦੇਣ। ਇਹ ਫ਼ੌਜ ਸੂਹ ਲੱਗਣ 'ਤੇ ਉਸ ਥਾਂ ਪੁੱਜ ਕੇ ਸਿੱਖਾਂ ਨੂੰ ਪਕੜ ਕੇ ਲਾਹੌਰ ਪਹੁੰਚਾ ਦੇਵੇ। ਸਿੱਖਾਂ ਦੇ ਸਿਰਾਂ ਦੇ ਇਨਾਮ ਰੱਖ ਦਿਤੇ ਗਏ। ਬੱਸ ਫਿਰ ਢਿਲ ਕਾਹਦੀ ਸੀ, ਬੇਸ਼ੁਮਾਰ ਬੇਗੁਨਾਹ ਸਿਖ—ਬੱਚੇ, ਬਿਰਧ ਤੇ ਜਵਾਨ ਜ਼ੰਜੀਰਾਂ ਵਿਚ ਜਕੜ ਕੇ ਲਾਹੌਰ ਪਹੁੰਚਾ ਦਿਤੇ ਜਾਂਦੇ, ਜਿਥੇ ਉਨ੍ਹਾਂ ਨੂੰ ਬਜ਼ਾਰਾਂ ਤੇ ਘੋੜਾ ਮੰਡੀ (ਨਖ਼ਾਸ) ਵਿਚ ਬੜੇ ਭਾਰੀ ਤਸੀਹੇ ਦੇ ਦੇ ਕੇ ਖ਼ਲਕਤ ਦੇ ਸਾਹਮਣੇ ਕਤਲ ਕਰਾ ਦਿੱਤਾ ਜਾਂਦਾ।[1] ਇਸ ਤਰ੍ਹਾਂ ਹਜ਼ਾਰਾਂ ਹੀ ਸਿਖ ਕਤਲ ਕਰ ਦਿਤੇ ਗਏ।

---

੧. ਮੁਹੰਮਦ ਲਤੀਫ਼, *ਹਿਸਟਰੀ ਆਫ਼ ਦੀ ਪੰਜਾਬ*, ਸਫ਼ਾ ੧੯੩।

(੫)

ਸਿੰਘ ਫਿਰ ਘਰ-ਘਾਟ ਛੱਡ ਕੇ ਜੰਗਲਾਂ, ਪਹਾੜਾਂ ਤੇ ਥਲਾਂ ਵਿਚ

ਅਬਦੁ-ਸਮੱਦ ਖ਼ਾਨ ਦੀ ਨਿਜ਼ਾਮਤ ਦੇ ਅਖ਼ੀਰਲੇ ਸਾਲਾਂ ਵਿਚ ਜੋ ਸਿਖ ਘਰੀਂ ਆਣ ਵੱਸੇ ਸਨ, ਮੁੜ ਦੂਬਾਰਾ ਘਰ-ਘਾਟ ਛੱਡ ਕੇ ਰਾਵੀ ਦੀਆਂ ਝਲਾਂ, ਕਾਹਨੂੰਵਾਨ ਦਿਆਂ ਛੰਭਾਂ, ਸ਼ਿਵਾਲਕ ਪਹਾੜ ਦੀਆਂ ਪੜੋਲਾਂ, ਕਠੂਆ, ਢੋਲਬਾਹਾ, ਅਨੰਦਪੁਰ ਆਦਿ ਦੇ ਪਾਰ ਦੀਆਂ ਖੱਡਾਂ ਵਿਚ ਜਾ ਵੜੇ। ਕਈ ਮਾਲਵੇ ਲਖੀ ਜੰਗਲ ਵਲ ਨੂੰ ਨਿਕਲ ਗਏ ਤੇ ਉਥੋਂ ਅੱਗੇ ਬੀਕਾਨੇਰ ਦੇ ਰੇਤਲੇ ਥਲਾਂ ਵਿਚ ਚਲੇ ਗਏ। ਇਨ੍ਹਾਂ ਦੇ ਜੰਗੀ ਜੌਹਰਾਂ ਨੂੰ ਵੇਖ ਕੇ ਬੀਕਾਨੇਰ ਤੇ ਜੈਪੁਰ ਦਿਆਂ ਰਾਜਿਆਂ ਨੇ ਰਿਆਸਤਾਂ ਵਿਚ ਸਰਕਾਰੀ ਅਹੁਦੇ ਦੇ ਦਿਤੇ।

ਬੀਕਾਨੇਰੀਏ ਰਾਜੇ ਨੂੰ ਕਮਜ਼ੋਰ ਜਾਣ ਕੇ ਬਹਾਵਲਪੁਰ ਦੇ ਮੁਸਲਮਾਨਾਂ ਨੇ ਬੜਾ ਤੰਗ ਕੀਤਾ ਹੋਇਆ ਸੀ। ਜਦੋਂ ਜੀਅ ਕਰਦਾ, ਧਾੜਾਂ ਦੀਆਂ ਧਾੜਾਂ ਰਿਆਸਤ ਵਿਚ ਆਣ ਵੜਦੀਆਂ ਤੇ ਪਿੰਡਾਂ ਨੂੰ ਲੁਟ-ਪੁਟ ਲੈਂਦੇ ਅਤੇ ਊਠ, ਗਊਆਂ ਤੇ ਭੇਡਾਂ ਬਕਰੀਆਂ ਹਿਕ ਕੇ ਬਹਾਵਲਪੁਰ ਦੀ ਹੱਦ ਵਿਚ ਜਾ ਵੜਦੇ। ਬਹਾਵਲਪੁਰੀਆ ਨਵਾਬ ਵੀ ਹਿੱਕ ਦੇ ਜ਼ੋਰ ਨਾਲ ਕਾਫ਼ੀ ਇਲਾਕਾ ਬੀਕਾਨੇਰ ਦਾ ਮੱਲੀ ਬੈਠਾ ਸੀ। ਨਵੇਂ ਸੂਰਜ ਨਵੀਂ ਛੇੜਖ਼ਾਨੀ ਹੁੰਦੀ ਰਹਿੰਦੀ ਸੀ। ਬੀਕਾਨੇਰ ਦੇ ਰਾਜੇ ਨੇ ਕੁਝ ਕੁ ਸਿੰਘ ਤਾਂ ਭਰਤੀ ਕੀਤੇ ਹੋਏ ਸਨ। ਇਨ੍ਹਾਂ ਦੇ ਵਸੀਲੇ ਨਾਲ ਬੀਕਾਨੇਰ ਵਿਚ ਵਿਚਰਨ ਵਾਲਿਆਂ ਸਿੰਘਾਂ ਨੂੰ ਸਹਾਇਤਾ ਲਈ ਕਿਹਾ। ਬਹਾਵਲਪੁਰੀਏ ਧਾੜਵੀ, ਜੋ ਹਊਆ ਬਣੇ ਹੋਏ ਸਨ, ਸਿੰਘਾਂ ਨੇ ਐਸੇ ਸਿਧੇ ਕੀਤੇ ਕਿ ਮੁੜ ਬੀਕਾਨੇਰ ਦੀ ਹੱਦ ਟਪਣ ਦਾ ਹੀਆ ਨਾ ਕੀਤਾ। ਬਹਾਵਲਪੁਰੀਏ ਨੇ ਜੋ ਇਲਾਕਾ ਨਪਿਆ ਹੋਇਆ ਸੀ, ਸਿੰਘਾਂ ਦੀ ਤਾਕਤ ਵੇਖ ਕੇ ਆਪਣੇ ਆਪ ਹੀ ਵਾਪਸ ਕਰ ਦਿਤਾ। ਬਹਾਵਲਪੁਰੀਏ ਐਸੇ ਸਿਧੇ ਹੋਏ ਕਿ ਮੁੜ ਕੰਨ ਵਿਚ ਪਾਏ ਨਾ ਦੁਖੇ।

ਬੀਕਾਨੇਰੀਏ ਰਾਜੇ ਨੇ ਸਿੰਘਾਂ ਨੂੰ ਸਤਿਕਾਰ ਵਜੋਂ ਜਗ੍ਹਾ ਦਿਤੀ

ਰਾਜੇ ਨੂੰ ਚੰਗੇ ਸਹਾਇਕ ਤੇ ਸਰਹੱਦ ਦੇ ਡਾਢੇ ਤਕੜੇ ਰਖਵਾਲੇ ਮਿਲ ਗਏ ਸਨ। ਇਨ੍ਹਾਂ ਨੂੰ ਇਥੇ ਟਿਕਿਆਂ ਰਖਣ ਲਈ ਉਹ ਜੰਗਲ ਦਾ ਇਲਾਕਾ, ਜਿਸ ਨੂੰ ਪਹਿਲਾਂ ਬੁਢੀ ਜੌਹੜੀ[1] ਕਿਹਾ ਜਾਂਦਾ ਸੀ, ਤੇ ਇਸ ਦੇ ਨੀਵੇਂ ਹਿਸੇ ਵਿਚ ਬਰਸਾਤਾਂ ਦਾ ਕਾਫ਼ੀ ਪਾਣੀ ਜਮ੍ਹਾ ਹੋ ਜਾਂਦਾ ਸੀ, ਤੇ ਆਸ ਪਾਸ ਘਾਹ-ਪੱਠਾ ਵੀ ਕਾਫ਼ੀ ਹੋ ਜਾਂਦਾ ਸੀ, ਸਿੰਘਾਂ ਨੂੰ ਬੜੇ ਸਤਿਕਾਰ ਨਾਲ ਭੇਟ ਕਰ ਦਿਤਾ। ਸਿੰਘਾਂ ਨੇ ਰਾਜੇ ਦੀ ਪੱਕੇ ਤੌਰ 'ਤੇ ਨੌਕਰੀ ਤਾਂ ਨਾ ਕਬੂਲੀ, ਪਰ ਉਸ ਨੂੰ ਵਿਸ਼ਵਾਸ ਦਿਵਾ ਦਿਤਾ ਕਿ ਸਾਡੇ ਹੁੰਦਿਆਂ ਇਸ ਪਾਸੇ ਵਲ ਕੋਈ ਅੱਖ ਚੁਕ ਕੇ ਵੀ ਨਹੀਂ ਵੇਖੇਗਾ। ਜਦ ਵੀ ਹੋਰ ਕਿਤੇ ਸਹਾਇਤਾ ਦੀ ਲੋੜ ਪਈ, ਖ਼ਾਲਸਾ ਮੈਦਾਨ ਵਿਚ ਆਣ ਗੱਜੂਗਾ। ਬੁਢਾ ਜੌਹੜ ਬਹਾਵਲਪੁਰ ਦੀ ਹੱਦ ਲਾਗੇ ਹੈ। ਸਿੰਘਾਂ ਨੇ ਜਦ ਇਥੇ ਟਿਕਾਣਾ ਕਰ ਲਿਆ, ਫਿਰ ਬਹਾਵਲਪੁਰੀਆਂ ਕਦੀ ਇਸ ਪਾਸੇ ਨਾ ਝਾਕਿਆ।

ਥੋੜੇ ਹੀ ਸਮੇਂ ਵਿਚ ਜ਼ਕਰੀਆ ਖ਼ਾਨ ਨੇ ਪੰਜਾਬ ਦੇ ਪ੍ਰਬੰਧ ਵਿਚ ਚੰਗਾ ਸੁਧਾਰ ਕਰ ਲਿਆ। ਇਕ ਹੱਦ ਤਕ ਉਸ ਦੇ ਪ੍ਰਬੰਧ ਵਿਚ ਮੁੜ ਅਮਨ ਚੈਨ ਹੋ ਗਿਆ। ਬਰਾੜ, ਭੱਟੀ, ਰੰਘੜ, ਬੋਦਲੇ, ਖਰਲ, ਬਲੋਚ, ਪਚਾਧੇ, ਡੋਗਰ ਤੇ ਹੋਰ ਮਾਰਾਂ-ਧਾੜਾਂ ਕਰਨ ਵਾਲੇ ਦਬਾਅ ਦਿਤੇ ਗਏ। ਸਿਖ ਵੀ ਭਾਵੇਂ ਝਲਾਂ,

---

੧. ਸਿੰਘਾਂ ਨੇ ਇਸ ਦਾ ਨਾਂ ਬਦਲ ਕੇ 'ਬੁਢਾ ਜੌਹੜ' ਰਖ ਦਿਤਾ। ਅੱਜ ਵੀ ਇਸ ਨੂੰ 'ਬੁੱਢਾ ਜੌਹੜ' ਹੀ ਕਿਹਾ ਜਾਂਦਾ ਹੈ ਤੇ ਇਸ ਜਗ੍ਹਾ ਬਹੁਤ ਹੀ ਆਲੀਸ਼ਾਨ ਗੁਰਦੁਆਰਾ ਸਾਹਿਬ ਬਣਿਆ ਹੋਇਆ ਹੈ।

ਜੰਗਲਾਂ, ਛੰਭਾਂ, ਪਹਾੜਾਂ, ਖੱਡਾਂ ਤੇ ਰਾਜਸਥਾਨ ਦਿਆਂ ਮਾਰੂ-ਥਲਾਂ ਵਿਚ ਦਿਨ-ਕਟੀ ਲਈ ਜਾ ਟਿਕੇ, ਪਰ ਫਿਰ ਵੀ ਪਿਛੇ ਰਹਿ ਗਏ ਸਿਰਲਥ ਰਾਠ ਸਿੰਘ ਪੰਜਾਬ ਵਿਚ ਫਿਰਦੀਆਂ ਗਸ਼ਤੀ ਫ਼ੌਜਾਂ, ਆਮਲਾਂ, ਚੌਧਰੀਆਂ ਤੇ ਚੁਗ਼ਲਾਂ ਨੂੰ ਕਿਤੇ ਫ਼ਤਹ ਆਣ ਹੀ ਬੁਲਾਉਂਦੇ। ਕੱਟਕ ਚੜ੍ਹਨੇ ਤੇ ਵਾਹਰਾਂ ਨਿਕਲਣੀਆਂ ਤਾਂ ਭਾਵੇਂ ਬੰਦ ਹੋ ਗਈਆਂ, ਪਰ ਧਾੜੇ ਵਜਣੋਂ ਤੇ ਕਾਫ਼ਲੇ ਲੁਟੇ ਜਾਣੋਂ ਬੰਦ ਨਾ ਹੋਏ। ਜ਼ਕਰੀਆ ਖ਼ਾਨ ਪੰਜਾਬ ਵਿਚ ਸਿੰਘਾਂ ਦੀ ਹੋਂਦ ਨੂੰ ਬੜੀ ਵੱਡੀ ਵੰਗਾਰ ਸਮਝਦਾ ਸੀ। ਉਸ ਨੇ ਇਥੋਂ ਦੀ ਸੂਬੇਦਾਰੀ ਲਈ ਹੀ ਇਸ ਵਾਇਦੇ 'ਤੇ ਸੀ ਕਿ ਸਿਖ ਨਾਮ ਦਾ ਦੁਨੀਆ 'ਚੋਂ ਖ਼ਾਤਮਾ ਕਰ ਦੇਵੇਗਾ। ਤੇ ਜੇ ਸਿਖ ਇੰਜ ਹੀ ਨਜ਼ਰ ਆਉਂਦੇ ਰਹੇ ਤਾਂ ਸ਼ਹਿਨਸ਼ਾਹ ਦਿੱਲੀ ਨੂੰ ਕੀ ਮੂੰਹ ਵਿਖਾਏਗਾ। ਇਸ ਸਥਿਤੀ ਨੇ ਉਸ ਨੂੰ ਹਦੋਂ ਵਧ ਤਾਉ ਦਿਤਾ।

ਗਸ਼ਤੀ ਫ਼ੌਜ ਦਾ ਪੁਨਰ-ਗਠਨ

ਜ਼ਕਰੀਆ ਖ਼ਾਨ ਨੇ ਆਪਣੇ ਬਾਪ ਅਬਦੁ-ਸਮੱਦ ਖ਼ਾਨ ਵਲੋਂ ਬਣਾਈ ਗਸ਼ਤੀ ਫ਼ੌਜ ਨੂੰ ਮੁੜ ਨਵੇਂ ਸਿਰਿਓਂ ਚੰਗੀ ਤਰ੍ਹਾਂ ਲਾਮਬੰਦ ਕੀਤਾ ਤੇ ਇਸ ਦੀ ਗਿਣਤੀ ਵੀ ਵਧਾ ਦਿਤੀ। ਨਾਲ ਹੀ ਸੂਹੀਆਂ ਦਾ ਜਾਲ ਹੋਰ ਚੰਗੀ ਤਰ੍ਹਾਂ ਤਣ ਦਿਤਾ। ਚੌਧਰੀਆਂ ਨੂੰ ਸਿੱਖਾਂ ਵਿਰੁੱਧ ਵਧੇਰੇ ਤਕੜਾਈਆਂ ਕੀਤੀਆਂ ਗਈਆਂ। ਮਾਝੇ ਦਿਆਂ ਚੌਧਰੀਆਂ ਨੂੰ ਲਾਹੌਰ ਸੱਦ ਕੇ ਉਨ੍ਹਾਂ ਤੋਂ ਲਿਖਤਾਂ ਲਈਆਂ ਗਈਆਂ ਕਿ ਜੇ ਕਿਸੇ ਦੇ ਪਿੰਡ ਜਾਂ ਅਧੀਨ ਤਪੇ ਵਿਚ ਕੋਈ ਸਿਖ ਵੇਖਿਆ ਜਾਂ ਫਿਰਦਾ ਸੁਣਿਆ ਗਿਆ ਤੇ ਉਹ ਉਸ ਨੂੰ ਜ਼ਿੰਦਾ ਜਾਂ ਮਾਰ ਕੇ ਲਿਆ ਨਾ ਸਕਿਆ ਤਾਂ ਚੌਧਰ ਖ਼ਤਮ, ੧੦੦ ਰੁਪਏ ਸਿਰ ਦੇ ਹਿਸਾਬ ਨਾਲ ਜੁਰਮਾਨਾ ਤੇ ਹੋਰ ਸਜ਼ਾ ਵਖਰੀ। ਹਾਂ, ਜੋ ਇਸ ਕੰਮ ਵਿਚ ਪੂਰੀ ਤਨਦੇਹੀ, ਈਮਾਨਦਾਰੀ ਤੇ ਨੇਕਨੀਤੀ ਨਾਲ ਸਰਕਾਰ ਦੀ ਸਹਾਇਤਾ ਕਰਨਗੇ, ਉਨ੍ਹਾਂ ਨੂੰ ਇਨਾਮ ਮਿਲੇਗਾ, ਮਾਣ ਸਤਿਕਾਰ ਦੂਣਾ ਚੌਣਾ ਕੀਤਾ ਜਾਵੇਗਾ ਤੇ ਮੂੰਹ-ਮੰਗੀਆਂ ਮੁਰਾਦਾਂ ਮਿਲਣਗੀਆਂ। ਜੇ ਚੌਧਰੀਆਂ ਦਾ ਕੋਈ ਨੁਕਸਾਨ ਹੋ ਜਾਏ ਤਾਂ ਉਹ ਸਰਕਾਰ ਪੂਰਾ ਕਰੇਗੀ।

ਬਸ ਫਿਰ ਢਿਲ ਕਾਹਦੀ ਰਹਿਣੀ ਸੀ। ਸਿੱਖਾਂ ਉੱਤੇ ਕਹਿਰ ਟੁੱਟਣ ਲੱਗੇ। ਜਿਹੜੇ ਜਿਹੜੇ ਚੌਧਰੀਆਂ, ਆਮਲਾਂ, ਮੌਲਵੀ-ਮੁਲਾਣਿਆਂ ਆਦਿ ਦੇ ਬੰਦਾ ਸਿੰਘ ਬਹਾਦਰ ਵੇਲੇ ਨੁਕਸਾਨ ਹੋਏ ਸਨ, ਉਨ੍ਹਾਂ ਮਿਥ ਮਿਥ ਕੇ ਇਕ-ਵਢੋਂ ਸਿੱਖਾਂ ਨੂੰ ਝੂਠਿਆਂ ਦਾਅਵਿਆਂ ਵਿਚ ਫਸਾਉਣਾ ਸ਼ੁਰੂ ਕਰ ਦਿੱਤਾ। ਫੜ ਕੇ ਲਿਆਂਦੇ ਗਏ ਸਿੰਘਾਂ ਨੂੰ ਨਖ਼ਾਸ ਮੰਡੀ ਦੇ ਖੁਲ੍ਹੇ ਮੈਦਾਨ ਵਿਚ ਲੋਕਾਂ ਦੇ ਸਾਹਮਣੇ ਹੇਠ ਲਿਖੇ ਅਨੁਸਾਰ ਤਸੀਹੇ ਦਿਤੇ ਜਾਂਦੇ ਤੇ ਸਿੰਘਾਂ ਨੂੰ ਸ਼ਹੀਦ ਕੀਤਾ ਜਾਂਦਾ:

(੧) ਚਰਖੀ ਜਾਂ ਚਰਖੜੀ ਚਾੜ੍ਹਨਾ—ਮਾਰੇ ਜਾਣ ਵਾਲੇ ਨੂੰ ਇਕ ਫਿਰਨ ਵਾਲੇ

ਪਹੀਏ (ਚਰਖੇ ਦੇ ਫਿਰਦੇ ਫਟਾਂ ਵਾਂਗ) ਉਤੇ ਨਾੜੇ ਨਾਲ ਬੰਨ੍ਹ ਦਿਤਾ ਜਾਂਦਾ ਤੇ ਦੂਜਾ ਪਹੀਆ ਜਿਸ ਉਤੇ ਉਭਰਵੇਂ ਤਿਖੇ ਦੰਦੇ ਲੱਗੇ ਹੁੰਦੇ ਸਨ, ਉਹ ਨਾਲ ਲਾਏ ਜਗਾੜ ਨਾਲ ਧੱਕ ਕੇ ਲਾਗੇ ਕਰ ਦਿਤੇ ਜਾਂਦਾ। ਬੰਦਾ ਦੋਹਾਂ ਪਹੀਆਂ ਤੇ ਦੰਦਿਆਂ ਦੀ ਘੁਟ ਵਿਚ ਆ ਕੇ ਗੰਨੇ ਵਾਂਗ ਪੀੜਿਆ ਜਾਂਦਾ, ਹੱਡ ਪਸਲੀਆਂ ਟੁਟ ਜਾਂਦੇ, ਮਾਸ ਤੂੰਬਾ ਤੂੰਬਾ ਹੋ ਡਿਗਦਾ ਤੇ ਆਦਮੀ ਬੁਰੀ ਤਰ੍ਹਾਂ ਤੜਫ ਤੜਫ ਕੇ ਮਰਦਾ।

(੨) ਸੂਲੀ—ਇਕ ਗੱਡੇ ਹੋਏ ਫੱਟੇ ਉਤੇ ਖੜੇ ਰੁਖ਼ ਬੰਨ੍ਹ ਕੇ ਸਾਰੇ ਅੰਗਾਂ ਵਿਚ ਕਿਲ ਠੋਕੇ ਜਾਂਦੇ। ਮਰਨ ਵਾਲਾ ਇੰਜ ਟੰਗਿਆ ਰਹਿੰਦਾ ਤੇ ਹੇਠਾਂ ਲਹੂ ਦੇ ਛੱਪੜ ਲੱਗ ਜਾਂਦੇ। ਹਜ਼ਰਤ ਮਸੀਹ ਨੂੰ ਯਰੋਸ਼ਲਮ ਵਿਖੇ ਇੰਜ ਹੀ ਸੂਲੀ 'ਤੇ ਟੰਗਿਆ ਗਿਆ ਸੀ।

(੩) ਸੰਗ-ਸਾਰ ਕਰਨਾ—ਦੋਸ਼ੀ ਨੂੰ ਰੁੱਖ ਜਾਂ ਗੱਡੀ ਹੋਈ ਥੰਮ੍ਹੀ ਨਾਲ ਬੰਨ੍ਹ ਕੇ, ਲੋਕਾਂ ਦੂਰੋਂ ਇੱਟ ਵੱਟੇ ਤੇ ਪੱਥਰ ਮਾਰ ਮਾਰ ਕੇ ਮਾਰਨਾ।

(੪) ਗਲ ਵਿਚ ਫਾਹ ਦੇ ਕੇ ਮਾਰਨਾ।

(੫) ਤਸਮੇ ਕਸੀ—ਸਿੰਘ ਦੇ ਗਲ ਵਿਚ ਇਕ ਮੋਕਲਾ ਕੁੰਡਾ ਪਾ ਕੇ, ਜਿਸ ਵਿਚ ਉਸ ਦੀ ਧੌਣ ਚਾਰ-ਚੁਫੇਰ ਫਿਰ ਸਕੇ, ਤੇ ਕੁੰਡੇ ਨੂੰ ਉਪਰ ਮਜ਼ਬੂਤੀ ਨਾਲ ਜਕੜ ਲੈਣਾ। ਫੇਰ ਚੰਮ ਦੀਆਂ ਵਧਰਾਂ ਬਗਲਾਂ ਹੇਠ ਦੀ ਲੰਘਾ ਕੇ ਮਧਾਣੀ ਦੇ ਨੇਤਰੇ ਵਾਂਗ ਦੋਹਾਂ ਪਾਸਿਆਂ ਤੋਂ ਜੱਲਾਦਾਂ ਫੜ ਕੇ ਜ਼ੋਰ ਜ਼ੋਰ ਦੀ ਓਧਰੋਂ ਓਧਰੀ ਖਿਚ ਖਿਚ ਕੇ ਰਿੜਕਣਾ। ਇੰਜ ਛਾਤੀ ਚੂਰ ਚੂਰ ਕਰ ਕੇ ਮਾਰਨਾ।

(੬) ਮੁੰਗਲੀਆਂ ਨਾਲ ਕੁਟ ਕੇ ਮਾਰਨਾ।

(੭) ਜ਼ਿੰਦਾ ਜਲਾ ਦੇਣਾ—ਰੂੰ, ਲੋਗੜ ਜਾਂ ਲੀਰਾਂ-ਪਤੀਰਾਂ ਸਰੀਰ ਉਤੇ ਲਪੇਟ ਕੇ ਉਪਰ ਤੇਲ ਪਾ ਕੇ ਅੱਗ ਲਾ ਕੇ ਜ਼ਿੰਦਾ ਜਲਾ ਦੇਣਾ।

(੮) ਪੱਟ ਚੀਰ ਕੇ ਵਿਚ ਲੂਣ ਦੀਆਂ ਡਲੀਆਂ ਭਰ ਕੇ ਉਤੋਂ ਸੀਉਂ ਦੇਣਾ ਜਾਂ ਇੰਜ ਹੀ ਮੂੰਹ ਵਿਚ ਲੂਣ ਦਾ ਡਲਾ ਠੋਕ ਕੇ ਉਤੋਂ ਬੁਲ੍ਹ ਸੀਉਂ ਦੇਣੇ।

(੯) ਜੀਉਂਦੇ ਦ੍ਹੀ ਖਲ ਲਾਹ ਦੇਣੀ।

(੧੦) ਗਰਮ ਜਮੂਰਾਂ ਨਾਲ ਥੋੜਾ ਥੋੜਾ ਮਾਸ ਤੋੜ ਤੋੜ ਕੇ ਮਾਰਨਾ।

(੧੧) ਲੋਹੇ ਦੀਆਂ ਤੱਤੀਆਂ ਸੀਖਾਂ ਨਾਲ ਸਰੀਰ ਦਾ ਮਾਸ ਸਾੜ ਸਾੜ ਕੇ ਮਾਰਨਾ।

(੧੨) ਸੜਦਾ ਸੜਦਾ ਤੇਲ ਉਤੇ ਪਾ ਕੇ ਮਾਰਨਾ।

(੧੩) ਪਘਰਿਆ ਹੋਇਆ ਸਿੱਕਾ ਜਾਂ ਤੇਜ਼ਾਬ ਸੰਘ ਵਿਚ ਪਾ ਕੇ ਮਾਰਨਾ।

(੧੪) ਖ਼ੂਨੀ ਕੁੱਤਿਆਂ ਅਗੇ ਸੁਟ ਕੇ ਤੁੜਵਾ ਦੇਣਾ।

(੧੫) ਧਰਤੀ ਵਿਚ ਲੱਕ ਤਾਈਂ ਗੱਡ ਕੇ ਥੋਥੇ (ਬਿਨ ਲੋਹੇ ਦੀਆਂ ਮੁਖੀਆਂ ਦੇ) ਤੀਰਾਂ ਨਾਲ ਮਾਰਨਾ।

(੧੬) ਹਾਥੀਆਂ ਤੋਂ ਮਿਧਾ ਕੇ ਜਾਂ ਉਨ੍ਹਾਂ ਦੀਆਂ ਲੱਤਾਂ ਨਾਲ ਬੰਨ੍ਹ ਕੇ ਧੂਹ ਧੂਹ ਕੇ ਮਾਰਨਾ।

(੧੭) ਸਿਰ ਕੱਟ ਦੇਣ ਨੂੰ ਸਭ ਤੋਂ ਸੌਖੀ ਤੇ ਰਹਿਮ ਵਾਲੀ ਸਜ਼ਾ ਦਸਿਆ ਜਾਂਦਾ ਸੀ।

ਭੇਤ ਪੁੱਛਣ ਲਈ ਨਹੁੰਆਂ ਦੇ ਹੇਠਲੇ ਪਾਸੇ ਸੂਈਆਂ ਮੇਖਾਂ ਠੋਕਣੀਆਂ ਜਾਂ ਜਮੂਰਾਂ ਨਾਲ ਨਹੁੰ ਮਾਸ ਵਿਚੋਂ ਖਿਚ ਦੇਣੇ ਆਮ ਗੱਲ ਸੀ। ਯਾਦ ਰਹੇ ਕਿ ਖ਼ਾਨ ਬਹਾਦਰ ਨੇ ਮੁਫ਼ਤੀ ਦੇ ਫ਼ਤਵੇ ਅਨੁਸਾਰ ਉਪਰ ਦਸਿਆਂ ਢੰਗਾਂ ਤੋਂ ਵੀ ਵਧ ਭਿਆਨਕ ਤਸੀਹੇ ਭਾਈ ਮਨੀ ਸਿੰਘ ਤੇ ਭਾਈ ਤਾਰੂ ਸਿੰਘ ਜੀ ਨੂੰ ਦਿਵਾ ਕੇ ਸ਼ਹੀਦ ਕੀਤਾ ਸੀ। ਭਾਈ ਮਨੀ ਸਿੰਘ ਦੇ ਬੰਦ ਬੰਦ ਕਟਵਾਏ ਸਨ ਤੇ ਭਾਈ ਤਾਰੂ ਸਿੰਘ ਦਾ ਜੀਊਂਦੇ ਦਾ ਖੋਪਰਾ ਲੁਹਾ ਦਿਤਾ ਸੀ।

ਇਹ ਤਾਂ ਸਨ ਉਹ ਤਸੀਹੇ ਜੋ ਫੜ ਕੇ ਲਿਆਂਦਿਆਂ ਨੂੰ ਲਾਹੌਰ ਨਖ਼ਾਸ ਵਾਲੀ ਥਾਂ ਦਿਤੇ ਜਾਂਦੇ ਤੇ ਫਿਰ ਉਹ ਮਾਰ ਮੁਕਾਏ ਜਾਂਦੇ। ਜਿਹੜੇ ਕਾਬੂ ਨਹੀਂ ਸਨ ਆਉਂਦੇ ਤੇ ਫ਼ੌਜਾਂ ਨਾਲ ਟੱਕਰੇ ਰਹਿੰਦੇ ਸਨ, ਉਨ੍ਹਾਂ ਦੇ ਸਿਰ ਪਈ ਹੋਈ ਬਿਪਤਾ ਹੋਰ ਵੀ ਭਿਆਨਕ ਸੀ। ਗਸ਼ਤੀ ਫ਼ੌਜਾਂ ਹਮੇਸ਼ਾ ਉਨ੍ਹਾਂ ਦੇ ਪਿਛੇ ਸ਼ਿਕਾਰੀਆਂ ਵਾਂਗ ਲਗੀਆਂ ਰਹਿੰਦੀਆਂ। ਉਹ ਦਿਨ ਕਿਤੇ ਤੇ ਰਾਤ ਕਿਤੇ ਕਟਦੇ। ਉਨ੍ਹਾਂ ਨੂੰ ਫੜਨ ਲਈ ਜੰਗਲਾਂ, ਝਲਾਂ, ਬੇਲੇ, ਵੱਢੇ ਜਾਂ ਸਾੜੇ ਫੂਕੇ ਜਾਂਦੇ, ਤਾਕਿ ਉਹ ਕਿਤੇ ਲੁਕ ਛਿਪ ਕੇ ਆਪਣੀ ਦਿਨ-ਕਟੀ ਨਾ ਕਰ ਸਕਣ। ਪਿੰਡਾਂ

ਦੀ ਵਸੋਂ ਨੂੰ ਸਖ਼ਤ ਹਦਾਇਤਾਂ ਸਨ ਕਿ ਉਨ੍ਹਾਂ ਨੂੰ ਕੋਈ ਖਾਣ ਪੀਣ ਜਾਂ ਹੋਰ ਵਰਤ-ਵਰਤਾ ਵਾਲੀਆਂ ਚੀਜ਼ਾਂ ਨਹੀਂ ਦੇਣੀਆਂ। ਜ਼ਖ਼ਮੀ ਹੋਣ ਜਾਂ ਬੀਮਾਰੀ ਦੀ ਹਾਲਤ ਵਿਚ ਕਿਤੋਂ ਮਲ੍ਹਮ ਪੱਟੀ ਜਾਂ ਦਵਾ-ਦਾਰੂ ਦੀ ਆਸ ਨਹੀਂ ਸੀ। ਖੂਹਾਂ ਤੋਂ ਪਾਣੀ ਤਕ ਨਾ ਪੀਣ ਜਾਂ ਲੈਣ ਦਿਤਾ ਜਾਂਦਾ। ਹਰ ਜਗ੍ਹਾ ਨਦੀਆਂ ਦਾ ਪਾਣੀ ਨਹੀਂ ਸੀ ਮਿਲ ਸਕਦਾ। ਅੰਨ ਤੋਂ ਬਿਨਾਂ ਤਾਂ ਕੁਝ ਸਮੇਂ ਲਈ ਗੁਜ਼ਾਰਾ ਹੋ ਸਕਦੈ, ਪਰ ਪਾਣੀ ਤੋਂ ਬਿਨਾਂ ਵਕਤ ਕਟਣਾ ਬਹੁਤ ਕਠਨ ਹੈ। ਸਿੰਘ ਰਾਤ-ਬਰਾਤੇ ਵਸੋਂ ਲਾਗਲੇ ਖੂਹਾਂ ਤੋਂ ਪਾਣੀ ਕਢ ਕੇ ਲੈ ਜਾਂਦੇ। ਸਰਕਾਰ ਨੇ ਜਦ ਸਖ਼ਤੀ ਕਰ ਕੇ ਐਸੀ ਹਾਲਤ ਬਣਾ ਛਡੀ ਹੋਵੇ ਤਾਂ ਫਿਰ ਵਾਹੀ ਬੀਜੀ ਕਰ ਕੇ ਗੁਜ਼ਾਰਾ ਕਰ ਲੈਣ ਦਾ ਸਵਾਲ ਹੀ ਪੈਦਾ ਨਹੀਂ ਸੀ ਹੁੰਦਾ। ਇਹ ਲੋਕ ਖਾਣ ਤਾਂ ਕਿਥੋਂ ? ਸਪੱਸ਼ਟ ਹੈ ਕਿ ਇਹ ਲੋਕ, ਜੋ ਮੌਤ ਦੇ ਮੂੰਹ ਵਲ ਧਕ ਦਿਤੇ ਗਏ ਸਨ, ਸਰਕਾਰ ਤੇ ਚੌਧਰੀਆਂ ਦੇ ਬਦੋ ਬਦੀ ਪ੍ਰਾਹੁਣੇ ਬਣਦੇ। ਸਰਕਾਰੀ ਅਨਾਜ ਦਾਣਾ, ਦਾਰੂ ਸਿੱਕਾ ਜਾਂ ਖ਼ਜ਼ਾਨਾ ਲਈ ਜਾਂਦਿਆਂ ਗੱਡਿਆਂ, ਊਠਾਂ, ਖਚਰਾਂ ਦਿਆਂ ਕਾਫ਼ਲਿਆਂ ਨੂੰ ਲੁਟ ਲਿਆ ਜਾਂਦਾ ਤੇ ਇੰਜ ਲੰਗਰ ਦਾ ਪ੍ਰਬੰਧ ਹੋ ਜਾਂਦਾ। ਚੌਧਰੀਆਂ ਦਿਆਂ ਪਿੰਡਾਂ ਵਿਚੋਂ ਉਹ ਅਨਾਜ, ਜੋ ਸਰਕਾਰ ਲਈ ਇਕੱਠਾ ਕੀਤਾ ਜਾਂਦਾ, ਮੌਕਾ ਪਾ ਕੇ ਝਪਟ ਲ਼ਿਆ ਜਾਂਦਾ। ਜਦ ਕੁਝ ਸਮੇਂ ਲਈ ਕੋਈ ਸ਼ਿਕਾਰ ਅੜਿੱਕੇ ਨਾ ਚੜ੍ਹਦਾ ਤਾਂ ਲੰਗਰ ਮਸਤ ਹੋ ਜਾਂਦੇ। ਕਦੀ ਕੜਾਕੇ ਹੁੰਦੇ ਤੇ ਕਦੀ ਅਲੂਣੇ ਸਾਗ ਪਾਤ ਨਾਲ ਹੀ ਗੁਜ਼ਾਰਾ ਕਰ ਲਿਆ ਜਾਂਦਾ, ਪਰ ਕੀ ਮਜਾਲ ਜੋ ਇਨ੍ਹਾਂ ਮੁਸੀਬਤਾਂ ਤੇ ਅੱਤਿਆਚਾਰਾਂ ਨੇ ਸਿੰਘਾਂ ਨੂੰ ਨਿਰਾਸ ਜਾਂ ਭੈ-ਭੀਤ ਕੀਤਾ ਹੋਵੇ!

(੮)

ਮੁਸੀਬਤਾਂ ਉਤੇ ਮੁਸੀਬਤਾਂ ਤੇ ਸਿੰਘਾਂ ਦੀ ਦ੍ਰਿੜ੍ਹਤਾ

ਮੁਸੀਬਤਾਂ ਤੇ ਔਕੜਾਂ ਹੀ ਕੌਮਾਂ ਨੂੰ ਸ਼ਿੰਗਾਰਦੀਆਂ ਹਨ। ਜੋ ਕੌਮ ਮੁਸੀਬਤਾਂ ਸਾਹਮਣੇ ਹੀਆ ਹਾਰ ਜਾਵੇ ਤੇ ਸਿਰ ਸੁਟ ਦੇਵੇ, ਉਹ ਕੌਮ ਸਦਾ ਕਾਇਰਾਂ ਤੇ ਨਿਪੁੰਸਕਾਂ ਦਾ ਟੋਲਾ ਬਣ ਕੇ ਰਹਿ ਜਾਂਦੀ ਹੈ। ਸਦੀਵੀ ਗ਼ੁਲਾਮੀ ਉਸ ਦਾ ਭਾਗ਼ ਬਣ ਜਾਂਦੀ ਹੈ। ਜੈ-ਜੈਕਾਰ ਸਿਰਫ਼ ਉਹਨਾਂ ਦੀ ਹੁੰਦੀ ਹੈ ਤੇ ਅਜ਼ਾਦੀ ਦਾ ਅਨੰਦ ਉਹੋ ਹੀ ਮਾਣ ਸਕਦੀਆਂ ਹਨ ਜੋ ਔਕੜਾਂ, ਕਠਨਾਈਆਂ ਅਤੇ ਮੁਸੀਬਤਾਂ ਨਾਲ ਟਕਰਾਉਣ। ਖ਼ਾਲਸੇ ਦਾ ਜਨਮ ਮੁਸੀਬਤਾਂ ਸਮੇਂ ਹੋਇਆ ਸੀ। ਸਬਕ ਵੀ ਨਾਲ ਇਹ ਮਿਲਿਆ ਸੀ ਕਿ ਮੁਸੀਬਤ ਜਾਂ ਕਠਨ ਤੋਂ ਕਠਨ ਔਕੜ ਨੂੰ ਅਗਲਵਾਂਢੀ ਹੋ ਕੇ ਕਰੜੇ ਹਥੀਂ ਲੈਣਾ ਹੈ ਅਤੇ ਹਮੇਸ਼ਾ ਹੀ ਅਕਾਲ ਪੁਰਖ 'ਤੇ ਟੇਕ ਰਖਣੀ ਹੈ। ਇਹ ਸਬਕ ਦ੍ਰਿੜ੍ਹ ਕਰਾਉਣ ਵਾਲੇ ਉਹ ਸਨ ਜਿਨ੍ਹਾਂ ਇਹ ਸਭ ਕੁਝ ਆਪਣੇ ਆਪ ਉਤੇ ਢਾਲ ਕੇ ਜ਼ਿੰਦਗੀ ਵਿਚ ਕਰ ਕੇ ਵਿਖਾ ਦਿਤਾ। ਇਹੋ ਕਾਰਨ ਹੈ ਕਿ ਇਹੋ ਜਿਹੀ ਅਗਵਾਈ ਪਾ ਕੇ ਖ਼ਾਲਸਾ ਮੁਸੀਬਤਾਂ ਸਾਹਮਣੇ ਕਦੀ ਘਬਰਾਇਆ ਨਹੀਂ। ਸਮੇਂ ਨੂੰ ਕੋਈ ਅਟਕਾਅ ਨਹੀਂ ਸਕਦਾ। ਇਹ ਆਉਂਦਾ ਹੈ ਅਤੇ ਆਪਣੀ ਚਾਲੇ ਤੁਰਿਆ ਜਾਂਦਾ ਹੈ। ਆਦਿ ਤੋਂ ਇਵੇਂ ਤੁਰਿਆ ਆਇਆ ਹੈ ਤੇ ਅੰਤ ਤਕ ਇਵੇਂ ਤੁਰਿਆ ਜਾਵੇਗਾ। ਇਹ ਕਦੀ ਵੀ ਖੜੋ ਨਹੀਂ ਸਕੇਗਾ। ਬਸ ਇੰਜ ਹੀ ਮੁਸੀਬਤ ਵੀ ਖੜੋਤੀ ਨਹੀਂ ਰਹਿ ਸਕਦੀ। ਜਿਵੇਂ ਆਉਂਦੀ ਹੈ ਤਿਵੇਂ ਤੁਰਦੀ ਜਾਂਦੀ ਹੈ।

ਕਿਸੇ ਸਿਆਣੇ ਦਾ ਅਨਮੋਲ ਬਚਨ ਹੈ, "ਜੇ ਮੁਸੀਬਤ ਨਾਲ ਮਖ਼ੌਲ ਕਰੀਏ ਤਾਂ ਮੁਸੀਬਤ ਦਾ ਅਸਰ ਘਟ ਜਾਂਦਾ ਹੈ।" ਖ਼ਾਲਸੇ ਨੇ ਮੁਸੀਬਤਾਂ ਦੇ ਪਹਾੜ ਸਾਹਮਣੇ ਵੇਖੇ ਤੇ ਉਹਨਾਂ ਨਾਲ ਰੱਜ ਕੇ ਮਖ਼ੌਲ ਕੀਤਾ, ਜਿਸ ਕਰਕੇ ਇਹਨਾਂ ਦਾ ਖ਼ਾਲਸੇ 'ਤੇ ਰਤਾ ਵੀ ਅਸਰ ਨਾ ਹੋਇਆ।

ਮੁਸੀਬਤ ਨੇ ਖ਼ਾਲਸੇ ਦਾ ਲੰਗਰ ਬੰਦ ਕਰ ਦਿਤਾ, ਖ਼ਾਲਸੇ ਨੇ ਕਿਹਾ ਕਿ ਲੰਗਰ ਮਸਤ ਹੋ ਗਿਆ ਹੈ। ਜੰਗਲ ਦੇ ਫਲ ਫੂਲ ਸਬਜ਼ੀਆਂ ਤੇ ਜੜ੍ਹੀ ਬੂਟੀਆਂ ਛਕ ਕੇ ਹੀ ਗੁਜ਼ਾਰਾ ਕਰ ਲਿਆ। ਸੰਕਟ ਦੇ ਸਮੇਂ ਨੂੰ ਅਜ਼ਮਾਇਸ਼ ਅਤੇ 'ਤੇਰਾ ਭਾਣਾ ਮੀਠਾ ਲਾਗੈ' ਕਰਕੇ ਮੰਨ ਲਿਆ ਤੇ ਚੜ੍ਹਦੀਆਂ ਕਲਾ ਵਿਚ ਰਹੇ। ਜ਼ਿੰਦਗੀ ਦੇ ਦੁਖ ਤੇ ਸੁਖ, ਅਰਾਮ ਵਾਲੀਆਂ ਚੀਜ਼ਾਂ ਇਥੋਂ ਤਕ ਕਿ ਘਰ-ਘਾਟ ਵੀ ਛਡਣੇ ਪਏ, ਪਰ ਆਪ ਫਿਰ ਵੀ ਚੜ੍ਹਦੀ ਕਲਾ ਵਿਚ ਵਿਚਰਦੇ ਰਹੇ ਤੇ ਆਪਣੇ ਗੜ੍ਹਗੱਜ ਬੋਲਿਆਂ ਵਿਚ ਨਿਗੂਣੀ ਤੋਂ ਨਿਗੂਣੀ ਤੇ ਮਾਮੂਲੀ ਤੋਂ ਮਾਮੂਲੀ ਵਸਤੂ ਨੂੰ ਵੀ ਵਡਿਆ ਕੇ ਤੇ ਬਹੁ-ਮੁਲੀ ਕਰਕੇ ਸੱਦਦੇ ਰਹੇ। ਘਰ-ਘਾਟ ਛਡ ਕੇ ਵਾਮਾ ਜੰਗਲਾਂ ਵਿਚ ਕੀਤਾ ਤਾਂ ਜੰਗਲ ਨੂੰ 'ਰਾਮ ਰਾਜ' ਤੇ ਕੱਖਾਂ ਦੀ ਕੁਲੀ ਨੂੰ ਸ਼ੀਸ਼ ਮਹੱਲ ਕਿਹਾ। ਮੁਸੀਬਤ ਨੇ ਖ਼ਾਲਸੇ ਤੋਂ ਬਦਾਮ ਖੋਹ ਕੇ ਮੁਠੀ ਛੋਲਿਆਂ 'ਤੇ ਲੈ ਆਂਦਾ ਤਾਂ ਸਿੰਘਾਂ ਨੇ ਉਹਨਾਂ ਨੂੰ ਵੀ ਬਦਾਮ ਬਣਾ ਲਿਆ। ਜੇ ਰਸਦਾਂ ਮੁਕ ਗਈਆਂ ਤਾਂ ਗੱਜ ਕੇ ਕਿਹਾ ਕਿ ਰਸਦਾਂ ਵੱਧ ਗਈਆਂ ਹਨ। ਥੋੜ੍ਹੀ ਚੀਜ਼ ਨੂੰ ਸਵਾਈ ਕਰਕੇ ਦਸਿਆ। ਮਾੜੂਏ ਜਿਹੇ ਘੋੜੇ ਨੂੰ 'ਅਣਥੱਕ ਅਰਾਕਾ' ਕਹਿ ਕੇ ਵਡਿਆਇਆ।

ਸੰਸਾਰੀ ਲੋਕ ਜਿਨ੍ਹਾਂ ਚੀਜ਼ਾਂ ਨੂੰ ਬਹੁਤ ਵੱਡੀਆਂ ਸਮਝ ਕੇ ਉਹਨਾਂ ਪਿਛੇ ਦੌੜਦੇ ਸਨ, ਸਿੰਘ ਉਹਨਾਂ ਨੂੰ ਤੁਛ ਸਮਝਦੇ ਸਨ। ਇਸ ਲਈ ਧਨ ਦੌਲਤ ਨੂੰ 'ਡਾਇਣ', ਰੁਪਏ ਨੂੰ 'ਛਿਲੜ' ਤੇ ਪੈਸਿਆਂ ਨੂੰ 'ਠੀਕਰੇ' ਦਸਦੇ ਸਨ।

ਢਹਿੰਦੀਆਂ ਕਲਾ ਤੇ ਹੀਣ ਭਾਵਾਂ ਦੇ ਲਖਾਇਕ ਨਾਂ ਤੱਕ ਬਦਲ ਦਿਤੇ ਗਏ। ਜਿਵੇਂ 'ਮਾੜਾ ਸਿੰਘ' ਤੋਂ 'ਮੁਗ਼ਲ ਮਰੋੜ ਸਿੰਘ', ਦਿਲੀ ਤੋੜ ਸਿੰਘ, ਘਸੀਟਾ ਸਿੰਘ ਤੋਂ 'ਗਿਰ ਰਾਜ ਸਿੰਘ', ਭੋਲਾ ਸਿੰਘ ਤੋਂ ਚਤਰ ਸਿੰਘ, ਨਿਕਾ ਸਿੰਘ ਤੋਂ ਸੁਮੇਰ ਸਿੰਘ, ਫ਼ਕੀਰ ਸਿੰਘ ਤੋਂ ਅਮੀਰ ਸਿੰਘ, ਤੋਤਾ ਸਿੰਘ ਤੋਂ ਸ਼ਹਿਬਾਜ਼ ਸਿੰਘ। ਇਥੋਂ ਤਕ ਕਿ ਅੰਨ੍ਹਿਆਂ, ਬੋਲ਼ਿਆਂ, ਗੁੰਗਿਆਂ, ਟੁੰਡਿਆਂ ਤੇ ਲੰਗੜਿਆਂ, ਗੰਜਿਆਂ ਤੇ ਕਾਣਿਆਂ ਨੂੰ ਵੀ ਵਡਿਆ ਕੇ ਕ੍ਰਮ ਵਾਰ—ਸੂਰਮਾ ਸਿੰਘ, ਚੁਬਾਰਾ ਸਿੰਘ, ਬ੍ਰਹਮ ਗਿਆਨ ਸਿੰਘ, ਅਸ਼ਟ-ਭੁਜਾ ਸਿੰਘ, ਸੁਚਾਲਾ ਸਿੰਘ, ਕਲਗਾ ਸਿੰਘ, ਲੱਖ-ਨੇਤਰਾ ਸਿੰਘ ਕਹਿ ਕੇ ਬੁਲਾਇਆ ਜਾਂਦਾ। ਇਹ ਸਭ ਕੁਝ ਮੁਸੀਬਤ ਨੂੰ ਵੰਗਾਰਨ ਵਾਲੀ ਗੱਲ ਸੀ।

ਮੁਸੀਬਤ ਨੂੰ ਸਨਮੁਖ ਵੇਖ ਕੇ ਸਿੰਘਾਂ ਰੋਹ ਵਿਚ ਆ ਕੇ ਜੈਕਾਰਾ ਗਜਾਇਆ ਤੇ ਵੰਗਾਰ ਕੇ ਆਖਿਆ ਕਿ ਤੂੰ ਜਿਵੇਂ ਜੀ ਕਰਦਾ ਆਪਣਾ ਜ਼ੋਰ ਲਾ ਲੈ, ਅਸਾਂ ਸਦਾ ਚੜ੍ਹਦੀ ਕਲਾ ਵਿਚ ਹੀ ਰਹਿਣਾ ਹੈ। ਮੁਸੀਬਤ ਸਾਹਮਣੇ ਜੈਕਾਰਾ ਇੰਜ ਹੈ ਜਿਵੇਂ ਰੂੰ ਨੂੰ ਅੱਗ। ਕਲਗੀਧਰ ਪਾਤਸ਼ਾਹ ਦਾ ਇਹ ਸਬਕ, ਮੁਸੀਬਤ ਸਮੇਂ ਜੰਗਲਾਂ ਵਿਚ ਰਹਿੰਦਿਆਂ ਸਿੰਘਾਂ ਨੇ ਚੰਗੀ ਤਰ੍ਹਾਂ ਅਜ਼ਮਾ ਲਿਆ ਸੀ ਤੇ ਇਸ ਭੇਦ ਨੂੰ ਸਦਾ ਲਈ ਆਪਣੇ ਖ਼ੂਨ ਵਿਚ ਰਲਾ ਲਿਆ। ਇਹਨਾਂ ਜੈਕਾਰਿਆਂ ਤੇ ਗੜਗੱਜ ਬੋਲਿਆਂ ਨੇ ਸਿੰਘਾਂ ਨੂੰ ਸਦਾ ਹੁਲਾਰੇ ਅਤੇ ਚੜ੍ਹਦੀ ਕਲਾ ਵਿਚ ਰਖਿਆ। ਮੁਗ਼ਲ ਹਕੂਮਤ ਨੇ ਉਹਨਾਂ ਨੂੰ ਮਿੱਟੀ ਵਿਚ ਮਿਲਾ ਦੇਣਾ ਚਾਹਿਆ, ਪਰ ਉਹ ਅਕਾਸ਼ ਦੀਆਂ ਬੁਲੰਦੀਆਂ ਛੋਹ ਗਏ। ਉਹਨਾਂ ਉਤੇ ਮੁੜ ਮੁੜ ਦੁਖਾਂ-ਮੁਸੀਬਤਾਂ ਦੇ ਝਖੜ ਝੁਲੇ, ਉਹਨਾਂ ਖਿੜੇ-ਮੱਥੇ ਤੇ ਅਡੋਲ-ਚਿਤ ਰਹਿ ਕੇ ਸਭ ਕੁਝ ਸਹਿ ਲਿਆ।

ਸਿੰਘ ਗੁਰੂ-ਚਰਨਾਂ ਦੇ ਭੌਰੇ, ਸਦਾ ਸੇਵਾ ਤੇ ਸਿਮਰਨ ਵਿਚ ਰਤੇ ਹੋਏ, ਗੁਰੂ, ਅਕਾਲ ਪੁਰਖ ਵਾਹਿਗੁਰੂ ਉਤੇ ਅਟੱਲ ਵਿਸ਼ਵਾਸ ਰਖਣ ਵਾਲੇ, ਵੰਡ ਛਕਣ ਵਾਲੇ, ਅਜ਼ਾਦੀ ਅਤੇ ਕੌਮੀ ਅਣਖ ਲਈ ਮਰ ਮਿਟਣ ਦੀ ਅਥਾਹ ਤੜਫ ਵਾਲੇ, ਆਪਾ ਗਵਾ ਕੇ ਦੂਜਿਆਂ ਨੂੰ ਵਸਾਉਣ ਵਾਲੇ ਕਿਰਦਾਰ ਦੇ ਧਾਰਨੀ ਸਨ ਤੇ ਜਦ ਆਪ ਉਨ੍ਹਾਂ 'ਤੇ ਆਣ ਬਣੀ ਤਾਂ ਹਸੂੰ ਹਸੂੰ ਕਰਦੇ ਕੁਰਬਾਨੀਆਂ ਦੇ ਗਏ, ਪਰ ਧਰਮ ਨੂੰ ਵੱਟਾ ਨਹੀਂ ਲਾਇਆ। ਇਹ ਸੀ ਉਹਨਾਂ ਗੜਗੱਜ ਬੋਲਿਆਂ ਦਾ ਅਸਰ, ਜਿਸ ਨੇ ਘਰੋਂ ਬੇਘਰ ਤੇ ਖੇਰੂੰ ਖੇਰੂੰ ਕੀਤੀ, ਜੰਗਲਾਂ ਬੇਲਿਆਂ ਵਿਚ ਰੁਲਦੀ ਕੌਮ ਨੂੰ ਹੌਸਲਾ ਨਹੀਂ ਹਾਰਨ ਦਿਤਾ।

"ਰਾਜ ਕਰੇਗਾ ਖ਼ਾਲਸਾ ਆਕੀ ਰਹੇ ਨਾ ਕੋਇ" ਦੇ ਜੈਕਾਰੇ ਗੂੰਜਦੇ ਰਹੇ। ਮੁੜ ਜਥੇਬੰਦ ਹੋਏ, ਦਲ ਬਣਾਏ, ਜਥੇ ਸਾਜੇ, ਮਿਸਲਾਂ ਬਣਾਈਆਂ। ਚਾਲੀ ਵਰ੍ਹੇ ਸੰਸਾਰ ਦੀ ਸਭ ਤੋਂ ਡਾਢੀ ਤੇ ਨਿਰਦਈ ਹਕੂਮਤ ਨਾਲ ਸਿਰ ਤਲੀ 'ਤੇ ਧਰ ਕੇ ਟਾਕਰਾ ਕੀਤਾ। ਚਿਤ ਵਿਚ ਵਾਹਿਗੁਰੂ ਦਾ ਧਿਆਨ ਤੇ ਹੱਥ ਵਿਚ ਸਿਰੀ ਸਾਹਿਬ ਲੈ ਕੇ ਦੇਸ਼ ਦੀ ਆਨ ਸ਼ਾਨ ਦੀ ਰਾਖੀ ਕੀਤੀ। ਮੁਗ਼ਲਾਂ ਨਾਲ ਤਾਂ ਲੋਹਾ ਲੈ ਹੀ ਰਹੇ ਸਨ, ਬਾਹਰੋਂ ਹੋਰ ਆਉਣ ਵਾਲੇ ਜਰਵਾਣੇ ਤੇ ਧਾੜਵੀਆਂ ਦੇ ਵੀ ਦੰਦ ਖੱਟੇ ਕੀਤੇ ਤੇ ਪੰਜਾਬ ਨੂੰ ਅਜ਼ਾਦ ਕਰਾ ਕੇ ਮਹਾਰਾਜਾ ਰਣਜੀਤ ਸਿੰਘ ਦੇ ਸੁਪਨੇ ਵਾਲੇ ਲੋਕ-ਰਾਜ ਦੀ ਨੀਂਹ ਧਰੀ, ਜੋ ਖ਼ੈਬਰ ਤੋਂ ਜਮਨਾ ਨਦੀ ਤੱਕ,

ਚੀਨ ਦੀ ਹੱਦ ਤੋਂ ਸਿੰਧ ਤਕ ਫੈਲਿਆ ਹੋਇਆ ਸੀ। ਸਾਰੇ ਕਸ਼ਮੀਰ ਦੇ ਉੱਤਰ ਵਾਲਾ ਇਲਾਕਾ, ਜੋ ਚੀਨ ਨੇ ੧੯੬੨ ਵਿਚ ਜ਼ਬਰਦਸਤੀ ਮੱਲ ਲਿਆ ਹੈ, ਸਾਰਾ ਜੰਮੂ ਕਸ਼ਮੀਰ, ਲਹਿੰਦਾ ਪੰਜਾਬ ਸਮੇਤ ਡੇਹਰਿਆਂ ਦੇ, ਅਤੇ ਸਾਰਾ ਹਿਮਾਚਲ ਪ੍ਰਦੇਸ਼ ਉਸ ਰਾਜ ਵਿਚ ਸ਼ਾਮਲ ਸਨ, ਜੋ ਇਹਨਾਂ ਸਿੰਘਾਂ ਦੀ ਹਿੰਦੁਸਤਾਨ ਨੂੰ ਦੇਣ ਸੀ। ਕੀ ਕੋਈ ਹੁਣ ਸੋਚ ਸਕਦਾ ਹੈ ਕਿ ਇਹਨਾਂ 'ਚੋਂ ਬਾਹਰ ਨਿਕਲ ਗਏ ਇਲਾਕੇ ਮੁੜ ਹਿੰਦੁਸਤਾਨ ਦਾ ਹਿੱਸਾ ਬਣ ਸਕਣਗੇ ? ਇਹ ਕੰਮ ਉਹਨਾਂ ਲੋਕਾਂ ਨੇ ਕੀਤਾ ਸੀ ਜਿਨ੍ਹਾਂ ਦਾ ਨਾ ਘਰ ਨਾ ਘਾਟ, ਤੇ ਜਿਨ੍ਹਾਂ ਨੂੰ ਜੰਗਲ ਬੇਲਿਆਂ ਵਿਚ ਵੀ ਨਹੀਂ ਸੀ ਰਹਿਣ ਦਿਤਾ ਜਾਂਦਾ। ਉਹਨਾਂ ਦਾ ਕਸੂਰ ਸਿਰਫ਼ ਏਨਾ ਸੀ ਕਿ ਉਹ ਸਿਖ ਹਨ, ਇਸ ਲਈ ਸਰਕਾਰ-ਵਿਦਰੋਹੀ ਹਨ। ਇਹ ਸਾਰਾ ਕ੍ਰਿਸ਼ਮਾ ਕਿਵੇਂ ਹੋਇਆ ? ਇੰਜ ਕਿ ਸਿੰਘਾਂ ਮੁਸੀਬਤ ਨੂੰ ਸਾਹਮਣੇ ਵੇਖ ਕੇ ਚੜ੍ਹਦੀ ਕਲਾ ਵਾਲਾ ਜੈਕਾਰਾ ਗਜਾਇਆ ਤੇ ਦੁਨੀਆ ਨੂੰ ਸਾਬਤ ਕਰ ਦਿਤਾ ਕਿ ਮੁਸੀਬਤ ਦਾ ਦਾਰੂ ਜੈਕਾਰਾ ਗਜਾਉਣਾ ਹੈ, ਉਸ ਅਗੇ ਸਿਰ ਨੀਵਾਂ ਕਰਨਾ ਨਹੀਂ।

ਪਾਠਕ ਸ਼ਾਇਦ ਉਪਰਾਮ ਹੋ ਕੇ ਇਹ ਸਮਝਣ ਲਗ ਪੈਣ ਕਿ ਗੱਲ ਤਾਂ ਚੱਲੀ ਸੀ ਮੱਸੇ ਰੰਘੜ ਦੇ ਕੁਕਰਮਾਂ ਦੀ, ਤੇ ਇਹ ਹੋਰ ਲੜੀਆਂ ਕਿਧਰੋਂ ਚੱਲ ਪਈਆਂ। ਲਿਖਣ ਵਾਲੇ ਨੂੰ ਅਸਲ ਵਿਸ਼ੇ ਦਾ ਚੇਤਾ ਹੀ ਨਹੀਂ ਰਿਹਾ।

ਮਾਨਯੋਗ ਪਾਠਕ ਜੀ, ਗੱਲ ਇਹ ਨਹੀਂ। ਜਿਵੇਂ ਸ਼ੁਰੂ ਵਿਚ ਹੀ ਬੇਨਤੀ ਕੀਤੀ ਸੀ ਕਿ ਮੱਸੇ ਦਾ ਕਾਰਾ ਉਸ ਦੇ ਆਪਣੇ ਵਲੋਂ ਕੋਈ ਨਿਜੀ ਜੁਰਅਤ ਦਾ ਪ੍ਰਗਟਾਵਾ ਨਹੀਂ ਸੀ, ਇਹ ਦਿੱਲੀ ਤੇ ਲਾਹੌਰ ਦੀ ਮਿਲਵੀਂ ਤਾਕਤ ਦੇ ਨਾਲ ਨਾਦਰ ਸ਼ਾਹ ਦੀ ਸ਼ਹਿ ਦਾ ਨਤੀਜਾ ਸੀ। ਜਿਸ ਕੌਮ ਨੂੰ ੧੭੦੯ ਈ: ਤੋਂ ਲੈ ਕੇ ੧੭੬੫ ਤਕ ਜ਼ੁਲਮ ਜਬਰ ਦੀ ਤਪਦੀ ਕੁਠਾਲੀ ਵਿਚ ਪਾ ਕੇ ਤਾਉ ਦਿਤੇ ਜਾਂਦੇ ਰਹੇ, ਜਿਸ ਦੇ ਘਰ-ਘਾਟ ਢਾਹ-ਫੂਕ ਕੇ ਫ਼ਨਾਹ-ਫ਼ਿਲਾ ਕਰ ਦਿਤੇ ਗਏ, ਜਦ ਮਜਬੂਰੀ ਦੀ ਹਾਲਤ ਵਿਚ ਜੰਗਲਾਂ ਬੇਲਿਆਂ ਵਿਚ ਦਿਨ-ਕਟੀ ਲਈ ਪਨਾਹ ਲਈ ਤਾਂ ਉਹ ਵੀ ਸਾੜ ਫੂਕ ਦਿਤੇ ਤੇ ਉਹਨਾਂ ਦਾ ਸ਼ਿਕਾਰ ਖੇਡਿਆ ਜਾਂਦਾ ਰਿਹਾ। ਜਿਸ ਕੌਮ ਦੇ ਲੱਖਾਂ ਦੀ ਗਿਣਤੀ ਵਿਚ ਛੋਟੇ ਵੱਡੇ ਸਪੂਤ ਫੜ ਕੇ ਬੜੀ ਬੇ-ਦਰਦੀ ਨਾਲ ਤਸੀਹੇ ਦੇ ਦੇ ਕੇ ਕਤਲਾ ਦਿਤੇ ਗਏ, ਜਿਸ ਨਿੱਕੀ ਜਿਹੀ ਕੌਮ ਦੇ ਚਾਰ-ਚੁਫੇਰੇ ਤੇ ਉਤੇ ਥਲੇ ਮੌਤ ਦੇ ਕੋਟ ਵਲ ਦਿਤੇ ਗਏ ਸਨ, ਜਿਨ੍ਹਾਂ ਨੂੰ ਮਲੀਆਮੇਟ ਕਰਨ ਵਿਚ ਕੋਈ ਵੀ ਕਸਰ ਬਾਕੀ ਨਾ ਛੱਡੀ ਗਈ ਹੋਵੇ, ਉਹ

ਕੌਮ ਏਨੇ ਵਰ੍ਹੇ ਇਹਨਾਂ ਜਰਵਾਣਿਆਂ ਤੇ ਬੇਅਦਲਿਆਂ ਨਾਲ ਕਿਵੇਂ ਟੱਕਰੀ ਰਹੀ ? ਵੇਖਣਾ ਇਹ ਹੈ ਕਿ ਆਇਆ ਉਹ ਹੌਸਲਾ ਛਡ ਕੇ, ਸਾਹਸ-ਹੀਣ ਹੋ ਕੇ, ਸਿਰ ਸੁਟ ਕੇ ਪੈ ਗਈ ਜਾਂ ਆਪਣੀ ਅਣਖ ਉਤੇ ਹੋਏ ਵਾਰ ਦਾ ਢੁਕਵਾਂ ਬਦਲਾ ਵੀ ਲੈ ਸਕੀ ? ਸਿੱਖਾਂ ਤੋਂ ਪੰਜਾਬ ਲਗ ਪਗ ਖ਼ਾਲੀ ਕਰਾ ਕੇ, ਉਹਨਾਂ ਨੂੰ ਖੇਰੂੰ ਖੇਰੂੰ ਕਰ ਕੇ, ਅਤੇ ਉਹਨਾਂ ਦੇ ਧਰਮ-ਕੇਂਦਰ ਦੀ ਬੇ-ਹੁਰਮਤੀ ਕਰਨਾ ਉਹਨਾਂ ਨਾਲ ਸਭ ਤੋਂ ਵੱਡਾ ਮਖ਼ੌਲ ਸੀ ਤੇ ਉਹਨਾਂ ਦੀ ਅਣਖ ਨੂੰ ਪੈਰਾਂ ਥੱਲੇ ਮਧੋਲਣ ਵਾਲੀ ਗੱਲ ਸੀ। ਪਿਛੇ ਦੱਸੀ ਗਈ ਬਿਪਤਾ ਵਾਲੀ ਹਾਲਤ ਵਿਚ ਦਿਨ-ਕਟੀ ਕਰਦੀ ਕੌਮ ਜੇ ਬਾਦਸ਼ਾਹ ਵਲੋਂ ਆਈ ਭਾਜੀ ਮੋੜ ਦੇਵੇ ਅਤੇ ਨਿਉਂਦਾ ਉਤੋਂ ਦੀ ਪਾ ਦੇਵੇ ਤਾਂ ਜਿਤ ਕਿਸ ਦੀ ਹੋਈ ? ਪਾਠਕ ਖ਼ੁਦ ਨਿਰਪਖ ਹੋ ਕੇ ਆਪ ਹੀ ਫ਼ੈਸਲਾ ਕਰ ਲੈਣ।

ਜ਼ਕਰੀਆ ਖ਼ਾਨ ਦੀ ਸੂਬੇਦਾਰੀ ਦੇ ਪਹਿਲੇ ੬ ਸਾਲ (੧੭੨੬-੧੭੩੨) ਅਤੇ ਸਿੰਘਾਂ ਦੇ ਕਾਰਨਾਮੇ

ਪਹਿਲਾਂ ਦਸਿਆ ਜਾ ਚੁਕਾ ਹੈ ਕਿ ਅਬਦੁ-ਸਮੱਦ ਖ਼ਾਨ ਨੇ ਸਿੱਖਾਂ ਦਾ ਤਲਾ-ਮੂਲ ਪੁਟਣ ਵਿਚ ਕੋਈ ਕਸਰ ਨਹੀਂ ਛੱਡੀ। ਪਿਛਲੇ ਦੋ ਕੁ ਸਾਲਾਂ ਵਿਚ ਜਦ ਉਹ ਪ੍ਰਬੰਧ ਪੱਖੋਂ ਕੁਥਾਂ ਫਸ ਗਿਆ ਤਾਂ ਆਪਣੇ ਮਨੋਰਥ ਲਈ ਸਿੰਘਾਂ ਨਾਲ ਥੋੜੀ ਜਿਹੀ ਰਸਾਈ ਵੀ ਕਰ ਲਈ ਤੇ ਉਹਨਾਂ ਤੋਂ ਭੱਟੀਆਂ, ਖਰਲਾਂ, ਬਲੋਚਾਂ ਤੇ ਪਚਾਧਿਆਂ ਨੂੰ ਦਬਾਉਣ ਲਈ ਸਹਾਇਤਾ ਵੀ ਲਈ। ਸਿੱਖਾਂ ਦਾ ਸਰਵਨਾਸ਼ ਕਰਨ ਲਈ ਜੋ ਉਸ ਦੀ ਨੀਤੀ ਸੀ, ਉਸ ਵਿਚ ਕੋਈ ਫ਼ਰਕ ਨਾ ਆਇਆ। ਫਿਰ ਦਿੱਲੀ ਦਰਬਾਰ ਨੇ ਉਸ ਨੂੰ ਮੁਲਤਾਨ ਬਦਲ ਕੇ ਉਸ ਦੀ ਥਾਂ ਪੰਜਾਬ ਰਾਜ ਦੀ ਵਾਗ-ਡੋਰ ਉਸ ਦੇ ਤਜਰਬਾਕਾਰ ਤੇ ਚਤਰ ਪੁਤਰ ਜ਼ਕਰੀਆ ਖ਼ਾਨ ਦੇ ਹੱਥ ਦੇ ਦਿਤੀ।

ਜ਼ਕਰੀਆ ਖ਼ਾਨ ਨੇ ਆਉਂਦਿਆਂ ਹੀ ਬਾਪ ਦੀ ਨੀਤੀ ਬਦਲ ਕੇ ਸਿੰਘਾਂ ਉਤੇ ਕਰੜੀ ਸਖ਼ਤੀ ਅਰੰਭ ਦਿਤੀ। ਸਿੰਘਾਂ ਨੇ ਪਿੰਡ ਗਰਾਂ ਛੱਡ ਕੇ ਜੰਗਲਾਂ, ਬੇਲਿਆਂ, ਪਹਾੜਾਂ ਤੇ ਥਲਾਂ ਵਿਚ ਜਾ ਟਿਕਾਣੇ ਮੱਲੇ। ਉਹ ਇਸ ਆਸ 'ਤੇ ਪਾਸੇ ਹੋ ਗਏ ਸਨ ਕਿ ਸ਼ਾਇਦ ਸਮਾਂ ਪੈ ਜਾਣ ਨਾਲ ਹਾਲਾਤ ਆਪਣੇ ਆਪ ਹੀ ਬਦਲ ਜਾਣ ਤੇ ਬੁਰੀ ਤਰ੍ਹਾਂ ਕੀਤੀ ਜਾ ਰਹੀ ਸਖ਼ਤੀ ਦਾ ਦੌਰ ਖ਼ਤਮ ਹੋ ਜਾਵੇ। ਪਰ ਜ਼ਕਰੀਆ ਖ਼ਾਨ ਤਾਂ ਆਇਆ ਹੀ ਸਿੱਖਾਂ ਦਾ ਬੀਜ ਨਾਸ ਕਰਨ ਲਈ ਸੀ, ਦੁਨੀਆ 'ਚੋਂ ਉੱਕਾ ਹੀ ਨਾਮੋ-ਨਿਸ਼ਾਨ ਮਿਟਾਅ ਦੇਣ ਲਈ।

ਇਸ ਲਈ ਹੁਣ ਸਿੰਘਾਂ ਲਈ ਇਸ ਤੋਂ ਵੱਧ ਹੋਰ ਕੋਈ ਰਾਹ ਨਹੀਂ ਸੀ ਰਹਿ ਗਿਆ ਕਿ ਆਪਣੇ ਆਪ ਨੂੰ ਜਥੇਬੰਦ ਕਰ ਕੇ ਸਰਕਾਰ ਨਾਲ ਸਿੱਧੀ ਟੱਕਰ ਲੈਣ। ਜ਼ਕਰੀਆ ਖ਼ਾਨ ਤਾਂ ਸਿੰਘਾਂ ਦੀ ਜ਼ਿੰਦਗੀ ਦਾ ਘੇਰਾ ਤੰਗ ਤੋਂ ਤੰਗ ਕਰੀ ਆ ਰਿਹਾ ਸੀ। ਉਹਨਾਂ ਨੂੰ ਟਾਕਰੇ ਲਈ ਹਥਿਆਰ, ਘੋੜੇ, ਸਾਜ਼ੋ ਸਮਾਨ ਤੇ ਖਾਣ ਪੀਣ ਦੀਆਂ ਵਸਤਾਂ ਤੇ ਇਸ ਕੰਮ ਲਈ ਧਨ ਦੌਲਤ ਚਾਹੀਦਾ ਸੀ। ਇਹ ਕਿਥੋਂ ਆਵੇ ? ਫ਼ੈਸਲਾ ਹੋਇਆ, ਜਿਥੋਂ ਅਤੇ ਜਿਵੇਂ ਦਾਅ ਲੱਗੇ, ਇਹ ਸਭ ਕੁਝ ਸਰਕਾਰ ਤੋਂ ਹੀ ਝਪਟਿਆ ਜਾਵੇ। ਇਸ ਕੰਮ ਲਈ ਸਿੰਘਾਂ ਦਾ ਵੱਡਾ ਸ਼ਿਕਾਰ ਉਹ ਗਸ਼ਤੀ ਫ਼ੌਜ ਸੀ ਜੋ ਉਨ੍ਹਾਂ ਪਿਛੇ ਸ਼ਿਕਾਰੀਆਂ ਵਾਂਗ ਲੱਗੀ ਹੋਈ ਸੀ। ਇਸ ਤੋਂ ਬਿਨਾਂ ਸਰਕਾਰੀ ਖ਼ਜ਼ਾਨਿਆਂ ਦੀਆਂ ਰਾਖੀਆਂ ਗਾਰਦਾਂ, ਹਥਿਆਰਾਂ ਦੀ ਸਪਲਾਈ ਵਾਲੇ ਕਾਫ਼ਲੇ, ਸ਼ਾਹੀ ਅਸਤਬਲਾਂ ਲਈ ਘੋੜਿਆਂ ਦੇ ਸੌਦਾਗਰਾਂ ਦੇ ਕਾਫ਼ਲੇ, ਰਸਦ ਤੇ ਦਾਣਾ-ਪੱਠਾ ਲਈ ਜਾਂਦੇ ਸਰਕਾਰੀ ਗੱਡਿਆਂ, ਊਠਾਂ ਘੋੜਿਆਂ ਖਚਰਾਂ ਦੇ ਕਾਫ਼ਲੇ, ਚੌਧਰੀਆਂ ਦੀਆਂ ਫ਼ਸਲਾਂ ਤੇ ਸਰਕਾਰ ਲਈ ਰਾਖਵੇਂ ਰਖੇ ਅਨਾਜ ਦੇ ਜ਼ਖ਼ੀਰੇ ਆਦਿ ਸਨ, ਜਿਨ੍ਹਾਂ ਨੂੰ ਸਿੰਘਾਂ, ਜਿਸ ਢੰਗ ਨਾਲ ਵੀ ਸੂਤਰ ਆਇਆ, ਲੁਟਣਾ ਸ਼ੁਰੂ ਕਰ ਦਿਤਾ। ਅਚਣਚੇਤ ਅਕਾਸ਼ੋਂ ਪੈਂਦੀ ਬਿਜਲੀ ਵਾਂਗ ਪੈਂਦੇ ਤੇ ਦੋ ਹੱਥ ਮਾਰ ਕੇ ਹਵਾ ਹੋ ਜਾਂਦੇ। ਫ਼ੌਜਾਂ ਜਦ ਮੌਕਿਆ ਵਾਲੇ ਥਾਂ ਅਪੜਦੀਆਂ ਤਾਂ ਕਿਸੇ ਦੂਜੇ ਪਾਸਿਓਂ ਸੁਣਾਉਣੀ ਆ ਜਾਂਦੀ ਕਿ ਉਥੇ ਐਨੇ ਜਵਾਨ ਤੇ ਅਫ਼ਸਰ ਸਿੰਘਾਂ ਵਲੋਂ ਸ਼ਬਖ਼ੂਨ[੧] ਵਿਚ ਮਾਰੇ ਗਏ ਹਨ, ਤੇ ਐਨਾ ਮਾਲੀ ਨੁਕਸਾਨ ਹੋ ਗਿਆ ਹੈ। ਫ਼ੌਜ ਸਿੰਘਾਂ ਮਗਰ ਤੇ ਸਿੰਘ ਫ਼ੌਜ ਮਗਰ।

ਇਸ ਢੰਗ ਦੀ ਟੱਕਰ ਦਾ ਨਿਸ਼ਾਨਾ ਇਹ ਸੀ ਕਿ ਲਾਹੌਰ ਦੀ ਹਕੂਮਤ ਨੂੰ ਜਿਸ ਢੰਗ-ਤਰੀਕੇ ਨਾਲ ਵੀ ਹੋਵੇ, ਮਾਰ ਮਾਰ ਕੇ ਏਨੀ ਕਮਜ਼ੋਰ ਤੇ ਜਰਜਰੀ ਕਰ ਦਿਤਾ ਜਾਏ ਕਿ ਉਹ ਸਖ਼ਤੀ ਕਰਨ ਜੋਗੀ ਰਹਿ ਹੀ ਨਾ ਜਾਏ।

ਸਿੰਘਾਂ ਮੂਹਰੇ ਦੋ ਹੀ ਰਾਹ ਸਨ: ਇਕ, ਇਹ ਕਿ ਅਣਖ-ਹੀਣ ਤੇ ਸਾਹਸ-ਹੀਣ ਹੋ ਕੇ ਕਾਇਰਾਂ ਵਾਂਗ ਮੁਗ਼ਲਾਂ ਦੇ ਜ਼ੁਲਮ ਜਬਰ ਅਗੇ ਧੌਣ ਸੁੱਟ ਦੇਣ, ਮਾਰ ਖਾਈ ਜਾਣ ਤੇ ਸਦਾ ਲਈ ਮਿਟ ਜਾਣ। ਦੂਜਾ, ਇਹ ਕਿ ਹੱਥਾਂ

---

੧. ਸ਼ਬਖ਼ੂੰ—ਰਾਤ ਨੂੰ ਛਾਪਾ ਮਾਰਨਾ, ਸੁੱਤੇ ਵੈਰੀ ਨੂੰ ਵੱਢ-ਟੁੱਕ ਸੁੱਟਣਾ।

(ਮਹਾਨ ਕੋਸ਼, ਭਾਈ ਕਾਨ੍ਹ ਸਿੰਘ ਜੀ)

ਵਿਚ ਸ਼ਸਤਰ ਫੜ ਕੇ ਮੱਥੇ ਜੋੜ ਕੇ ਮੈਦਾਨ ਵਿਚ ਡੱਟ ਜਾਣ ਤੇ ਮਾਰ ਮਾਰ ਜ਼ੁਲਮ ਜਬਰ ਕਰਨ ਵਾਲੀ ਸਰਕਾਰ ਦਾ ਮੂੰਹ ਭੁਆਂ ਦੇਣ। ਪਹਿਲੇ ਰਾਹ ਦੀ ਹਿੰਦੁਸਤਾਨ ਵਿਚ ਪਿਰਤ ਪੈ ਚੁਕੀ ਸੀ, ਤੇ ਇਹ ਰਾਹ ਸਦੀਵੀ ਗ਼ੁਲਾਮੀ ਦੇ ਜੀਵਨ ਦੀ ਮੰਜ਼ਲ 'ਤੇ ਮੁਕਦਾ ਸੀ। ਇਸ ਦੀ ਇਥੇ ਚੰਗੀ ਅਜ਼ਮਾਇਸ਼ ਹੋ ਚੁਕੀ ਸੀ। ਇਸ ਨੇ ਅਤਿਆਚਾਰ ਨੂੰ ਉਭਾਰਿਆ ਸੀ, ਜਰਵਾਣਿਆਂ ਤੇ ਧਾੜਵੀਆਂ ਨੂੰ ਚੰਗੂ ਹੱਲਾਸ਼ੇਰੀ ਦੇ ਦੇ ਕੇ ਹਿੰਦੁਸਤਾਨ ਦੇ ਧਨ-ਦੌਲਤ ਤੇ ਸਤ-ਪਤ ਦੀ ਲੁੱਟ ਦੇ ਰਾਹ ਉਨ੍ਹਾਂ ਲਈ ਡਾਢੇ ਮੋਕਲੇ ਕਰ ਛੱਡੇ ਸਨ। ਸਿੱਟਾ, ਹਜ਼ਾਰਾਂ ਵਰ੍ਹਿਆਂ ਦੀ ਗ਼ੁਲਾਮੀ, ਜ਼ਾਲਮ ਹਾਕਮਾਂ ਦੇ ਅਤਿਆਚਾਰ, ਲੋਕਾਂ ਵਿਚ ਕਾਇਰਤਾ ਤੇ ਬੇ-ਅਣਖੀ ਦਾ ਜੀਵਨ ਨਿਕਲਿਆ ਸੀ।

ਦੂਜਾ ਰਸਤਾ ਸੀ ਜ਼ੁਲਮ-ਜਬਰ ਦੇ ਵਿਰੁਧ ਡਟ ਜਾਣ ਦਾ। ਗੁਰੂ ਨਾਨਕ ਗੁਰੂ ਗੋਬਿੰਦ ਸਿੰਘ ਨੇ ਜ਼ੁਲਮ-ਜਬਰ ਤੇ ਬੇ-ਇਨਸਾਫੀ ਵਿਰੁਧ ਸੂਰਮਿਆਂ ਵਾਂਗ ਡਟ ਜਾਣ ਲਈ ਹਿੰਦੁਸਤਾਨ ਦੀ ਨਿਮਾਣੀ ਲੁਕਾਈ ਨੂੰ ਸਾਹਸ-ਭਰਿਆ ਲਲਕਾਰਾ ਮਾਰਿਆ। ਇਸੇ ਮਨੋਰਥ ਦੀ ਪੂਰਤੀ ਲਈ ਖ਼ਾਲਸੇ ਦੀ ਸਿਰਜਣਾ ਕੀਤੀ ਗਈ। ਉਹ ਜਾਣਦੇ ਸਨ ਕਿ ਅਤਿਆਚਾਰੀ ਹਾਕਮਾਂ ਦੇ ਮਨਾਂ 'ਤੇ ਵੇਦਾਂ ਸ਼ਾਸਤਰਾਂ ਤੇ ਕੁਰਾਨਾਂ ਦੀ ਸਿਖਿਆ ਕੋਈ ਅਸਰ ਨਹੀਂ ਕਰਦੀ। ਅਤਿਆਚਾਰੀ ਨਿਜ਼ਾਮ ਇਕ ਭਰੇ ਹੋਏ ਫੋੜੇ ਵਾਂਗ ਹੁੰਦਾ ਹੈ, ਜਿਸ ਦਾ ਇਲਾਜ ਤਲਵਾਰ ਰੂਪੀ ਨਿਸ਼ਤਰ ਹੁੰਦੀ ਹੈ, ਜਿਸ ਨਾਲ ਇਸ ਨੂੰ ਚੀਰ ਫਾੜ ਕੇ ਸਾਫ਼ ਕੀਤਾ ਜਾ ਸਕਦਾ ਹੈ। ਔਰੰਗਜ਼ੇਬ ਦੇ ਰਾਜ ਦੀ ਹਾਲਤ ਤੇ ਹੋਣ ਵਾਲੇ ਅਤਿਆਚਾਰਾਂ ਨੂੰ ਸਾਹਮਣੇ ਰਖਦਿਆਂ ਗੁਰੂ ਗੋਬਿੰਦ ਸਿੰਘ ਵਲੋਂ ਔਰੰਗਜ਼ੇਬ ਨੂੰ ਲਿਖੇ ਜ਼ਫ਼ਰਨਾਮੇ ਦਾ ਇਹ ਸ਼ੇਅਰ ਇਸ ਉਪਰੋਕਤ ਲਿਖੀ ਸੱਚਾਈ ਦਾ ਲਖਾਇਕ ਹੈ :

ਚੂੰ ਕਾਰ ਅਜ਼ ਹਮ੍ਹਾ ਹੀਲਤੇ ਦਰਗੁਜ਼ੱਸ਼ਤ।
ਹਲਾਲ ਅਸਤ ਬੁਰਦਨ ਬਹ ਸ਼ਮਸ਼ੀਰ ਦਸਤ ॥੨੨॥ *(ਜ਼ਫ਼ਰਨਾਮਾ ਪਾ: ੧੦)*

ਅਰਥਾਤ : ਗੱਲ ਹੀਲਿਓਂ ਸਾਰਿਓਂ ਜਦ ਲੰਘ ਜਾਵੇ।
ਜਾਇਜ਼ ਤਦੋਂ ਹੈ ਹੱਥ ਤਲਵਾਰ ਫੜਨੀ।੨੨।

ਇਹ ਸਿੰਘ ਕਾਇਰਾਂ, ਅਣਖ-ਹੀਣਾਂ ਤੇ ਬੇਹਿੰਮਤਿਆਂ ਦਾ ਟੋਲਾ ਨਹੀਂ ਸੀ, ਸਗੋਂ ਉਹ ਗੁਰੂ ਨਾਨਕ ਦੇਵ ਦੀ ਸਾਹਸ-ਭਰਪੂਰ ਨਿਡਰਤਾ ਤੇ ਸਰਬੱਤ

ਦਾ ਭਲਾ ਮੰਗਣ ਵਾਲੀ ਸਿਖਿਆ ਦੇ ਧਾਰਨੀ ਸਨ। ਉਨ੍ਹਾਂ ਨੂੰ ਗੁਰੂ ਹਰਿਗੋਬਿੰਦ ਸਾਹਿਬ ਦੇ ਫ਼ੁਰਮਾਨ ਵੀ ਯਾਦ ਸਨ ਕਿ "ਸ਼ਸਤਰ ਗਰੀਬ ਦੀ ਰਖਿਆ ਅਤੇ ਜਰਵਾਣੇ ਦੀ ਭਖਿਆ ਲਈ ਸਜਾਏ ਜਾਂਦੇ ਹਨ।" ਸ੍ਰੀ ਗੁਰੂ ਗੋਬਿੰਦ ਸਿੰਘ ਪਾਸੋਂ ਖੰਡੇ ਬਾਟੇ ਦਾ ਅੰਮ੍ਰਿਤ ਛਕ ਕੇ ਸੰਤ-ਸਿਪਾਹੀ ਬਣ ਚੁਕੇ ਸਨ। ਇਕ ਹੱਥ ਮਾਲਾ ਤੇ ਦੂਜੇ ਹੱਥ ਆਬਦਾਰ ਤੇਗ਼ ਵੀ ਸੀ। ਮੌਤ ਨੂੰ ਮਖ਼ੌਲ-ਮਸ਼ਕਰੀਆਂ ਕਰਨੀਆਂ ਉਹ ਚੰਗੂ ਸਿਖ ਚੁਕੇ ਸਨ। ਉਹ ਅਕਾਰਨ ਕਿਸੇ ਕਿਸਮ ਦਾ ਫ਼ਸਾਦ ਖੜਾ ਕਰਨਾ ਨਹੀਂ ਸਨ ਚਾਹੁੰਦੇ, ਪਰ ਜਦ ਹਕੂਮਤ ਦੀਆਂ ਗਸ਼ਤੀ ਫ਼ੌਜਾਂ ਨੇ ਉਨ੍ਹਾਂ ਨੂੰ ਪਿੰਡਾਂ ਤੋਂ ਕੱਢ ਦਿਤਾ, ਜੰਗਲਾਂ ਬੇਲਿਆਂ ਵਿਚ ਉਹਨਾਂ ਨੂੰ ਟਿਕਣ ਨਾ ਦੇਵੇ। ਉਨ੍ਹਾਂ ਦੇ ਬਾਲ ਬੱਚੇ ਤੀਵੀਆਂ ਬਿਰਧਾਂ ਤਕ ਲਾਹੌਰ ਲਿਜਾ ਕੇ ਕਤਲ ਕਰ ਦਿਤੇ, ਉਨ੍ਹਾਂ ਦੇ ਸਿਰਾਂ ਦੇ ਮੁਲ ਰਖ ਦਿਤੇ ਤਾਂ ਫਿਰ ਹਥਿਆਰ ਫੜੇ ਬਿਨਾਂ ਉਨ੍ਹਾਂ ਪਾਸ ਹੋਰ ਚਾਰਾ ਹੀ ਕੀ ਸੀ?

ਉਨ੍ਹਾਂ ਹੁਣ ਜੰਗਲਾਂ ਬੇਲਿਆਂ ਵਿਚ ਬਹੁਤੀ ਗਿਣਤੀ ਵਿਚ ਇਕ ਥਾਂ ਰਹਿ ਕੇ ਸਮਾਂ ਬਤੀਤ ਕਰਨ ਨਾਲੋਂ ਖਿਲਰ ਕੇ ਵਿਚਰਨਾ ਸ਼ੁਰੂ ਕਰ ਦਿਤਾ। ਇੰਜ ਬਹੁਤੇ ਥਾਈਂ ਇਕ ਵਾਰ ਹੀ ਛਾਪੇ ਮਾਰੇ ਜਾ ਸਕਦੇ ਸਨ ਤੇ ਸਰਕਾਰ ਨੂੰ ਬਹੁਤ ਪ੍ਰੇਸ਼ਾਨ ਕੀਤਾ ਜਾ ਸਕਦਾ ਸੀ। ਸਿੰਘਾਂ ਦੀ ਔਖਿਆਈ ਦਾ ਤਾਂ ਕੀ ਅੰਤ ਸੀ, ਪਰ ਉਧਰ ਗਸ਼ਤੀ ਫ਼ੌਜ ਨੂੰ ਅਮਨ ਚੈਨ ਨਾਲ ਸੌਣਾ ਨਾ ਮਿਲਦਾ। ਉਹ ਘੋੜਿਆਂ ਉਤੇ ਚੜ੍ਹੇ-ਚੜ੍ਹਾਏ ਉਘਲਾਂਦੇ ਫਿਰਦੇ। ਉਨ੍ਹਾਂ ਨੂੰ ਝਾੜ ਝਾੜ ਵਿਚੋਂ ਮੌਤ ਦਾ ਫ਼ਰਿਸ਼ਤਾ ਬੈਠਾ ਨਜ਼ਰ ਆਉਣ ਲੱਗ ਪਿਆ। ਫ਼ੌਜ ਰਾਠ ਸਿੰਘਾਂ ਨੂੰ ਫੜਨ ਜਾਂ ਮਾਰਨ ਨਾਲੋਂ ਆਪਣਾ ਬਚਾਉ ਬਹੁਤਾ ਕਰਦੀ। ਸਿੰਘਾਂ ਆਪਣੀ ਜਥੇਬੰਦੀ ਨੂੰ ਹੋਰ ਅਸਰਦਾਇਕ ਬਣਾਉਣ ਲਈ ਆਪਣੇ ਆਪ ਨੂੰ ਦੋ ਦਲਾਂ ਵਿਚ ਵੰਡ ਲਿਆ—ਇਕ ਬੁੱਢਾ ਦਲ ਤੇ ਦੂਸਰਾ ਤਰੁਣਾ ਦਲ। ਬੁੱਢਾ ਦਲ ਵਿਚ ਪੰਥ ਦੇ ਵਡੇਰੀ ਉਮਰ ਵਾਲੇ ਜਥੇਦਾਰ ਸਨ, ਜਿਵੇਂ ਦੀਵਾਨ ਦਰਬਾਰਾ ਸਿੰਘ, ਸ: ਕਪੂਰ ਸਿੰਘ ਆਦਿ, ਜਿਨ੍ਹਾਂ ਭਾਈ ਮਨੀ ਸਿੰਘ ਦੀ ਜਥੇਦਾਰੀ ਵਿਚ ਅੰਮ੍ਰਿਤ ਛਕਿਆ ਸੀ। ਤਰੁਣਾ ਦਲ ਵਿਚ ਨੌਜਵਾਨ ਪੀੜ੍ਹੀ ਦੇ ਸੂਰਮੇ ਸਨ, ਜੋ ਨੱਠ ਭੱਜ ਚੰਗੀ ਤਰ੍ਹਾਂ ਕਰ ਸਕਦੇ ਸਨ ਤੇ ਸੌ ਸੌ ਕੋਹਾਂ ਦੀਆਂ ਮੰਜ਼ਲਾਂ ਮਾਰਨੀਆਂ ਜਿਨ੍ਹਾਂ ਲਈ ਇਕ ਤੁਛ ਜਿਹੀ ਖੇਡ ਸੀ। ਗਸ਼ਤੀ ਫ਼ੌਜ ਦੀ ਸੁਖ-ਸਾਂਦ ਜ਼ਿਆਦਾ ਤਰੁਣਾ ਦਲ ਹੀ ਪੁਛਦਾ ਹੁੰਦਾ ਸੀ। ਦੋਹਾਂ ਦਲਾਂ ਨੂੰ ਦਲ ਖ਼ਾਲਸਾ ਕਿਹਾ ਜਾਂਦਾ ਸੀ।

ਦੋਹਾਂ ਦਲਾਂ ਦਾ ਅਸੂਲ ਸੀ ਕਿ ਪਿੰਡਾਂ ਦੀ ਵਸੋਂ ਮੁਸਲਮਾਨ ਹੋਵੇ ਜਾਂ ਹਿੰਦੂ, ਉਸ ਨੂੰ ਨਹੀਂ ਛੇੜਨਾ। ਕਰਣੀ ਦਾ ਫਲ ਸਿਰਫ਼ ਉਹੋ ਹੀ ਭਰੇ, ਜਿਸ ਨੇ ਸਰਕਾਰ ਦਾ ਪੱਖ ਲੈ ਕੇ ਸਿੰਘਾਂ ਨਾਲ ਵਧੀਕੀ ਕੀਤੀ ਹੋਵੇ। ਨੰਬਰਦਾਰ, ਚੌਧਰੀ, ਚੁਗ਼ਲ, ਤੁਅਸਬੀ ਮੌਲਵੀ ਮੁਲਾਣੇ ਤੇ ਮੁਫ਼ਤੀ ਕਾਜ਼ੀ ਚੁਣ ਚੁਣ ਕੇ ਸੋਧੇ ਜਾਣ, ਤੇ ਇੰਜ ਹੀ ਹੋਇਆ। ਵਿਸਥਾਰ ਨਾਲ ਤਾਂ ਕਿਸੇ ਹੋਰਸ ਥਾਂ ਦਿਤਾ ਗਿਆ ਹੈ, ਜੋ ਇਥੇ ਦੇਣਾ ਮੁਸ਼ਕਲ ਹੈ, ਪਰ ਇਸ਼ਾਰੇ ਮਾਤਰ ਕੁਝ ਕੁ ਘਟਨਾਵਾਂ ਦਰਜ ਕਰ ਦੇਂਦੇ ਹਾਂ, ਤਾਕਿ ਜ਼ਕਰੀਆ ਖ਼ਾਨ ਦੀ ਤਾਕਤ ਤੇ ਸਫਲਤਾ ਦਾ ਪਾਠਕਾਂ ਨੂੰ ਪਤਾ ਲਗ ਜਾਵੇ।

(੧) ਸਾਵਣ-ਭਾਦੋਂ ਸੰਮਤ ੧੭੯੩ ਬਿਕਰਮੀ (ਜੁਲਾਈ ਅਗਸਤ ੧੭੨੬ ਈ:) ਨੂੰ ਤਿੰਨਾਂ ਪਾਸਿਆਂ ਤੋਂ ਲਾਹੌਰ ਵਲ ਨੂੰ ਆ ਰਹੇ ਸ਼ਾਹੀ ਖ਼ਜ਼ਾਨੇ ਦਾ ਸਿੰਘਾਂ ਨੂੰ ਪਤਾ ਲੱਗ ਗਿਆ। ਨਾਲ ਤਕੜੀਆਂ ਗਾਰਦਾਂ ਤੇ ਗਸ਼ਤੀ ਫ਼ੌਜ ਦੇ ਫਿਰਦਿਆਂ ਹੋਇਆਂ ਵੀ ਚੂਨੀਆਂ ਦੇ ਇਲਾਕੇ ਵਲ ਦਾ ਤੁਰਿਆ ਆ ਰਿਹਾ ਮਾਲੀਆ, ਖੁਡੀਆਂ (ਜ਼ਿਲਾ ਲਾਹੌਰ) ਵਿਖੇ, ਚਵਿੰਡੇ ਤਹਿਸੀਲ (ਜ਼ਿਲਾ ਅੰਮ੍ਰਿਤਸਰ) ਦਾ ਇਕੱਠਾ ਹੋਇਆ ਖ਼ਜ਼ਾਨਾ ਚਵਿੰਡੇ ਦੀ ਜੂਹ ਵਿਚ ਤੇ ਕਸੂਰ ਵਲੋਂ.ਆ ਰਿਹਾ ਖ਼ਜ਼ਾਨਾ ਕਾਨ੍ਹੇ ਕਾਛੇ (ਜ਼ਿਲਾ ਲਾਹੌਰ) ਲਾਗੇ ਲੁਟ ਲਿਆ ਗਿਆ। ਕੁਝ ਘੋੜੇ ਤੇ ਸਾਜ਼ੋ-ਸਾਮਾਨ ਤੋਂ ਬਿਨਾਂ ੫ ਲਖ ਰੁਪਏ ਸਿੰਘਾਂ ਦੇ ਹੱਥ ਲਗੇ।

(੨) **ਘੋੜਿਆਂ ਦਾ ਕਾਫ਼ਲਾ ਲੁਟਣਾ** : ਖ਼ਜ਼ਾਨਿਆਂ ਦੀ ਲੁਟ ਤੋਂ ਅਗਲੇ ਮਹੀਨੇ ਇਸੇ ਸਾਲ (ਅੱਸੂ ਸੰਮਤ ੧੭੯੩, ਸਤੰਬਰ ੧੭੨੬) ਦੀ ਗੱਲ ਹੈ ਕਿ ਮੁਰਤਜ਼ਾ ਖ਼ਾਨ ਉਚਕਜ਼ਈ ਕੰਧਾਰੀ ਘੋੜਿਆਂ ਦਾ ਸੌਦਾਗਰ, ਬੜੀ ਵਧੀਆ ਨਸਲ ਦੇ ਘੋੜੇ ਸ਼ਾਹੀ ਅਸਤਬਲ ਲਈ ਦਿੱਲੀ ਨੂੰ ਲਈ ਜਾ ਰਿਹਾ ਸੀ। ਸਿੰਘਾਂ ਨੂੰ ਵੀ ਕਨਸੋਅ ਮਿਲ ਗਈ ਕਿ ਇਹ ਸੌਦਾਗਰ ਕਾਫ਼ਲਾ ਨਾਲ ਲਈ ਜੰਡਿਆਲੇ ਉਤਰਿਆ ਹੋਇਆ ਹੈ। ਸਿੰਘਾਂ ਰਾਤ ਹੱਲਾ ਕੀਤਾ, ਸੁਤੇ ਪਏ ਸੁੱਤੇ ਹੀ ਰਹਿ ਗਏ। ਮੁਰਤਜ਼ਾ ਖ਼ਾਨ ਘਾਹ ਦੀਆਂ ਪੰਡਾਂ ਵਿਚ ਲੁਕ ਕੇ ਬਚ ਗਿਆ। ਸਿੰਘ ਲੋੜੀਂਦਾ ਸਾਮਾਨ ਤੇ ਸਾਰੇ ਘੋੜੇ ਲੈ ਕੇ ਔਹ ਗਏ ਤੇ ਬੰਡਾਲੇ ਦੀ ਬੀੜ ਵਿਚ ਜਾ ਵੜੇ। ਅਗਲੇ ਦਿਨ ਸਵੇਰੇ ਜੰਡਿਆਲੇ ਦੇ ਮਹੰਤ ਆਕਲ ਦਾਸ ਨੇ ਮੁਰਤਜ਼ਾ ਖ਼ਾਨ ਨੂੰ ਘਾਹ 'ਚੋਂ ਕੱਢ ਕੇ ਲਾਹੌਰ ਪਹੁੰਚਾ ਦਿਤਾ।

(੩) ਮੁਹੰਮਦ ਜਾਅਫ਼ਰ ਖ਼ਾਨ ਸੱਤ ਹਜ਼ਾਰੀ, ਜੋ ਮੁਹੰਮਦ ਸ਼ਾਹ ਰੰਗੀਲੇ ਦਾ ਸਾਲਾ ਸੀ, ਇਸੇ ਸਾਲ ਸ਼ੁਰੂ ਸਰਦੀਆਂ ਵਿਚ ਕਾਫ਼ੀ ਸੋਨਾ ਚਾਂਦੀ, ਖ਼ੁਸ਼ਕ ਮੇਵੇ ਤੇ ਹੋਰ ਕੀਮਤੀ ਲੀੜਾ-ਲੱਤਾ ਤੇ ਕੀਮਤੀ ਸਾਮਾਨ ਲੈ ਕੇ ਆਪਣੇ ਕਬੀਲੇ ਦੇ ਬਹੁਤ ਸਾਰੇ ਆਦਮੀਆਂ ਨਾਲ ਪਿਸ਼ਾਵਰੋਂ ਦਿੱਲੀ ਨੂੰ ਜਾ ਰਿਹਾ ਸੀ। ਬੁੱਢਾ ਸਿੰਘ ਸ਼ੁੱਕਰਚੱਕੀਆ ਤੇ ਬਾਘ ਸਿੰਘ ਹੱਲੋਵਾਲੀਏ (ਸ: ਜੱਸਾ ਸਿੰਘ ਆਹਲੂਵਾਲੀਏ ਦਾ ਮਾਮਾ) ਨੂੰ ਸ਼ਿਕਾਰ ਦੀ ਸੂਹ ਮਿਲ ਗਈ। ਉਹ ਬਾਜ਼ ਵਾਂਗ ਸ਼ੂਟ ਮਾਰ ਕੇ ਆਏ ਤੇ ਬਿਆਸ ਦਰਿਆ ਦੇ ਕੰਢੇ ਗੋਇੰਦਵਾਲ ਵਿਖੇ ਇਹੋ ਕਾਫ਼ਲਾ ਜਾ ਮਾਰਿਆ ਤੇ ਪੂਰੀ ਤਰ੍ਹਾਂ ਮਾਂਜ ਸੁੱਟਿਆ।

ਇਹ ਗੱਲ ਯਾਦ ਰੱਖੀ ਜਾਣੀ ਚਾਹੀਦੀ ਹੈ ਕਿ ਸਿੰਘ ਇਨ੍ਹਾਂ ਹੱਲਿਆਂ ਰਾਹੀਂ ਸ਼ਾਹੀ ਮਾਲ-ਦੌਲਤ ਦੀ ਲੁਟ ਤੇ ਖੋਹ-ਖਿੰਜ ਕਿਸੇ ਲਾਲਚ ਨੂੰ ਮੁਖ ਰਖ ਕੇ ਨਹੀਂ ਕਰਦੇ ਸਨ। ਕਈ ਇਕ ਲਿਖਾਰੀਆਂ ਨੇ ਗ਼ਲਤ ਗ਼ਲਤ ਅੰਦਾਜ਼ੇ ਲਾ ਕੇ ਸਿੰਘਾਂ ਨੂੰ ਡਾਕੂ ਤੇ ਲੁਟੇਰੇ ਲਿਖ ਮਾਰਿਆ ਹੈ। ਬਹੁਤੇ ਮੁਸਲਮਾਨ ਲਿਖਾਰੀ ਤੁਅਸਬ ਤੇ ਪੱਖਪਾਤ ਤੋਂ ਬਚ ਨਹੀਂ ਸਕੇ। ਹਿੰਦੂ ਲਿਖਾਰੀਆਂ ਨੇ ਆਪਣੇ ਮਾਲਕਾਂ ਨੂੰ ਸੱਚੀ ਗੱਲ ਲਿਖ ਕੇ ਨਾਰਾਜ਼ ਕਰ ਕੇ ਮੌਤ ਨਹੀਂ ਸੀ ਸਹੇੜਨੀ। ਉਨ੍ਹਾਂ ਮੁਸਲਮਾਨ ਇਤਿਹਾਸਕਾਰਾਂ ਨਾਲੋਂ ਵੀ ਵਧ ਕੇ ਸਿੱਖਾਂ ਨੂੰ ਕੋਸਿਆ ਤੇ ਭੰਡਿਆ ਹੈ। ਅੰਗ੍ਰੇਜ਼ ਲਿਖਾਰੀਆਂ ਨੇ ਇਨ੍ਹਾਂ ਸੋਮਿਆਂ ਨੂੰ ਹੀ ਆਪਣੀ ਜਾਣਕਾਰੀ ਦਾ ਆਧਾਰ ਬਣਾ ਕੇ ਇਤਿਹਾਸ ਵਿਚ ਕਾਫ਼ੀ ਰੋਲ-ਘਚੋਲਾ ਮਾਰ ਦਿਤਾ ਹੈ। ਕੁਝ ਇਕ ਮੁਸਲਮਾਨ ਲਿਖਾਰੀਆਂ, ਜਿਨ੍ਹਾਂ ਸੱਚ ਦਾ ਪੱਲਾ ਨਹੀਂ ਛੱਡਿਆ, ਤੋਂ ਅਸਲ ਵਿਥਿਆ ਦਾ ਪਤਾ ਲਗਦਾ ਹੈ।

ਸਿੰਘਾਂ ਦਾ ਇਨ੍ਹਾਂ ਹੱਲਿਆਂ ਤੋਂ ਇਕ ਹੀ ਮਨੋਰਥ ਸੀ ਕਿ ਲਾਹੌਰ ਦੀ ਸਰਕਾਰ ਨੂੰ ਹੱਥਾਂ ਪੈਰਾਂ ਦੀ ਪਾ ਦਿਤੀ ਜਾਵੇ, ਤਾਕਿ ਸਿੰਘਾਂ ਉਤੇ ਅਜਾਈਂ ਅਤਿਆਚਾਰ ਕਰਨ ਵਲੋਂ ਉਸ ਦਾ ਧਿਆਨ ਘਟ ਜਾਵੇ। ਉਸ ਨੂੰ ਕਮਜ਼ੋਰ ਕਰਨ ਤੋਂ ਬਿਨਾਂ ਹੋਰ ਕੋਈ ਭਾਵ ਨਹੀਂ ਸੀ।

ਜੇ ਖੋਹਾਂ-ਖਿੰਜਾਂ ਕਰ ਕੇ ਧਨ ਦੌਲਤ ਹੀ ਸਮੇਟਣਾ ਹੁੰਦਾ ਤਾਂ ਭਾਈ ਪ੍ਰਤਾਪ ਚੰਦ ਦਾ ਬਹੁਮੁੱਲੇ ਮਾਲ ਨਾਲ ਲੱਦਿਆ-ਪੱਥਿਆ ਟਾਂਡਾ, ਜੋ ਦੀਵਾਨ ਦਰਬਾਰਾ ਸਿੰਘ ਤੇ ਸ: ਕਪੂਰ ਸਿੰਘ ਨੇ ਸ੍ਰੀ ਹਰਿਗੋਬਿੰਦਪੁਰ ਲਾਗੇ ਛਾਪਾ ਮਾਰ ਕੇ ਲੁਟ

ਲਿਆ ਸੀ, ਪਤਾ ਲਗਣ 'ਤੇ ਕਿ ਇਹ ਸ਼ਾਹੀ ਘਰਾਣੇ ਦਾ ਖ਼ਰੀਦਿਆ ਮਾਲ ਨਹੀਂ, ਸਗੋਂ ਇਕ ਸੌਦਾਗਰ ਪ੍ਰਤਾਪ ਚੰਦ ਦਾ ਹੈ, ਤਾਂ ਸਾਰਾ ਸਾਮਾਨ ਤੇ ਮਾਲ-ਧਨ ਇਕੱਠਾ ਕਰ ਕੇ ਉਸ ਨੂੰ ਵਾਪਸ ਕਿਉਂ ਦੇ ਦਿਤਾ ਜਾਂਦਾ ? ਸਿੰਘਾਂ ਦੇ ਉੱਚੇ ਆਚਰਣ ਦੀ ਇਹ ਮੂੰਹ-ਬੋਲਦੀ ਤਸਵੀਰ ਹੈ ਤੇ ਝੂਠੀਆਂ ਊਜਾਂ ਦੇ ਵਿਰੁਧ ਇਕ ਅਕੱਟ ਸਬੂਤ ਹੈ। ਇਹ ਸਪੱਸ਼ਟ ਗਵਾਹੀ ਸਾਬਤ ਕਰਦੀ ਹੈ ਕਿ ਉਹ ਮਾਲੋ-ਦੌਲਤ ਦੇ ਲੁਟਣ ਖ਼ਾਤਰ ਹੱਲੇ ਨਹੀਂ ਸਨ ਕਰਦੇ, ਸਗੋਂ ਲਾਹੌਰ ਸਰਕਾਰ ਨੂੰ ਮੱਤ ਦੇਣ ਲਈ ਕਰਦੇ ਸਨ। ਇਸ ਤੋਂ ਪਿਛੋਂ ਵੀ ਜਦ ਕਦੇ ਇਹੋ ਜਿਹਾ ਭੁਲੇਖਾ ਪਿਆ, ਲੁਟ ਦਾ ਮਾਲ ਤੁਰੰਤ ਵਾਪਸ ਕਰ ਦਿਤਾ ਗਿਆ।

(੪) **ਚਵਿੰਡੇ (ਜ਼ਿਲਾ ਅੰਮ੍ਰਿਤਸਰ) ਵਿਖੇ ਝੜਪ :** ਚੜ੍ਹਦੇ ਚੇਤ ੧੭੯੪ ਸੰਮਤ ਦੀ ਗੱਲ ਹੈ ਕਿ ਇਥੋਂ ਦੇ ਜਥੇਦਾਰ ਬਹਾਦਰ ਸਿੰਘ ਦੇ ਪੁਤ ਦੇ ਆਨੰਦ ਸਮੇਂ ਕੁਝ ਰਾਠ ਸਿੰਘ ਇਕੱਠੇ ਹੋਏ ਸਨ। ਲਾਗਲੇ ਪਿੰਡਾਂ ਦਿਆਂ ਚੁਗਲਾਂ ਮੁਖ਼ਬਰੀ ਕਰ ਕੇ ਫ਼ੌਜ ਚੜ੍ਹਾ ਲਿਆਂਦੀ। ਫ਼ੌਜ ਨੇ ਸਿੰਘਾਂ ਨੂੰ ਘੇਰ ਕੇ ਫੜਨਾ ਚਾਹਿਆ। ਉਹ ਕਦ ਕਾਬੂ ਆਉਣ ਵਾਲੇ ਸਨ। ਬਾਹਰ ਨਿਕਲ ਕੇ ਫ਼ੌਜ ਦੇ ਗਲ ਪੈ ਗਏ ਤੇ ਕੱਟ-ਵੱਢ ਕਰਦੇ ਹੋਏ ਨਿਕਲ ਗਏ। ੧੦ ਸਿੰਘ ਤੇ ੩੦ ਫ਼ੌਜੀ ਖੇਤ ਰਹੇ ਤੇ ੬੫ ਕੁ ਹੋਰ ਫ਼ੌਜੀ ਘਾਇਲ ਹੋ ਗਏ। ਗੁੱਸੇ ਵਿਚ ਬਿਫਰੀ ਹੋਈ ਬਾਕੀ ਦੀ ਫ਼ੌਜ ਜਦ ਵਿਆਹ ਵਾਲੇ ਘਰ ਜ਼ਨਾਨੀਆਂ ਨੂੰ ਫੜਨ ਲਈ ਗਈ ਤਾਂ ਉਨ੍ਹਾਂ ਸੇਲੇ, ਸੋਟੇ ਤੇ ਸਲੰਘਾਂ ਚੁਕ ਲਈਆਂ। ਪਿੰਡ ਦੀਆਂ ਹੋਰ ਜੱਟੀਆਂ ਵੀ ਡੰਡਾ-ਸੋਟਾ ਤੇ ਇੱਟ-ਵੱਟਾ ਲੈ ਕੇ ਆਣ ਪਈਆਂ ਤੇ ਫ਼ੌਜ ਨੂੰ ਪਿੰਡੋਂ ਕਢ ਕੇ ਹੀ ਛਡਿਆ। ਪਿੰਡ ਦੇ ਲੋਗ ਕੁਝ ਸਮੇਂ ਲਈ ਲਾਂਭ ਚਾਂਭ ਹੋ ਗਏ। ਫ਼ੌਜ ਨੇ ਮੁਰਦੇ ਅਗਲੇ ਦਿਨ ਚੁਕੇ। ਸਿੱਖਾਂ ਦੇ ਘਰ ਸਾੜ ਕੇ ਗੱਚ ਕਢਿਆ।

(੫) ਇਹੋ ਹੀ ਸਮਾਂ ਹੈ ਜਦ ਭਾਈ ਤਾਰਾ ਸਿੰਘ 'ਵਾਂ' ਨੇ ਸੂਰਮਿਆਂ ਵਾਲੀ ਕਰ ਵਿਖਾਈ। ਬੜੀ ਦੇਰ ਤਕ ਸਿੰਘਾਂ ਲਈ ਠਾਹਰ ਬਣਾਈ ਰੱਖੀ। ਜਦ ਅਣਖ ਤੇ ਮਾਣ ਮਰਯਾਦਾ ਉਤੇ ਆਣ ਬਣੀ ਤਾਂ ਜ਼ਕਰੀਆ ਖ਼ਾਨ ਦੀ ਲਾਹੌਰੀ ਫ਼ੌਜ ਦੇ ਸਨਮੁਖ ਹੋ ਕੇ ਗ਼ਾਜ਼ੀਆਂ ਨੂੰ ਬਹਿਸ਼ਤਾਂ ਦੇ ਪਰਵਾਨੇ ਦੇਂਦਾ ਹੋਇਆ ਸ਼ਹੀਦ ਹੋ ਗਿਆ।

ਜ਼ਕਰੀਆ ਖ਼ਾਨ ਜਿਉਂ ਜਿਉਂ ਸਖ਼ਤੀ ਕਰਦਾ ਗਿਆ, ਪਿੰਡਾਂ ਵਿਚ ਸਿੰਘਾਂ ਪ੍ਰਤੀ ਹਮਦਰਦੀ ਦਿਨ-ਬ-ਦਿਨ ਵਧਦੀ ਗਈ। ਹਕੂਮਤ ਦੀ ਸਿੰਘਾਂ ਹੱਥੋਂ ਜੋ

ਹੇਠੀ ਹੋ ਰਹੀ ਸੀ, ਇਸ ਨੂੰ ਵੇਖ ਕੇ ਲੋਕਾਂ ਦੇ ਹੌਸਲੇ ਹੋਰ ਵੀ ਵਧ ਗਏ। ਮਨਚਲੇ ਗੱਭਰੂ ਹਜ਼ਾਰਾਂ ਦੀ ਗਿਣਤੀ ਵਿਚ ਅੰਮ੍ਰਿਤ ਛਕ ਛਕ ਕੇ ਨਾਲ ਰਲਦੇ ਗਏ। ਤਰੁਣਾ ਦਲ ਦੀ ਗਿਣਤੀ ਏਨੀ ਵਧ ਗਈ ਕਿ ਦੀਵਾਨ ਦਰਬਾਰਾ ਸਿੰਘ ਤੇ ਸ: ਕਪੂਰ ਸਿੰਘ ਨੇ ਭਾਈ ਮਨੀ ਸਿੰਘ ਦੀ ਅਗਵਾਈ ਵਿਚ ਸਰਬੱਤ ਖ਼ਾਲਸੇ ਦਾ ਦੀਵਾਨ ਸਜਾ ਕੇ ਤਰੁਣਾ ਦਲ ਦੇ ੫ ਜਥੇ ਬਣਾ ਦਿਤੇ, ਜੋ ਇਸ ਪ੍ਰਕਾਰ ਸਨ :

੧. ਪਹਿਲਾ ਨਿਸ਼ਾਨ ਭਾਈ ਦੀਪ ਸਿੰਘ (ਪਿਛੋਂ ਬਾਬਾ ਦੀਪ ਸਿੰਘ) ਨੂੰ ਦੇ ਕੇ ਇਕ ਡੇਰਾ ਉਸ ਦੀ ਅਗਵਾਈ ਵਿਚ ਕੀਤਾ।
੨. ਦੂਸਰਾ ਭਾਈ ਕਰਮ ਸਿੰਘ ਧਰਮ ਸਿੰਘ ਅੰਮ੍ਰਿਤਸਰੀਆਂ ਨੂੰ ਦਿਤਾ।
੩. ਤੀਸਰਾ ਬਾਬਾ ਕਾਹਨ ਸਿੰਘ ਬਿਨੋਦ ਸਿੰਘ ਗੋਇੰਦਵਾਲੀਆਂ ਨੂੰ।
੪. ਚੌਥਾ ਭਾਈ ਦਸੌਂਧਾ ਸਿੰਘ ਕੋਟ ਬੁਢੇ ਵਾਲੇ ਨੂੰ।
੫. ਪੰਜਵਾਂ ਭਾਈ ਬੀਰੂ ਸਿੰਘ ਮਦਨ ਸਿੰਘ ਨੂੰ ਦਿਤਾ।

(੬) ੧੭੯੬ ਬਿਕਰਮੀ ਵਿਚ ਮੁਹੰਮਦ ਸ਼ਾਹ ਦਿੱਲੀ ਵਾਲੇ ਨੇ ਹੁਕਮ ਦੇ ਕੇ ਹੈਬਤ ਖ਼ਾਨ ਤੇ ਅਬਦੁਲ ਖ਼ਾਨ ਰੁਹੇਲੇ ਸਰਦਾਰਾਂ ਨੂੰ ਦੋ ਹਜ਼ਾਰ ਜੰਗਜੂ ਰੁਹੇਲੇ ਸਵਾਰ ਦੇ ਕੇ ਲਾਹੌਰ ਦਰਬਾਰ ਜ਼ਿੰਮੇ ਤਿੰਨ ਸਾਲਾਂ ਦੀ ਜਮ੍ਹਾ ਹੋਈ ਮਾਲ-ਗੁਜ਼ਾਰੀ ਲੈ ਆਉਣ ਲਈ ਲਾਹੌਰ ਵੱਲ ਭੇਜਿਆ। ਇਹ ਸਾਰਾ ਮਾਲ-ਧਨ, ਜੋ ਕਈ ਲਖ ਰੁਪਏ ਪੈਸੇ ਤੇ ਸੋਨੇ ਚਾਂਦੀ ਦੇ ਰੂਪ ਵਿਚ ਸੀ, ੯੦ ਗੱਡਿਆਂ ਵਿਚ ਲੱਦ ਕੇ ਦਿੱਲੀ ਵੱਲ ਨੂੰ ਤੋਰਿਆ ਤਾਂ ਸਿੰਘਾਂ ਨੂੰ ਵੀ ਖ਼ਬਰ ਮਿਲ ਗਈ। ਇਹ ਕਾਫ਼ਲਾ ਗਾਰਦ ਸਮੇਤ ਨੂਰਦੀਨ ਦੀ ਸਰਾਂ ਲਾਗੇ (ਤਰਨ ਤਾਰਨੋਂ ਛੇ ਕੁ ਕਿਲੋਮੀਟਰ ਲਹਿੰਦੇ ਵਿਚ) ਉਤਰਿਆ ਸੀ, ਜਦ ਸਿੰਘ ਆਣ ਪਏ ਤੇ ਕਈ ਲਖ ਖੋਹ-ਖਿੰਜ ਕੇ ਚਲਦੇ ਬਣੇ। ਬਹੁਤ ਸਾਰੇ ਰੁਹੇਲੇ ਵੱਢੇ ਫਟੇ ਗਏ ਤੇ ਕਈਆਂ ਨੇ ਭਜ ਕੇ ਜਾਨਾਂ ਬਚਾਈਆਂ। (ਗਿ: ਗਿਆਨ ਸਿੰਘ ਦੀ ਰਾਏ ਹੈ ਕਿ ਜ਼ਕਰੀਆ ਖ਼ਾਨ ਨੇ ਪੂਰਾ ਲੇਖਾ ਦੇਣੋਂ ਬਚਣ ਲਈ ਕਾਫ਼ਲਾ ਸਿੰਘਾਂ ਨੂੰ ਕਹਿ ਕੇ ਲੁਟਵਾਇਆ ਸੀ। ਪਰ ਦੂਜੇ ਬੰਨੇ ਇਸ ਗੱਲ ਦੀ ਜ਼ਿਆਦਾ ਸੰਭਾਵਨਾ ਹੈ ਕਿ ਭਾਵੇਂ ਜ਼ਕਰੀਆ ਖ਼ਾਨ ਸਿੰਘਾਂ ਨੂੰ ਨਾ ਵੀ ਕਹਿੰਦਾ, ਉਹ ਏਡੇ ਵੱਡੇ ਮੋਟੇ ਸ਼ਿਕਾਰ ਨੂੰ ਪੰਜਾਬ ਦੀ ਜੂਹ 'ਚੋਂ ਬਚ ਕੇ ਸੁੱਕਾ ਜਾਣ ਤਾਂ ਦੇਣ ਲੱਗੇ ਨਹੀਂ ਸਨ। ਇਸ ਨੇ ਹਰ ਹਾਲਤ

ਵਿਚ ਲੁਟੇ ਜਾਣਾ ਸੀ।) ਜ਼ਕਰੀਆ ਖ਼ਾਨ ਦਾ ਖ਼ਿਆਲ ਸੀ ਕਿ ਉਹ ਪੂਰੀ ਸਖ਼ਤੀ ਕਰ ਕੇ ਖਾਲਸੇ ਨੂੰ ਮੁਕਾਅ ਦੇਵੇਗਾ, ਪਰ ਉਹ ਇਸ ਦੇ ਉਲਟ ਕੌੜੀ ਵੇਲ ਵਾਂਗੂੰ ਵਧਦਾ ਜਾ ਰਿਹਾ ਸੀ। ਉਸ ਦੇ ਹੱਲਿਆਂ ਨੇ ਮੁਲਕ ਭਰ ਵਿਚ ਅਬਤਰੀ ਫੈਲਾ ਦਿਤੀ। ਲਾਹੌਰ ਤੇ ਦਿੱਲੀ ਨੂੰ ਮਾਲੀਆ ਉਗਰ ਕੇ ਅੱਪੜਣਾ ਔਖਾ ਹੋ ਗਿਆ।

ਦਿੱਲੀ ਨੂੰ ਜਾਂਦਾ ਹੋਇਆ ਸ਼ਾਹੀ ਖ਼ਜ਼ਾਨਾ ਜਦ ਲਾਹੌਰੋਂ ੪੫ ਕੁ ਕਿਲੋਮੀਟਰ ਦੇ ਫ਼ਾਸਲੇ 'ਤੇ ਹੀ ਲੁਟਿਆ ਗਿਆ ਤਾਂ ਰੁਹੇਲੇ ਤੇ ਗਸ਼ਤੀ ਫ਼ੌਜ, ਜੋ ਭਾਰੀ ਗਿਣਤੀ ਵਿਚ ਪੂਜ ਗਈ ਸੀ, ਉਹ ਸਾਰੇ ਨੂਰੂੱਦੀਨ ਦੀ ਸਰਾਂ ਪਾਸ ਇਕੱਠੇ ਹੋਏ ਤਾਂ ਬੜੇ ਰੋਹ ਤੇ ਜੋਸ਼ ਵਿਚ ਸਿੰਘਾਂ ਦਾ ਪਿੱਛਾ ਕਰਨ ਲੱਗੇ। ਬਹੁਤ ਜ਼ਿਆਦਾ ਕੋਸ਼ਿਸ਼ ਕਰਨ 'ਤੇ ਵੀ ਨਾ ਸਿੰਘ ਹੱਥ ਆਏ, ਨਾ ਹਥੋਂ ਗਿਆ ਖ਼ਜ਼ਾਨਾ। ਰੁਹੇਲਿਆਂ ਡੀਂਗਾਂ ਮਾਰੀਆਂ ਸਨ ਕਿ ਖ਼ਜ਼ਾਨਾ ਤਾਂ ਅਸੀਂ ਵਾਪਸ ਲੈ ਕੇ ਵਿਖਾਵਾਂਗੇ ਤੇ ਗੱਡੇ ਹੁਣ ਬੌਲਦ ਜੁਪ ਕੇ ਦਿੱਲੀ ਨਹੀਂ ਜਾਣਗੇ, ਸਗੋਂ ਸਿੰਘਾਂ ਨੂੰ ਕਾਬੂ ਕਰ ਕੇ ਉਨ੍ਹਾਂ ਨੂੰ ਗੱਡਿਆਂ ਅੱਗੇ ਜੋਅ ਕੇ ਦਿੱਲੀ ਲਿਜਾਵਾਂਗੇ। ਕੀਤੇ ਦੀ ਸਜ਼ਾ ਦਿੱਲੀ ਅੱਪੜ ਕੇ ਭੁਗਤਾਵਾਂਗੇ। ਰੁਹੇਲਿਆਂ ਤੇ ਫ਼ੌਜ ਨੇ ਜੰਗਲਾਂ ਬੇਲਿਆਂ ਦੇ ਦੁਆਲੇ ਤਾਂ ਬਥੇਰੀ ਖ਼ਾਕ ਛਾਣੀ, ਪਰ ਡਰਦੇ ਅੰਦਰ ਨਾ ਵੜਨ। ਚਾਰ ਕੁ ਦਿਨ ਇੰਜ ਝਖ ਮਾਰ ਕੇ ਫ਼ੌਜਾਂ ਲਾਹੌਰ ਨੂੰ ਵਾਪਸ ਪਰਤ ਗਈਆਂ।

ਮਾਝੇ ਤੇ ਰਿਆੜਕੀ ਦੇ ਇਲਾਕਿਆਂ ਵਿਚ ਜਦ ਲਾਹੌਰ ਸਰਕਾਰ ਦੇ ਪ੍ਰਬੰਧ ਦੀ ਸਿੰਘਾਂ ਹੱਥੋਂ ਬੁਰੀ ਦੁਰਦਸ਼ਾ ਹੋਈ ਤਾਂ ਇਸ ਦੀਆਂ ਖ਼ਬਰਾਂ ਦੂਰ ਨੇੜੇ ਫੈਲੀਆਂ, ਇਸ ਤੋਂ ਪ੍ਰਭਾਵਤ ਹੋ ਕੇ ਦਖਣ ਲਹਿੰਦੇ ਵਿਚ ਗੜਬੜ ਹੋ ਗਈ ਤੇ ਮਾਮਲੇ ਦੀ ਉਗਰਾਹੀ ਪੂਰੀ ਨਹੀਂ ਸੀ ਹੋ ਰਹੀ। ਦਲ ਖ਼ਾਲਸਾ ਸਤਲੁਜ ਪਾਰ ਕਰ ਕੇ ਮਾਲਵੇ ਵਿਚ ਜਾ ਪਹੁੰਚਿਆ ਤੇ ਸਾਰਾ ਮਾਲਵਾ ਉਗਰਾਹ ਲਿਆ। ਸਰਕਾਰੀ ਪ੍ਰਬੰਧ ਤਾਂ ਸਿਰਫ਼ ਸ਼ਹਿਰ ਦੀਆਂ ਕੰਧਾਂ ਤਕ ਹੀ ਸੀਮਤ ਹੋ ਕੇ ਰਹਿ ਗਿਆ। ਸਰਕਾਰੀ ਖ਼ਜ਼ਾਨੇ ਲੁਟੇ ਗਏ। ਉਗਰਾਹੀ ਹੋਵੇ ਨਾ। ਗਸ਼ਤੀ ਫ਼ੌਜਾਂ ਨੂੰ ਵੀ ਕੋਈ ਖ਼ਾਸ ਕਾਮਯਾਬੀ ਨਾ ਹੁੰਦੀ ਵੇਖ ਕੇ ਸੂਬੇਦਾਰ ਨੇ ਸਹਾਇਤਾ ਲਈ ਦਿੱਲੀ ਦਰਬਾਰ ਨੂੰ ਵਾਸਤਾ ਪਾਇਆ।

ਜ਼ਕਰੀਆ ਖ਼ਾਨ ਨੇ ਸਹਾਇਤਾ ਵਜੋਂ ਦਿੱਲੀ ਤੋਂ ਫ਼ੌਜ ਮੰਗਵਾਈ

ਜ਼ਕਰੀਆ ਖ਼ਾਨ ਨੇ ਸ਼ਾਹ ਮੁਹੰਮਦ ਨੂੰ ਲਿਖ ਭੇਜਿਆ ਕਿ ਸਾਰੀ ਮਾਲ-ਗੁਜ਼ਾਰੀ ੮੦ ਗੱਡਿਆਂ ਉਤੇ ਲੱਦ ਕੇ ਆਪਣੀ ਵੀ ੪੦੦੦ ਫ਼ੌਜ ਨਾਲ ਤੋਰੀ ਸੀ ਅਤੇ ਰਖਵਾਲੀ ਲਈ ਬੜੀ ਸਖ਼ਤਾਈ ਕੀਤੀ ਸੀ, ਪਰ ਸਿੱਖਾਂ ਕਾਫ਼ਰਾਂ ਨੇ ਪੇਸ਼ ਨਹੀਂ ਜਾਣ ਦਿਤੀ। ਫ਼ੌਜ ਮਾਰ ਖਾ ਕੇ ਪਿਛੇ ਹਟ ਗਈ ਹੈ। ਖ਼ਜ਼ਾਨਾ ਲੁਟਿਆ ਗਿਆ ਹੈ। ਇਹ ਲੋਕ ਰਈਅਤ ਦੀ ਖੇਤੀ ਹੋਣ ਨਹੀਂ ਦੇਂਦੇ। ਐਸ ਵੇਲੇ ਦੇਸ਼ ਵਿਚ ਕਾਲ ਵਰਗੀ ਹਾਲਤ ਬਣੀ ਹੋਈ ਹੈ। ਪਰਜਾ ਏਨੀ ਨਿਰਧਨ ਹੋ ਗਈ ਹੈ ਕਿ ਮੁੜ ਮਾਲ-ਗੁਜ਼ਾਰੀ ਦਾ ਵਸੂਲ ਹੋਣਾ ਬਹੁਤ ਮੁਸ਼ਕਲ ਹੈ। ਜੇ ਤਕੜੀ ਫ਼ੌਜ ਨਾ ਆਈ, ਇਹ ਗ਼ਦਰ ਨਹੀਂ ਮੁਕਣਾ। ਇਸ ਦਾ ਛੇਤੀ ਤੋਂ ਛੇਤੀ ਪ੍ਰਬੰਧ ਕੀਤਾ ਜਾਵੇ।

ਬਾਦਸ਼ਾਹ ਨੂੰ ਸੁਣਦਿਆਂ ਸਾਰ ਅੱਗ ਲੱਗ ਗਈ। ਝਟ ਪਟ ੨੦ ਹਜ਼ਾਰ ਫ਼ੌਜ ਨਜੀਬ ਖ਼ਾਨ ਰੁਹੇਲੇ, ਸਫ਼ਦਰ ਜੰਗ ਖ਼ਾਨ ਤੇ ਮੁਨਅਮ-ਖ਼ਾਨ ਵਰਗੇ ਤਾਕਤਵਰ ਫ਼ੌਜਦਾਰਾਂ ਨੂੰ ਦੇ ਕੇ ਪੰਜਾਬ ਵਲ ਸਿੱਖਾਂ ਦਾ ਨਾਮੋ ਨਿਸ਼ਾਨ ਮੇਟਣ ਵਾਸਤੇ ਤੋਰ ਦਿਤਾ।[੧] ਇਹ ਗੱਲ ਸੰਮਤ ੧੭੮੭ ਬਿਕਰਮੀ (੧੭੩੦ ਈ:) ਦੀ ਹੈ। ਸਰਹੰਦ ਤੇ ਜਲੰਧਰ ਦਿਆਂ ਹਾਕਮਾਂ ਨੂੰ ਵੀ ਫ਼ੁਰਮਾਨ ਜਾਰੀ ਕੀਤੇ ਗਏ ਕਿ ਇਸ ਫ਼ੌਜ ਵਿਚ ਸ਼ਾਮਲ ਹੋਵੋ ਅਤੇ ਸਿੱਖਾਂ ਦਾ ਚੁਣ ਚੁਣ ਕੇ ਕਤਲ-ਏ-ਆਮ

---

੧. ਗਿ: ਗਿਆਨ ਸਿੰਘ—*ਤਵਾਰੀਖ਼ ਗੁਰੂ ਖਾਲਸਾ*, ਦੂਜਾ ਹਿੱਸਾ—*ਸ਼ਮਸ਼ੇਰ ਖਾਲਸਾ*, ਭਾਸ਼ਾ ਵਿਭਾਗ ਪੰਜਾਬ ਵਲੋਂ ਛਪਿਆ ੧੯੭੦ ਈ:, ਸਫ਼ਾ ੧੦੮।

ਕਰ ਕੇ ਇਸ ਧਾੜਵੀ ਕੌਮ ਨੂੰ ਸਦਾ ਲਈ ਮਲੀਆਮੇਟ ਕਰ ਦਿਓ।

ਮਾਲਵੇ ਵਿਚ ਵਿਚਰਦਿਆਂ ਦਲ ਖ਼ਾਲਸਾ ਦਿਆਂ ਕੁਝ ਜਥਿਆਂ ਨੂੰ ਪਤਾ ਲੱਗ ਗਿਆ ਕਿ ਇਕ ਫ਼ੌਜ ਦਿੱਲੀ ਵਲੋਂ ਸਿੰਘਾਂ ਵਿਰੁਧ ਆ ਰਹੀ ਹੈ। ਉਨ੍ਹਾਂ ਸਰਹੰਦ ਦੀ ਜੂਹ ਵਿਚ ਅਪੜਦੀ ਨੂੰ ਕਰੜੇ ਹਥੀਂ ਲਿਆ ਤੇ ਛਾਪੇ ਮਾਰ ਮਾਰ ਕੇ ਉਸ ਦੀ ਮੰਦੀ ਹਾਲਤ ਕਰ ਦਿਤੀ। ਕੁਝ ਦੇਰ ਪਿਛੋਂ ਸਰਹੰਦ, ਮਲੇਰ ਕੋਟਲਾ ਤੇ ਜਲੰਧਰ ਦੀਆਂ ਕੁਮਕਾਂ ਨਾਲ ਹੋ ਗਈਆਂ। ਫ਼ੌਜ ਆਪਣੀ ਸ਼ਾਹਾਨਾ ਚਾਲ ਨਾਲ ਕੂਚ ਕਰਦੀ ਹੋਈ ਤੇ ਛੋਟੀਆਂ ਛੋਟੀਆਂ ਮੰਜ਼ਲਾਂ ਕਰਦੀ ਆ ਰਹੀ ਸੀ ਕਿ ਸਿੰਘਾਂ ਉਸ ਦਾ ਖਹਿੜਾ ਛਡ ਕੇ ਅਗਲਵਾਂਢੀ ਹੋ ਕੇ ਸਤਲੁਜ ਤੇ ਬਿਆਸ ਦਰਿਆਵਾਂ ਨੂੰ ਗਾਹਣਾਂ ਥਾਣੀ ਲੰਘ ਕੇ, ਜਿਨ੍ਹਾਂ ਤੋਂ ਦਲ ਖ਼ਾਲਸਾ ਪੂਰੀ ਤਰ੍ਹਾਂ ਜਾਣੂੰ ਹੁੰਦਾ ਸੀ, ਗੋਇੰਦਵਾਲ ਤੇ ਹਰੀਕਾ ਪਤਣ ਆਣ ਮੱਲੇ। ਫ਼ੌਜ ਨੇ ਤਾਂ ਬੇੜੀਆਂ ਥਾਣੀਂ ਦਰਿਆ ਪਾਰ ਕਰਨਾ ਸੀ। ਇਨ੍ਹਾਂ ਥਾਵਾਂ 'ਤੇ ਬੜੀ ਮਾਰ ਧਾੜ ਮਚੀ। ਚੌਥੇ ਦਿਨ ਸਾਰੀ ਫ਼ੌਜ ਪਾਰ ਉਤਰਨ ਵਿਚ ਕਾਮਯਾਬ ਹੋ ਗਈ; ਪਰ ਕਾਫ਼ੀ ਜਾਨੀ ਨੁਕਸਾਨ ਕਰਵਾ ਕੇ। ਹੁਣ ਇਸ ਫ਼ੌਜ ਨਾਲ ਲਾਹੌਰ ਦੀ ਗਸ਼ਤੀ ਫ਼ੌਜ ਰਲ ਗਈ। ਸਥਾਨਕ ਸੂਹੀਏ ਇਸ ਦੀ ਅਗਵਾਈ ਨੂੰ ਆ ਗਏ। ਸਾਰਾ ਮਾਝਾ ਕਤਲਗਾਹ ਬਣ ਗਿਆ। ਅਮਨ ਚੈਨ ਨਾਲ ਖੇਤੀ ਬਾੜੀ ਕਰਨ ਵਾਲੇ ਵੀ ਨਾ ਛੱਡੇ ਗਏ। ਜੋ ਸਮੇਂ ਸਿਰ ਪਤਾ ਲਗਣ 'ਤੇ ਰਾਠ ਸਿੰਘਾਂ ਵਾਂਗ ਜੰਗਲ-ਬੇਲੀਂ ਜਾ ਛੁਪੇ, ਬਚ ਗਏ; ਜੋ ਕ਼ਾਬੂ ਆ ਗਿਆ, ਬਗ਼ੈਰ ਕਿਸੇ ਪੁਛ-ਪੜਤਾਲ ਤੋਂ ਪਾਰ ਬੁਲਾ ਦਿਤਾ ਗਿਆ। ਸਿਖ ਹੋਣਾ ਹੀ ਕਾਫ਼ੀ ਵੱਡਾ ਜੁਰਮ ਸੀ। ਸਾਰਾ ਮਾਝਾ ਰਿਆੜਕੀ ਤੇ ਲਹਿੰਦਾ ਬਰਬਾਦ ਹੋ ਗਿਆ। ਇਸ ਰਲਵੀਂ ਫ਼ੌਜ ਨੇ ਮੁਲਤਾਨ ਤਕ ਹੂੰਝਾ ਫੇਰ ਸੁਟਿਆ। ਦਾੜ੍ਹੀ ਕੇਸਾਂ ਵਾਲਾ ਸਿਖ-ਅਸਿਖ ਜੋ ਢਹੇ ਚੜ੍ਹਿਆ, ਮੌਤ ਦੇ ਘਾਟ ਉਤਾਰ ਦਿਤਾ। ਇਹ ਤਿੰਨ ਕੁ ਮਹੀਨਿਆਂ ਦੀ ਮੁਹਿੰਮ ਸੀ। ਜ਼ਕਰੀਆ ਖ਼ਾਨ ਨੇ ਆਪਣੀ ਤਰਫ਼ੋਂ ਸਾਰੇ ਸਿਖ ਮੁਕਾਅ ਦਿਤੇ ਤੇ ਸਹਾਇਤਾ ਲਈ ਦਿਲੀਓਂ ਆਈ ਫ਼ੌਜ ਨੂੰ ਧੰਨਵਾਦ ਕਰ ਕੇ ਵਾਪਸ ਮੋੜ ਦਿਤਾ ਤੇ ਬਾਦਸ਼ਾਹ ਨੂੰ ਕਾਮਯਾਬੀ ਲਈ ਵਧਾਈ ਦਿਤੀ ਤੇ ਧੰਨਵਾਦ ਕੀਤਾ।

ਦਿੱਲੀ ਦੀ ਫ਼ੌਜ ਦੀ ਸਹਾਇਤਾ ਨਾਲ ਲਾਹੌਰ ਸਰਕਾਰ ਨੇ ਜੋ ਦਬਦਬਾ ਕਾਇਮ ਕਰ ਲਿਆ ਸੀ, ਉਹ ਬਹੁਤੀ ਦੇਰ ਤਕ ਬਣਿਆ ਨਾ ਰਹਿ ਸਕਿਆ।

ਕੁਝ ਦੇਰ ਪਿਛੋਂ ਸਿੰਘਾਂ ਨੇ ਫੇਰ ਹੱਥ ਪੈਰ ਮਾਰਨੇ ਸ਼ੁਰੂ ਕਰ ਦਿਤੇ। ਥੋੜੇ ਸਮੇਂ ਵਿਚ ਹੀ ਹਾਲ ਫਿਰ ਪਹਿਲਾਂ ਵਾਲਾ ਹੀ ਹੋ ਗਿਆ। ਹੁਣ ਤਕ ਬਚਿਆ ਆ ਰਿਹਾ ਮਾਲਵਾ ਵੀ ਸਿੱਖਾਂ ਦੀ ਮਾਰ ਥੱਲੇ ਆ ਗਿਆ। ਮਾਲਵੇ ਵਿਚ ਵੱਡੇ ਵੱਡੇ ਮੁਸਲਮਾਨ ਰਾਜਪੂਤਾਂ, ਜਗੀਰਦਾਰਾਂ ਤੇ ਸਰਦਾਰਾਂ ਦਾ, ਜੋ ਜ਼ਿਆਦਾ-ਤਰ ਮੰਝ ਤੇ ਭੱਟੀ ਗੋਤਾਂ ਦੇ ਸਨ, ਬੜਾ ਜ਼ੋਰ ਸੀ ਤੇ ਇਨ੍ਹਾਂ ਦੀ ਸਰਦਾਰ ਆਲਾ ਸਿੰਘ ਫੂਲਕਾ ਪਟਿਆਲੇ ਵਾਲੇ ਨਾਲ ਤਕੜੀ ਖਹਿ ਸੀ। ਇਹ ਹਮੇਸ਼ਾ ਆਨੇ ਬਹਾਨੇ ਉਸ ਨੂੰ ਤੰਗ ਕਰਦੇ ਰਹਿੰਦੇ ਸਨ ਤੇ ਉਸ ਦੇ ਇਲਾਕੇ ਵਿਚ ਲੁਟ-ਮਾਰ ਮਚਾਈ ਰਖਦੇ ਸਨ। ੧੭੯੯ ਬਿਕਰਮੀ ਦੀ ਗੱਲ ਹੈ ਕਿ ਮੰਝ ਰਾਜਪੂਤਾਂ (ਰੰਘੜਾਂ) ਨੇ ਦੀਨ ਦੇ ਨਾਂ 'ਤੇ ਪੱਲਾ ਫੇਰ ਕੇ ਇਕ ਤਕੜਾ ਇਕੱਠ ਕਰਕੇ ਬਿਸਤ-ਦੁਆਬ ਦੇ ਫ਼ੌਜਦਾਰ ਅਸਦ ਅਲੀ ਖ਼ਾਨ ਅਤੇ ਮਲੇਰ ਕੋਟਲੀਏ ਅਫ਼ਗਾਨ ਜਮਾਲ ਖ਼ਾਨ ਦੀ ਸਹਾਇਤਾ ਨਾਲ ਸਰਦਾਰ ਆਲਾ ਸਿੰਘ ਫੂਲਕੇ ਨੂੰ, ਜਦ ਕਿ ਉਹ ਬਰਨਾਲੇ ਵਿਚ ਸੀ, ਜਾ ਘੇਰਿਆ। ਭੱਟੀ ਸਰਦਾਰ ਵੀ ਇਨ੍ਹਾਂ ਮਜਾਹਦਾਂ ਦੀ ਸਹਾਇਤਾ ਨੂੰ ਆਣ ਪੁੱਜੇ। ਦੇਵਨੇਤ ਨਾਲ ਤਰੁਣਾ ਦਲ ਇਸ ਵੇਲੇ ਮਾਲਵੇ ਵਿਚ ਜੈਤੋ ਤੇ ਤਲਵੰਡੀ ਸਾਬੋ (ਦਮਦਮਾ ਸਾਹਿਬ) ਵਿਚਾਲੇ ਵਿਚਰ ਰਿਹਾ ਸੀ। ਸ: ਆਲਾ ਸਿੰਘ ਨੇ ਪੇਸ਼ ਨਾ ਜਾਂਦੀ ਵੇਖ ਕੇ ਦਲ ਖ਼ਾਲਸੇ ਪਾਸ ਫ਼ੌਰੀ ਸਹਾਇਤਾ ਲਈ ਮਿੰਨਤ ਕਰਨ ਲਈ ਆਪਣੇ ਆਦਮੀ ਭੇਜ ਦਿਤੇ। ਤਰੁਣਾ ਦਲ ਦੇ ਸ: ਦੀਪ ਸਿੰਘ (ਸ਼ਹੀਦ ਮਿਸਲ ਦੇ ਆਗੂ ਤੇ ਪਿਛੋਂ ਬਾਬਾ ਦੀਪ ਸਿੰਘ ਸ਼ਹੀਦ ਕਰ ਕੇ ਜਾਣੇ ਗਏ) ਦੀ ਅਗਵਾਈ ਵਿਚ ਤਰੁਣਾ ਦਲ ਖ਼ੇਸ਼ਗਈ ਪਠਾਣਾਂ, ਮੰਝਾਂ ਅਤੇ ਭਟੀਆਂ ਉਤੇ ਜਾ ਪਿਆ। ਅਗੋਂ ਮੁਸਲਮਾਨ ਸੂਰਮੇ ਵੀ ਜੀਅ ਤੋੜ ਕੇ ਲੜੇ, ਪਰ ਸਿੰਘਾਂ ਦੀ ਤੇਗ ਅਗੇ ਖਲੋ ਨਾ ਸਕੇ। ਅੱਧੇ ਕੁ ਪਹਿਰ ਦੀ ਲੜਾਈ ਪਿਛੋਂ ਮੈਦਾਨ ਛੱਡ ਕੇ ਜਾਨਾਂ ਬਚਾਉਣ ਲਈ ਨੱਸ ਤੁਰੇ। ਦਲ ਖ਼ਾਲਸਾ ਵਾਪਸ ਮੁੜਦਾ ਹੋਇਆ ਸ: ਆਲਾ ਸਿੰਘ ਨੂੰ ਭਰੋਸਾ ਦੇ ਆਇਆ ਕਿ ਜੇ ਮੰਝ, ਭਟੀ, ਖ਼ੇਸ਼ਗਈ ਆਦਿ ਨਾਲ ਲੜਨ ਦੀ ਲੋੜ ਪਵੇ, ਖ਼ਾਲਸਾ ਜੀ ਨੂੰ ਯਾਦ ਕਰ ਲਿਆ ਕਰਨਾ, ਉਹ ਵੈਰੀਆਂ ਨੂੰ ਸੋਧ ਦਿਆ ਕਰਨਗੇ। ਯਾਦ ਰਹੇ ਕਿ ਸ: ਆਲਾ ਸਿੰਘ ਨੇ ਜੋ ਆਪਣੇ ਰਾਜ ਦੀਆਂ ਹੱਦਾਂ ਵਧਾਈਆਂ ਸਨ, ਉਹ ਇਨ੍ਹਾਂ ਜਰਵਾਣੇ ਮੰਝਾਂ ਤੇ ਭਟੀਆਂ ਨੂੰ ਹੀ ਧਕ ਧਕ ਕੇ ਵਧਾਈਆਂ ਸਨ। ਇਸ ਦਾ ਕਾਰਨ ਦਲ ਖਾਲਸੇ ਦੀ ਸਹਾਇਤਾ ਦਾ ਆਸਰਾ ਸੀ।

ਪੰਜਾਬ ਤੇ ਮਾਲਵੇ ਵਿਚ ਜੋ ਬਦਅਮਨੀ ਦੀ ਹਾਲਤ ਪਸਰ ਗਈ ਸੀ, ਤੇ ਜਿਸ ਕਰਕੇ ਸ਼ਾਹੀ ਖ਼ਜ਼ਾਨਿਆਂ ਦੀ ਆਵਾ ਜਾਈ ਵੀ ਸੁਰੱਖਿਅਤ ਨਹੀਂ ਸੀ, ਇਹ ਕੁਦਰਤੀ ਗੱਲ ਸੀ ਕਿ ਇਸ ਤੋਂ ਦਿੱਲੀ ਦਾ ਬਾਦਸ਼ਾਹ ਗੁੱਸੇ ਵਿਚ ਆਉਂਦਾ ਤੇ ਜ਼ਕਰੀਆ ਖ਼ਾਨ ਦੇ ਨਾਲ ਨਾਰਾਜ਼ ਹੁੰਦਾ। ਜ਼ਕਰੀਆ ਖ਼ਾਨ ਆਪਣਾ ਪੂਰਾ ਬਲ ਸਿੰਘਾਂ ਦੇ ਵਿਰੁੱਧ ਲਾ ਚੁੱਕਾ ਸੀ। ਉਨ੍ਹਾਂ ਨੂੰ ਉਹ ਮੁਕਾਅ ਨਾ ਸਕਿਆ। ਉਸ ਦੇ ਸਾਰੇ ਜਬਰ-ਜ਼ੁਲਮ ਦੇ ਹਥਿਆਰ ਖੁੰਢੇ ਹੋ ਚੁਕੇ ਸਨ ਤੇ ਉਹ ਪੂਰੀ ਤਰ੍ਹਾਂ ਅੱਕ ਥੱਕ ਗਿਆ ਸੀ। ਪਹਿਲਾਂ ਤਾਂ ਬਾਦਸ਼ਾਹ ਨੂੰ ਭਰੋਸਾ ਸੀ ਕਿ ਉਸ ਦੀ ਫ਼ੌਜ ਤੇ ਪੰਜਾਬ ਦੀਆਂ ਫ਼ੌਜਾਂ ਰਲ ਕੇ ਬਾਗ਼ੀ ਸਿੱਖਾਂ ਨੂੰ ਕੁਚਲ ਦੇਣਗੀਆਂ। ਪਰ ਉਸ ਦੀ ਭੇਜੀ ਹੋਈ ਫ਼ੌਜ ਨਾਕਾਮ ਤੇ ਗਿਣਤੀ ਵਿਚ ਕਾਫ਼ੀ ਘਟ ਵਾਪਸ ਆਈ। ਅਫ਼ਸਰਾਂ ਤੋਂ ਸੁਣਿਆ ਕਿ ਕਿਸ ਕਿਸ ਕਿਸਮ ਦਿਆਂ ਖ਼ਤਰਿਆਂ ਨਾਲ ਦੋ ਚਾਰ ਹੋਣਾ ਪਿਆ ਹੈ। ਜਿਨ੍ਹਾਂ ਜੰਗਲਾਂ ਤੇ ਛੰਭਾਂ ਵਿਚ ਦੀ ਫ਼ੌਜ ਲਈ ਗੁਜ਼ਰਨਾ ਮੁਸ਼ਕਲ ਹੈ, ਸਿੰਘਾਂ ਦੀ ਪਨਾਹਗਾਹ ਹੀ ਉਹ ਹਨ। ਜਿਥੇ ਖਾਣ ਪੀਣ ਨੂੰ ਕੋਈ ਰਸਦ ਪਾਣੀ ਨਹੀਂ ਲਭਦਾ, ਉਥੇ ਦੁਸ਼ਮਣ ਸਾਗ ਪਾਤ ਅਤੇ ਜੜ੍ਹੀ ਬੂਟੀਆਂ 'ਤੇ ਹੀ ਗੁਜ਼ਾਰਾ ਕਰ ਕੇ ਤੇ ਹਰ ਕਿਸਮ ਦੀ ਮੁਸੀਬਤ ਝਲ ਕੇ ਫ਼ੌਜਾਂ ਦਾ ਮੂੰਹ ਭੁਆ ਦੇਂਦੇ ਹਨ। ਹਰ ਪ੍ਰਕਾਰ ਦੀ ਥੁੜ ਹੁੰਦਿਆਂ ਹੋਇਆਂ ਵੀ ਉਹ ਮਾਯੂਸ ਨਹੀਂ ਹੁੰਦੇ। ਉਤੋਂ ਹੱਲੇ ਵੀ ਉਹਨਾਂ ਦੇ ਐਸੇ ਤਾਬੜ-ਤੋੜ ਹੁੰਦੇ ਹਨ ਕਿ ਫ਼ੌਜ ਦੇ ਸੰਭਲਦਿਆਂ ਸੰਭਲਦਿਆਂ ਉਹ ਕਾਰਾ ਕਰ ਕੇ ਨਿਕਲ ਜਾਂਦੇ ਹਨ। ਫਿਰ ਐਸੇ ਅਲੋਪ ਹੋ ਜਾਂਦੇ ਹਨ ਕਿ ਉਹਨਾਂ ਦੀ ਕੋਈ ਦੱਸ ਧੁਖ ਹੀ ਨਹੀਂ ਪੈਂਦੀ। ਫਿਰ ਜਦ ਫ਼ੌਜ ਨੂੰ ਅਜੇ ਕੋਈ ਚਿਤ-ਚੇਤਾ ਵੀ ਨਹੀਂ ਹੁੰਦਾ, ਸਿੱਖਾਂ ਦਾ ਲਾਗੇ ਛਾਗੇ ਨਿਸ਼ਾਨ ਤਕ ਨਹੀਂ ਦਿਸਦਾ ਹੁੰਦਾ, ਇਹ ਝਾੜਾਂ ਬੂਟਿਆਂ ਵਿਚੋਂ ਹੀ ਨਿਕਲ ਕੇ ਫ਼ੌਜ ਦੇ ਕਿਸੇ ਹਿਸੇ ਉਤੇ ਛਾਪਾ ਮਾਰ ਕੇ ਵੱਢ-ਟੁੱਕ ਕਰ ਕੇ ਜੋ ਹੱਥ ਆਇਆ, ਖੋਹ ਖਿੰਜ ਕੇ ਹਵਾ ਵਿਚ ਹੀ ਸਮਾਅ ਜਾਂਦੇ ਹਨ। ਵਹਿਮੀ ਫ਼ੌਜੀ ਅਫ਼ਸਰਾਂ ਨੇ ਆਪਣੀ ਹੱਡ-ਹਰਾਮੀ ਤੇ ਲਾਪਰਵਾਹੀ ਨੂੰ ਛੁਪਾਉਣ ਲਈ ਸਿੱਖਾਂ ਬਾਰੇ ਕਈ ਝੂਠ ਗੰਢ-ਗੰਢ ਕਹਾਣੀਆਂ ਸੁਣਾਈਆਂ ਕਿ ਬਾਦਸ਼ਾਹ ਨੂੰ ਯਕੀਨ ਹੋ ਜਾਵੇ ਕਿ ਇਹਨਾਂ ਬਾਗ਼ੀਆਂ ਵਿਰੁੱਧ ਮੁਹਿੰਮ 'ਤੇ ਚੜ੍ਹਨਾ ਕੋਈ ਆਸਾਨ ਕੰਮ ਨਹੀਂ ਹੈ। ਆਪਣੀਆਂ ਗੱਲਾਂ ਦਾ ਹੋਰ ਯਕੀਨ ਦਿਵਾਉਣ ਬਦਲੇ ਮੁਹੰਮਦ ਸ਼ਾਹ ਨੂੰ ਕਿਹਾ ਕਿ ਤੁਸੀਂ ਭੰਡਾਂ ਤੋਂ ਉਹਨਾਂ ਦੀਆਂ ਨਕਲਾਂ ਕਰਵਾ ਕੇ ਵੇਖ ਲਵੋ, ਹਜ਼ੂਰ

ਨੂੰ ਯਕੀਨ ਹੋ ਜਾਵੇਗਾ ਕਿ ਵਾਹ ਕਿਸ ਬਲਾਅ ਨਾਲ ਪਿਆ ਹੋਇਆ ਹੈ। ਨਕਲ ਤੋਂ ਹੀ ਪਤਾ ਲਗ ਜਾਵੇਗਾ ਕਿ ਅਸਲ ਕੀ ਚੀਜ਼ ਹੈ।

ਬਾਦਸ਼ਾਹ ਦੇ ਦਿਲ ਨੂੰ ਗੱਲ ਲਗ ਗਈ। ਬਸ ਫੇਰ ਦੇਰ ਕਾਹਦੀ ਸੀ। ਭੰਡਾਂ ਨੂੰ ਹੁਕਮ ਹੋ ਗਿਆ। ਉਹਨਾਂ ਤਿਆਰੀ ਲਈ ਕੁਝ ਦਿਨਾਂ ਦੀ ਮੁਹਲਤ ਲਈ। ਇਹ ਨਕਲ ਜ਼ਬਾਨੀ ਕਲਾਮੀ ਨਹੀਂ ਸੀ, ਸਭ ਕੁਝ ਹੱਥੀਂ ਕਰ ਕੇ ਵਿਖਾਉਣਾ ਸੀ। ਨੁਕਸਾਨ ਤੇ ਖ਼ੂਨ-ਖ਼ਰਾਬਾ ਬਾਦਸ਼ਾਹ ਤੋਂ ਉਹਨਾਂ ਪਹਿਲਾਂ ਹੀ ਮੁਆਫ਼ ਕਰਵਾ ਲਿਆ ਸੀ ਕਿ ਅਨੰਦ ਪੂਰਾ ਤਾਂ ਹੀ ਆਵੇਗਾ ਜੇ ਕੁਝ ਨਾ ਕੁਝ ਅਸਲੀ ਰੂਪ ਵਿਚ ਹੋਵੇ। ਮੁਗ਼ਲੀਆ ਫ਼ੌਜ ਬਣਾਈ, ਵਧੀਆ ਘੋੜੇ, ਚੰਗਾ ਸਾਜ਼ੋ ਸਾਮਾਨ ਤੇ ਸੋਹਣੇ ਸ਼ਸਤਰ ਅਸਤਰ, ਇਨ-ਬਿਨ ਫ਼ੌਜ ਵਾਂਗ ਹੀ। ਭੰਡ ਜੋ ਸਿੰਘ ਬਣੇ, ਗਲਾਂ ਪੈਰਾਂ ਤੋਂ ਨੰਗੇ, ਭੂਰੇ ਦੀ ਗਿਲਤੀ, ਜੰਗਾਲੇ ਤੇ ਟੁਟੇ ਭੱਜੇ ਹਥਿਆਰ, ਮਾੜੂਏ ਜਿਹੇ ਟੱਟੂ ਤੇ ਉਤੇ ਇਕ ਇਕ ਭੂਰਾ ਕਸਿਆ ਹੋਇਆ ਉਹਨਾਂ ਸਵਾਰੀ ਲਈ ਲਏ, ਬਹੁਤੇ ਪੈਦਲ ਹੀ ਹੋ ਗਏ। ਪਹਿਲੀ ਝਾਕੀ ਵਿਚ ਜੰਗਲਾਂ ਵਿਚ ਵਖਤ ਝਲਦੇ ਸਿੰਘ ਸਾਗ ਪਾਤ ਤੇ ਗੁਜ਼ਾਰਾ, ਆਪਸੀ ਗੱਲ ਬਾਤ ਵਿਚ ਚੜ੍ਹਦੀ ਕਲਾ ਵਾਲੇ ਗੜਗੱਜ ਬੋਲੇ, ਟਾਂਗੂਆਂ ਦੇ ਆ ਕੇ ਦਸਣ 'ਤੇ ਕਿ ਫਲਾਣੀ ਜਗ੍ਹਾ ਕਾਫ਼ਲਾ ਉਤਰਿਆ ਹੋਇਆ ਜਾਂ ਖ਼ਜ਼ਾਨਾ ਜਾ ਰਿਹਾ ਹੈ ਜਾਂ ਗਸ਼ਤੀ ਫ਼ੌਜ ਫਲਾਣੀ ਥਾਂ ਤੱਕ ਜਾ ਪਹੁੰਚੀ ਹੈ, ਸੁਣ ਕੇ ਉਹਨਾਂ ਨੂੰ ਕਿਵੇਂ ਚਾਅ ਚੜ੍ਹਦੇ ਹਨ ਤੇ ਸ਼ਬਖ਼ੂਨ ਦੀ ਵਿਉਂਤਬੰਦੀ ਕਰ ਕੇ ਉਸ ਲਈ ਤਿਆਰੀ ਕਿਵੇਂ ਕਰਦੇ ਹਨ। ਜਥੇਦਾਰਾਂ ਦੀ ਆਪਣੀ ਤਾਬੇ ਸਿੰਘਾਂ ਨੂੰ ਪਕਿਆਈ ਕਿ ਵੈਰੀ ਨੂੰ ਮਿਲਦੇ ਹੀ ਬਹਿਸ਼ਤਾਂ ਦੇ ਪਰਵਾਨੇ ਦੇਣੇ ਹਨ ਤੇ ਖੀਂਧੇ (ਮਾਇਆ ਤੇ ਲੀੜਾ ਲੱਤਾ) ਪਿਛੋਂ, ਪਰ ਸ਼ਸਤਰ ਅਤੇ ਅਰਾਕੇ ਪਹਿਲਾਂ ਕਾਬੂ ਕਰਨੇ ਹਨ। ਨਾਗਣ ਤੇ ਖੀਂਧਿਆਂ 'ਤੇ ਪੰਜਾ ਪਿਛੋਂ ਮਾਰਨਾ ਹੈ।

ਦੂਜੀ ਝਾਕੀ ਵਿਚ ਮੁਗ਼ਲ ਸੈਨਾ ਜੋ ਵਧੀਆ ਵਰਦੀਆਂ, ਸ਼ਸਤਰਾਂ ਅਤੇ ਘੋੜਿਆਂ ਵਾਲੀ ਹੁੰਦੀ ਸੀ, ਉਸ ਦੀ ਸ਼ਾਨੋ ਸ਼ੌਕਤ ਤੇ ਚੜ੍ਹਤ, ਪਰ ਨਾਲ ਹੀ ਤਨ ਆਸਾਨੀ, ਹੱਡ ਹਰਾਮੀਪਣ, ਸੁਸਤੀ, ਐਸ਼ੋ-ਇਸ਼ਰਤ ਤੇ ਫ਼ਰਜ਼ ਵਲੋਂ ਲਾਪਰਵਾਹੀ, ਖਾਣ ਪੀਣ ਵਲ ਬਹੁਤਾ ਧਿਆਨ, ਫੋਕੀਆਂ ਡੀਂਗਾਂ ਤੇ ਸ਼ੇਖ਼ੀਆਂ ਮਾਰਨੀਆਂ, ਸਹਿਜੇ ਸਹਿਜੇ ਕੂਚ ਤੇ ਨਿੱਕੀਆਂ ਨਿੱਕੀਆਂ ਮੰਜ਼ਲਾਂ, ਮਾਮੂਲੀ ਜਿਹੇ ਖ਼ਦਸ਼ੇ ਤੇ ਅਲਾਰਮ ਵਜਾ ਦੇਣੇ ਤੇ ਜੰਗਲਾਂ ਵਿਚ ਵੜਨੋਂ ਡਰਨਾ, ਆਦਿ।

ਤੀਜੀ ਝਾਕੀ ਵਿਚ ਸਿੰਘਾਂ ਦਾ ਸ਼ਾਹੀ ਫ਼ੌਜਾਂ 'ਤੇ ਟੁਟਣਾ ਤੇ ਗੁਥਮ-ਗੁਥਾ ਲੜਾਈ। ਇਸ ਲੜਾਈ ਵਿਚ ਖ਼ਾਲਸਈ ਜੌਹਰਾਂ ਦਾ ਪ੍ਰਗਟਾਵਾ ਨਕਲੀ ਸਿੰਘਾਂ ਨੇ ਖ਼ੂਬ ਕੀਤਾ। ਉਨ੍ਹਾਂ ਨੂੰ ਜੋਸ਼ ਹੀ ਏਨਾ ਆ ਗਿਆ ਕਿ ਨਕਲਾਂ ਦਾ ਤਾਂ ਚੇਤਾ ਭੁਲ ਗਿਆ ਤੇ ਆਪਣੇ ਆਪ ਨੂੰ ਸੱਚ-ਮੁੱਚ ਦੇ ਸਿੰਘ ਜਾਣ ਕੇ ਲੋਹੜੇ ਦੇ ਨੇਜ਼ੇ ਤਲਵਾਰਾਂ ਵਾਹੀਆਂ। ਬਣੀ ਹੋਈ ਮੁਗ਼ਲੀਆ ਫ਼ੌਜ ਨੂੰ ਆਪਣੇ ਥਾਂ ਮਾਣ ਸੀ ਤੇ ਉਨ੍ਹਾਂ ਜਦ ਆਪਣੀ ਆਣ 'ਤੇ ਬਣਦੀ ਵੇਖੀ ਤਾਂ ਉਨ੍ਹਾਂ ਵੀ ਕੋਈ ਕਸਰ ਨਾ ਛਡੀ। ਬਾਦਸ਼ਾਹ ਦੇ ਵੇਖਦਿਆਂ ਵੇਖਦਿਆਂ ਕਈਆਂ ਦੀਆਂ ਲੱਤਾਂ ਬਾਹੀਂ ਵੱਢੀਆਂ ਗਈਆਂ ਤੇ ਮੋਢੇ ਛਾਂਗੇ ਗਏ। ਕਈ ਸਿਰ ਕੱਟ ਕੇ ਭੁੰਜੇ ਆਣ ਡਿਗੇ। ਢਾਲਾਂ ਉਤੇ ਨੇਜ਼ਿਆਂ ਤੇ ਤਲਵਾਰਾਂ ਦੀ ਖੜੱਪ ਖੜੱਪ ਤੇ ਤਲਵਾਰਾਂ ਦੀ ਆਪਸੀ ਜ਼ਰਬ ਦੀ ਠਣਨ ਠਣਨ ਨਾਲ, ਯਾ ਅਲੀ ਤੇ ਸਤਿ ਸ੍ਰੀ ਅਕਾਲ ਦੇ ਜੈਕਾਰਿਆਂ, ਘੋੜਿਆਂ ਦੀ ਹਿਣਕਾਹਟ ਤੇ ਘੜਮਸ ਨਾਲ ਲਾਲ ਕਿਲ੍ਹੇ ਦਾ ਸਿਹਨ ਸੱਚ-ਮੁੱਚ ਕੁਝ ਪਲਾਂ ਲਈ ਲੜਾਈ ਦਾ ਮੈਦਾਨ ਬਣ ਗਿਆ[੧]। ਪਤਾ ਨਹੀਂ ਕਿੰਨਾ ਹੋਰ ਖ਼ੂਨ-ਖ਼ਰਾਬਾ ਹੋ ਜਾਂਦਾ ਜੇ ਬਾਦਸ਼ਾਹ ਇਸ਼ਾਰਾ ਕਰ ਕੇ ਹਾਜ਼ਰ ਪਹਿਰੇਦਾਰਾਂ ਨੂੰ ਇਨ੍ਹਾਂ ਤਾਈਂ ਹਟਾਉਣ ਲਈ ਨਾ ਕਹਿੰਦਾ। ਪਹਿਰੇਦਾਰਾਂ ਨੇ ਬੜੀ ਮੁਸ਼ਕਲ ਨਾਲ ਫ਼ਰਜ਼ੀ ਬਣੇ ਸਿੰਘਾਂ ਨੂੰ ਸ਼ਾਂਤ ਕੀਤਾ। ਅਜੇ ਵੀ ਮੁਖੀ ਭੰਡ ਕਹੀ ਜਾਂਦੇ ਸਨ ਕਿ ਸਾਨੂੰ ਹਟਾਉ ਨਾ, ਅਸੀਂ ਪੂਰਾ ਸਿੱਟਾ ਕੱਢ ਕੇ ਵਿਖਾਉਣਾ ਹੈ। ਬਾਦਸ਼ਾਹ ਦੇ ਰੌਂਗਟੇ ਖੜੇ ਹੋ ਗਏ ਇਹ ਜਾਣ ਕੇ ਕਿ ਉਸ ਦਾ ਕਿਸ ਕੌਮ ਨਾਲ ਵਾਹ ਪਿਆ ਹੋਇਆ ਹੈ। ਜਿਨ੍ਹਾਂ ਦੀ ਨਕਲ ਦੀ ਇਹ ਹਾਲਤ ਹੈ, ਉਹ ਅਸਲ ਵਿਚ ਕੀ ਹੋਣਗੇ ਤੇ ਕੀ ਗ਼ਜ਼ਬ ਢਾਅ ਦੇਣ ਦੀ ਸਮਰੱਥਾ ਰਖਦੇ ਹੋਣਗੇ। ਇਸ ਨਕਲ ਨੇ ਸਿੰਘਾਂ ਦੀ ਬਹਾਦਰੀ ਤੇ ਜ਼ਾਲਮ ਨਾਲ ਜੂਝ ਮਰਨ ਦੀ ਸਪਿਰਿਟ ਦਾ ਸਿੱਕਾ ਬਾਦਸ਼ਾਹ ਦੇ ਦਿਲ 'ਤੇ ਬਿਠਾ ਦਿਤਾ।

---

੧. ਇਹ ਨਕਲ ਮੁਹੰਮਦ ਸ਼ਾਹ ਰੰਗੀਲੇ ਨੇ ਦਿੱਲੀ ਦੇ ਲਾਲ ਕਿਲ੍ਹੇ ਵਿਚ ਦੀਵਾਨੇ-ਏ-ਆਮ ਦੇ ਬਾਹਰ ਖੁਲ੍ਹੇ ਸਿਹਨ ਵਿਚ ਕਰਵਾਈ ਸੀ ਤੇ ਇਕ ਆਰਜ਼ੀ ਤੌਰ 'ਤੇ ਬਣੇ ਉਚੇ ਚਬੂਤਰੇ, ਜਿਸ ਉਤੇ ਸਾਇਬਾਨ ਲੱਗਾ ਸੀ, ਤੋਂ ਆਪਣੇ ਮੁਸਾਹਿਬਾਂ ਨਾਲ ਬੈਠ ਕੇ ਵੇਖੀ ਸੀ।

ਹਕੂਮਤ ਵਲੋਂ ਸਿੰਘਾਂ ਨੂੰ ਨਵਾਬੀ ਤੇ ਜਗੀਰ

ਇਹੋ ਕਾਰਨ ਸੀ ਕਿ ਜਦ ਸਿੰਘਾਂ ਹੱਥੋਂ ਲਾਚਾਰ ਹੋ ਕੇ ਜ਼ਕਰੀਆ ਖ਼ਾਨ ਨੇ ਬਾਦਸ਼ਾਹ ਨੂੰ ਲਿਖ ਭੇਜਿਆ ਸੀ ਕਿ ਮੈਂ ਤਾਂ ਆਪਣੀ ਪੂਰੀ ਵਾਹ ਲਾ ਥੱਕਾ ਹਾਂ, ਇਹ ਬੜੀ ਕਰੜੀ ਕੌਮ ਹੈ। ਇਹਨਾਂ ਦੇ ਪੈਗ਼ੰਬਰ ਨੇ ਇਹਨਾਂ ਨੂੰ ਆਬ-ਏ-ਹਯਾਤ ਪਿਆ ਕੇ ਇਹੋ ਜਿਹਾ ਬਣਾ ਦਿਤਾ ਹੈ ਕਿ ਮੌਤ ਨੂੰ ਇਹ ਸਮਝਦੇ ਹੀ ਕੁਝ ਨਹੀਂ। ਹਮੇਸ਼ਾ ਸਿਰ ਤਲੀ 'ਤੇ ਧਰੀ ਫਿਰਦੇ ਹਨ। ਰੱਬੋਂ ਉਰੇ ਕਿਸੇ ਦਾ ਡਰ ਨਹੀਂ ਮੰਨਦੇ; ਜੋ ਮਰਨ 'ਤੇ ਵੀ ਜੈਕਾਰੇ ਛਡਦੇ ਹਨ। ਇਹਨਾਂ ਨੂੰ ਕੌਣ ਮਾਰਨ ਵਾਲਾ ਜੰਮਿਆ ਹੈ। ਤੁਹਾਡੇ ਖ਼ਾਦਮ ਦੀ ਸੱਚੇ ਦਿਲੋਂ ਰਾਏ ਹੈ ਕਿ ਇਹਨਾਂ ਨਾਲ ਕੋਈ ਵਿਉਂਤ ਬਣਾ ਕੇ ਰਸਾਈ ਹੀ ਚੰਗੀ ਹੈ। ਨਾਦਰ ਸ਼ਾਹ ਵਾਲੀਏ ਈਰਾਨ ਆਪਣੀਆਂ ਈਰਾਨ ਦੀਆਂ ਮੁਹਿੰਮਾਂ ਤੋਂ ਵਿਹਲਾ ਹੋ ਕੇ ਲਾਜ਼ਮੀ ਹਿੰਦੁਸਤਾਨ 'ਤੇ ਹਮਲਾ ਕਰੇਗਾ, ਜਿਸ ਦੇ ਸੰਕੇਤ ਹਜ਼ੂਰ ਨੂੰ ਮਿਲ ਚੁਕੇ ਹਨ। ਤੇ ਤੁਸੀਂ ਇਹਨਾਂ ਤੋਂ ਭਲੀ ਭਾਂਤ ਜਾਣੂ ਹੋ। ਇਹਨਾਂ ਨਾਲ ਜੇ ਬਣੀ ਹੋਵੇਗੀ ਤਾਂ ਨਾਦਰ ਸ਼ਾਹ ਮੂਹਰੇ ਵੀ ਇਹਨਾਂ ਨੂੰ ਕਰਾਂਗੇ। ਬਘਿਆੜ ਮੂਹਰੇ ਚਿਤਰਾ ਕਰਨ ਵਾਲੀ ਨੀਤੀ ਅਪਣਾਈ ਜਾਵੇ। ਇਸ ਲਈ ਜੇ ਤੁਹਾਡੇ ਵਲੋਂ ਮਨਜ਼ੂਰ ਹੋਵੇ ਤਾਂ ਇਹ ਵਿਉਂਤ ਬਣਾ ਕੇ ਇਹਨਾਂ ਨਾਲ ਸੁਲਹ ਸਫ਼ਾਈ ਕਰ ਲਈ ਜਾਵੇ :

੧. ਸਿੰਘਾਂ ਉਤੇ ਲੱਗੀਆਂ ਬੰਦਸ਼ਾਂ ਚੁਕ ਲਈਆਂ ਜਾਣ।

੨. ਉਹਨਾਂ ਨੂੰ ਇਕ ਵਿਸ਼ੇਸ਼ ਇਲਾਕਾ ਜਗੀਰ ਦੇ ਤੌਰ 'ਤੇ ਦਿਤਾ ਜਾਵੇ, ਜਿਸ ਦੀ ਆਮਦਨ ਨਾਲ ਉਹਨਾਂ ਦਾ ਗੁਜ਼ਾਰਾ ਹੋ ਜਾਵੇ ਤੇ ਉਹ ਆਪਣੀ ਮੌਜ ਵਿਚ ਵਿਚਰ ਸਕਣ।

੩. ਉਹਨਾਂ ਦੇ ਸਭ ਤੋਂ ਵੱਡੇ ਆਗੂ ਨੂੰ 'ਨਵਾਬੀ' ਦੀ ਪਦਵੀ ਦੇ ਦਿਤੀ

ਜਾਵੇ ਤੇ ਉਹ ਖ਼ਾਲਸਾ ਦਲਾਂ ਨੂੰ ਆਪਣੀ ਤਾਬੇ ਰਖ ਸਕੇ ਤੇ ਦੇਸ਼ ਵਿਚ ਅਮਨ-ਅਮਾਨ ਕਾਇਮ ਹੋ ਸਕੇ।

ਬਾਦਸ਼ਾਹ ਨੇ, (ਜੋ ਪਹਿਲਾਂ ਹੀ ਸਿੱਖਾਂ ਬਾਰੇ ਕੋਈ ਢੁਕਵਾਂ ਹੱਲ ਸੋਚ ਰਿਹਾ ਸੀ) ਝੱਟ ਮਨਜ਼ੂਰੀ ਦੇ ਦਿਤੀ। ਜ਼ਕਰੀਆ ਖ਼ਾਨ ਨੇ ਇਕ ਸਰਕਾਰੀ ਅਹੁਦੇਦਾਰ (ਸਿੰਘਾਂ ਦੇ ਬੋਲਿਆਂ ਵਿਚ ਚਕਰੈਲ ਸਿੰਘ) ਭਾਈ ਸੁਬੇਗ ਸਿੰਘ ਜੰਬਰ ਨੂੰ ਵਿਸਾਖੀ ਸੰਮਤ ੧੭੯੦ (੨੯ ਮਾਰਚ ੧੭੩੩ ਈ:) ਨੂੰ ਖ਼ਾਲਸੇ ਦੇ ਹੋਏ ਇਕੱਠ ਵਿਚ ਸ੍ਰੀ ਅੰਮ੍ਰਿਤਸਰ ਭੇਜਿਆ। ਸਭ ਤੋਂ ਪਹਿਲਾਂ ਸੁਬੇਗ ਸਿੰਘ ਨੂੰ ਤਨਖ਼ਾਹ ਲਾਈ ਗਈ, ਜੋ ਉਸ ਨੇ ਸਿਰ ਨਿਵਾ ਕੇ ਪ੍ਰਵਾਨ ਕੀਤੀ ਤੇ ਹੋਇਆ ਹੁਕਮ ਫ਼ੌਰਨ ਪੂਰਾ ਕੀਤਾ। ਫਿਰ ਉਸ ਦੇ ਆਉਣ ਦੇ ਮਨੋਰਥ 'ਤੇ ਵਿਚਾਰ ਕੀਤੀ। ਕਾਫ਼ੀ ਵਿਚਾਰਨ ਤੋਂ ਬਾਅਦ ਸਰਕਾਰ ਨਾਲ ਸੁਲਹ ਸਫ਼ਾਈ ਦੀ ਗੱਲ ਤਾਂ ਪਰਵਾਨ ਕਰ ਲਈ, ਪਰ 'ਨਵਾਬੀ' ਦੀ ਪਦਵੀ ਤੇ ਖ਼ਿਲਅਤ ਲੈਣ ਨੂੰ ਕੋਈ ਤਿਆਰ ਨਾ ਹੋਵੇ। ਕੁਝ ਦਾਨਿਆਂ ਸਿੰਘਾਂ ਨੇ ਵਿਚਾਰ ਕਰ ਕੇ ਸਲਾਹ ਦਿੱਤੀ ਕਿ ਇਹ 'ਨਵਾਬੀ' ਆਦਿ ਪੰਥ ਦੇ ਪੁਰਾਣੇ ਬਿਰਧ ਆਗੂ ਦੀਵਾਨ ਦਰਬਾਰਾ ਸਿੰਘ ਨੂੰ ਦੇ ਦਿਤੀ ਜਾਵੇ। ਪਰ ਉਸ ਨੇ ਵੀ ਸਾਫ਼ ਤੌਰ 'ਤੇ ਨਾਂਹ ਕਰ ਦਿਤੀ। ਇਸ ਸਾਰੀ ਘਟਨਾ ਦਾ ਵਰਣਨ ਭਾਈ ਰਤਨ ਸਿੰਘ ਭੰਗੂ ਨੇ ਆਪਣੇ *ਪ੍ਰਾਚੀਨ ਪੰਥ ਪ੍ਰਕਾਸ਼* ਵਿਚ ਹੇਠ ਲਿਖੇ ਅਨੁਸਾਰ ਕੀਤਾ ਹੈ :

ਉਨੈ ਦਰਬਾਰੈ ਸਿੰਘ ਅਗਯੋਂ ਕਹੀ।
ਅਸੀਂ ਨਵਾਬੀ ਕਦ ਚਹੈਂ ਲਈ।
ਹਮ ਕੋ ਸਤਿਗੁਰ ਬਚਨ ਪਾਤਿਸ਼ਾਹੀ ਹਈ।
ਹਮ ਕੋ ਜਾਪਤ ਢਿਗ ਸੋਊ ਅਈ ॥੩੬॥

ਹਮ ਰਾਖਤ ਪਤਿਸ਼ਾਹੀ ਦਾਵਾ।
ਜਾ ਇਤ ਕੋ ਜਾਂ ਅਗਲੌਂ ਪਾਵਾ।
ਜੋ ਸਤਿਗੁਰ ਸਿੱਖਣ ਕਹੀ ਬਾਤ।
ਹੋਗ ਸਾਈ ਨਹੀ ਖਾਲੀ ਜਾਤ ॥੩੭॥

ਧਰੁਣ ਧਰਤ ਔ ਧਵਲ ਡੁਲਾਇ।
ਸਤਿਗੁਰ ਬਚਨ ਨਾ ਖਾਲੀ ਜਾਇ।
ਪਤਿਸ਼ਾਹੀ ਛਡ ਕਿਮ ਲਹੈਂ ਨਵਾਬੀ।
ਪਰਾਧੀਨ ਜਿਹ ਮਾਹਿ ਖਰਾਬੀ ॥੩੮॥

ਦੋਹਰਾ—ਹਮ ਪਾਤਸ਼ਾਹੀ ਸਤਿਗੁਰੂ ਦਈ ਹੰਨੈ ਲਾਇ।
ਜਿਹ ਜਿਹ ਬਹੈਂ ਜ਼ਮੀਨ ਮੱਲ ਤਹਿ ਤਹਿ ਤਖਤ ਬਨਾਇ॥
ਇਸੀ ਭਾਂਤ ਬਹੁ ਸਿਖਨ ਕਹੀ।
ਹਮ ਕੋ ਲੋੜ ਨਵਾਬੀ ਨਹੀਂ।.....
ਕਿਸੈ ਸਿੰਘ ਕੋ ਯਹ ਚਾ ਦਹੋ।
ਟਹਲ ਕਰਤ ਕਿਸੋ ਕੋ ਲਖ ਲੇਹੋ॥੪॥

ਭਾਈ ਸੁਬੇਗ ਸਿੰਘ ਨੇ ਇਕ ਵਾਰ ਫੇਰ ਚਾਰਾ ਕੀਤਾ। ਹਾਜ਼ਰ ਬੈਠੇ ਮੁਖੀਆਂ ਅਗੇ ਉਹ ਚਾਂਦੀ ਦੀ ਵੱਡੀ ਸਾਰੀ ਤਸ਼ਤਰੀ, ਜਿਸ ਵਿਚ ਇਕ ਰੇਸ਼ਮੀ ਦਸਤਾਰ, ਕਲਗੀ, ਤਲਵਾਰ, ਖ਼ਿਲਅਤ, ਕਮਰਬੰਦ, ਇਕ ਸਲਵਾਰ, ਕੁਝ ਖ਼ੁਸ਼ਕ ਮੇਵੇ ਤੇ ਝਬਾਲ, ਦੀਪਾਲਪੁਰ ਤੇ ਕੰਗਣਪੁਰ ਪਰਗਣਿਆਂ ਦੀ ਜਗੀਰ ਬਾਦਸ਼ਾਹ ਵਲੋਂ ਮੋਹਰ ਲਾ ਕੇ ਮਨਜ਼ੂਰ ਕੀਤੀ ਸੀ, ਅਗੇ ਰਖੀ। ਪਹਿਲੇ ਸਰਦਾਰ ਨੇ ਪੈਰ ਨਾਲ ਧੱਕ ਕੇ ਪਰਾਂ ਕਰ ਦਿਤੀ। ਇਸ ਤਰ੍ਹਾਂ ਉਸ ਤੋਂ ਅਗਲੇ ਤੇ ਫਿਰ ਉਦੋਂ ਅਗਲੇ ਨੇ ਕੀਤਾ। ਬੱਤੀ (੩੨) ਸਰਦਾਰ ਬੈਠੇ ਸਨ, ਕਿਸੇ ਨੇ ਵੀ ਹੱਥ ਨਾ ਲਾਇਆ, ਸਗੋਂ ਠੁੱਡਾਂ ਨਾਲ ਹੀ ਅੱਗੇ ਅੱਗੇ ਰੇੜ੍ਹੀ ਗਏ। ਸੁਬੇਗ ਸਿੰਘ ਨੇ ਫਿਰ ਹੱਥ ਜੋੜ ਕੇ ਬੇਨਤੀ ਕੀਤੀ ਕਿ ਬਾਦਸ਼ਾਹ ਵਲੋਂ ਇਹ ਬਖ਼ਸ਼ਸ਼ ਨਹੀਂ, ਸਗੋਂ ਖ਼ਾਲਸੇ ਦੇ ਮਾਣ-ਵਡਿਆਈ ਨੂੰ ਇਹ ਭੇਟ ਹੈ। ਖ਼ਾਲਸਾ ਕਦੇ ਭੇਟ ਵਾਪਸ ਨਹੀਂ ਮੋੜਦਾ। ਸਿੰਘਾਂ ਸਰਦਾਰਾਂ ਕਿਹਾ ਕਿ ਜਦ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਨੇ ਸਾਨੂੰ ਪਹਿਲਾਂ ਹੀ ਪਾਤਸ਼ਾਹੀ ਬਖ਼ਸ਼ੀ ਹੋਈ ਹੈ, ਇਹ ਨਵਾਬੀ ਖ਼ਰਾਬੀ ਹੈ ਤੇ ਸਾਡੇ ਕਿਸ ਕੰਮ ਹੈ ? ਕੁਝ ਦੇਰ ਦੇ ਸੱਨਾਟੇ ਤੋਂ ਬਾਅਦ ਇਕ ਹੋਰ ਬਿਰਧ ਸਿੰਘ ਨੇ ਕਿਹਾ ਕਿ ਇਹ ਤਾਂ ਖ਼ਾਲਸਾ ਜੀ ਤੁਹਾਨੂੰ ਭੇਟਾ ਹੈ, ਤੁਹਾਡੇ ਪਾਤਸ਼ਾਹੀ ਦਾਅਵੇ ਨੂੰ ਇਹ ਘਟਾਉਂਦੀ ਨਹੀਂ। ਭੇਟਾ ਪਰਵਾਨ ਕਰ ਲਵੋ ਅਤੇ ਦਾਅਵਾ ਆਪਣਾ ਕਾਇਮ ਰਖੋ। ਲਾਗੋਂ ਇਕ ਹੋਰ ਸਿੰਘ ਬੋਲਿਆ ਕਿ ਗਉੜੀ ਰਾਗ ਬਾਵਨ ਅੱਖਰੀ ਵਿਚ ਪੰਚਮ ਪਾਤਸ਼ਾਹ ਨੇ ਫ਼ੁਰਮਾਇਆ ਹੈ :

ਟਹਲ ਮਹਲ ਤਾ ਕਉ ਮਿਲੈ ਜਾ ਕਉ ਸਾਧ ਕ੍ਰਿਪਾਲ॥
ਸਾਧੂ ਸੰਗਤਿ ਤਉ ਬਸੈ ਜਉ ਆਪਨ ਹੋਹਿ ਦਇਆਲ॥ *(ਪੰਨਾ ੨੫੫)*

ਸੋ ਇਸ ਮਹਾਂ ਵਾਕ ਅਨੁਸਾਰ ਟਹਲ ਕਰਦੇ ਨੂੰ ਉੱਚੀ ਪਦਵੀ ਪ੍ਰਾਪਤ ਹੁੰਦੀ ਹੈ। ਮਹਾਰਾਜ ਦੇ ਹੁਕਮ ਨੂੰ ਸਿਰ ਮੱਥੇ ਰੱਖੋ ਅਤੇ ਸੇਵਾ ਕਰਦੇ ਸਿੰਘ ਨੂੰ

ਇਹ ਪਦਵੀ ਦੇ ਦੇਵੋ। ਗੁਰੂ ਮਹਾਰਾਜ ਨੇ ਆਪ ਰਸਤਾ ਵਿਖਾ ਦਿਤਾ ਹੈ। ਐਨ ਇਸ ਵੇਲੇ ਸਬੱਬ ਨਾਲ ਕਪੂਰ ਸਿੰਘ ਦੀਵਾਨ ਵਿਚ ਸੰਗਤਾਂ ਨੂੰ ਖਲੋ ਕੇ ਪੱਖਾ ਝਲ ਰਹੇ ਸਨ। ਪਿਛਲੇ ਦਿਨੀਂ ਰੋਪੜ ਪਾਸ ਗਸ਼ਤੀ ਫ਼ੌਜਾਂ ਨਾਲ ਹੋਈ ਟੱਕਰ ਵਿਚ ਉਸ ਦੇ ਮੱਥੇ ਉਤੇ ਲਗਾ ਫੱਟ ਭਾਵੇਂ ਅਜੇ ਅਲਾ ਹੀ ਸੀ, ਪਰ ਉਸ ਦੀ ਪਰਵਾਹ ਨਾ ਕਰਦਾ ਹੋਇਆ ਵੀ ਸੰਗਤ ਦੀ ਸੇਵਾ ਵਿਚ ਲੀਨ ਸੀ। ਇਹ ਸਿੰਘ ਲੰਗਰ ਵਿਚ ਜਲ ਢੋਣ ਦੀ, ਬਾਲਣ ਹਾਜ਼ਰ ਕਰਨ ਦੀ, ਲੰਗਰ ਸਜਾਉਣ ਵਰਤਾਉਣ ਤੇ ਜੂਠੇ ਭਾਂਡੇ ਮਾਂਜਣ ਦੀ, ਬਿਰਧ ਸਿੰਘਾਂ ਦੇ ਬਸਤਰ ਧੋਣ ਦੀ ਤੇ ਘੋੜਿਆਂ ਦੀ ਲਿੱਦ ਸਾਫ਼ ਕਰਨ ਦੀ ਸੇਵਾ ਬੜਾ ਤਤਪਰ ਹੋ ਕੇ ਕਰਿਆ ਕਰਦਾ ਸੀ ਤੇ ਲੜਨ ਮਰਨ ਵੇਲੇ ਮੂਹਰਲੀਆਂ ਸਫ਼ਾਂ ਵਿਚ ਰਹਿੰਦਾ ਸੀ। ਸਰਬੱਤ ਖ਼ਾਲਸੇ ਦੀ ਨਿਗਾਹ ਉਸ ਉਤੇ ਪਈ। ਸਾਰਿਆਂ ਸਤਿ ਸ੍ਰੀ ਅਕਾਲ ਦਾ ਜੈਕਾਰਾ ਗਜਾ ਕੇ ਪਰਵਾਨਗੀ ਦੇ ਦਿਤੀ ਕਿ ਨਵਾਬੀ ਦੀ ਪਦਵੀ ਭਾਈ ਕਪੂਰ ਸਿੰਘ ਨੂੰ ਦੇ ਦਿਤੀ ਜਾਵੇ। ਹੁਣ ਭਾਈ ਕਪੂਰ ਸਿੰਘ ਨਾਂਹ ਨਹੀਂ ਸੀ ਕਰ ਸਕਦਾ। ਗੁਰੂ ਕੀ ਹਜ਼ੂਰੀ ਵਿਚ ਅਰਦਾਸ ਹੋ ਗਈ। ਉਹਨਾਂ ਸੀਸ ਨਿਵਾ ਦਿਤਾ। ਫਿਰ ਉਹਨਾਂ ਹੱਥ ਜੋੜ ਕੇ ਕੁਝ ਬੇਨਤੀ ਕਰਨ ਦੀ ਆਗਿਆ ਮੰਗੀ ਅਤੇ ਕਿਹਾ ਕਿ ਖ਼ਿਲਅਤ ਪੰਜਾਂ ਸਿੰਘਾਂ ਦੇ ਪੈਰਾਂ ਨਾਲ ਛੁਹਾ ਕੇ ਪਵਿਤਰ ਕਰ ਕੇ ਬਖ਼ਸ਼ੀ ਜਾਵੇ। ਦੂਸਰੀ ਇਹ ਕਿ ਇਹ ਨਵਾਬੀ ਖ਼ਾਲਸੇ ਵਲੋਂ ਬਖ਼ਸ਼ੀ ਗਈ ਹੈ, ਮੈਨੂੰ ਲਾਹੌਰ ਜਾਂ ਦਿੱਲੀ ਦਰਬਾਰ ਦੀ ਹਾਜ਼ਰੀ ਭਰਨ ਤੋਂ ਮੁਕਤ ਕੀਤਾ ਜਾਵੇ। ਤੀਸਰੀ ਸੰਗਤ ਦੀ ਪੱਖੇ, ਜਲ, ਲੰਗਰ ਆਦਿ ਦੀ ਸੇਵਾ ਤੇ ਖ਼ਾਲਸਾ ਜੀ ਦਿਆਂ ਘੋੜਿਆਂ ਦੀ ਲਿੱਦ ਹਟਾਉਣ ਲਈ ਭੋੜੇ ਦੀ ਸੇਵਾ ਦਾ ਮੇਰਾ ਹੱਕ ਬਹਾਲ ਰਖਿਆ ਜਾਵੇ। ਇਹ ਸਭ ਕੁਝ ਸੰਗਤ ਨੇ ਪਰਵਾਨ ਕਰ ਲਿਆ। ਇਸ ਤਰ੍ਹਾਂ ਸਰਕਾਰ ਵਲੋਂ ਸਰਦਾਰ ਕਪੂਰ ਸਿੰਘ ਲਈ ਨਵਾਬੀ ਦੀ ਪਦਵੀ ਪੰਥ ਵਲੋਂ ਪਰਵਾਨ ਕਰ ਲਈ ਗਈ। ਪਰਗਣਾ ਪੱਟੀ ਵਿਚੋਂ ਝਬਾਲ ਤੇ ਪਰਗਣਾ ਚੂਨੀਆਂ ਵਿਚੋਂ ਦੀਪਾਲਪੁਰ ਕੰਗਣਪੁਰ ਆਦਿ ਅਤੇ ੧੯ ਪਿੰਡਾਂ ਦੀ ਜਗੀਰ ਗੁਰੂ ਚੱਕ ਸ੍ਰੀ ਅੰਮ੍ਰਿਤਸਰ ਦੇ ਮਾਤਹਿਤ ਕਰ ਦਿਤੀ ਗਈ।[੧]

ਖ਼ਾਲਸਾ ਜੀ ਤੋਂ ਸਭ ਕਿਸਮ ਦੀਆਂ ਬੰਦਸ਼ਾਂ ਚੁਕ ਲਈਆਂ ਗਈਆਂ।

੧. ਕੰਗਣਪੁਰ ਤੇ ਦਿਪਾਲਪੁਰ ਦੋਵੇਂ ਹੁਣ ਪੱਛਮੀ ਪਾਕਿਸਤਾਨ ਵਿਚ ਹਨ। ਝਬਾਲ ਜ਼ਿਲਾ ਅੰਮ੍ਰਿਤਸਰ ਤੇ ਪੂਰਬੀ ਪੰਜਾਬ ਵਿਚ ਹੈ।

ਉਨ੍ਹਾਂ ਨੂੰ ਖੁਲ੍ਹੇ ਵਿਚਰਨ ਦੀ ਖੁਲ੍ਹ ਹੋ ਗਈ। ਇਸ ਨਾਲ ਕੁਝ ਸਮੇਂ ਲਈ ਦਿੱਲੀ ਅਤੇ ਲਾਹੌਰ ਦੀਆਂ ਸਰਕਾਰਾਂ ਨਾਲ ਸਿੰਘਾਂ ਦੀ ਸੁਲਹ ਹੋ ਗਈ ਤੇ ਦੇਸ਼ ਵਿਚ ਅਮਨ ਅਮਾਨ ਹੋ ਗਿਆ।

ਜ਼ਕਰੀਆ ਖ਼ਾਨ ਨੇ ਇਹ 'ਨਵਾਬੀ' ਦੀ ਪਦਵੀ ਆਦਿ ਸਿੰਘਾਂ ਅਗੇ ਨਿਸਲ ਹੋ ਕੇ ਤੇ ਆਪਣੀ ਲਾਚਾਰੀ 'ਤੇ ਪਰਦਾ ਪਾਉਣ ਲਈ ਦਿੱਲੀ ਸਰਕਾਰ ਨਾਲ ਮਸ਼ਵਰਾ ਕਰ ਕੇ ਦਿਵਾਈ ਸੀ। ਪਰ ਅੰਦਰ-ਖਾਤੇ ਉਸ ਦਾ ਮਨ ਸਿੰਘਾ ਪ੍ਰਤੀ ਸਾਫ਼ ਨਹੀਂ ਸੀ। ਉਹ ਇਕ ਲੱਖ ਦੀ ਜਾਗੀਰ ਦੇ ਕੇ ਦਲ ਖ਼ਾਲਸਾ ਵਿਚ ਫੁੱਟ ਪਾ ਕੇ ਉਸ ਨੂੰ ਕਮਜ਼ੋਰ ਕਰਨਾ ਚਾਹੁੰਦਾ ਸੀ। ਝਬਾਲ ਲਾਹੌਰ ਤੋਂ ੩੨ ਕਿਲੋਮੀਟਰ ਹੈ ਤੇ ਲਾਹੌਰ-ਦਿੱਲੀ ਵਾਲੀ ਜਰਨੈਲੀ ਸੜਕ 'ਤੇ ਸਥਿਤ ਹੈ। ਕੰਗਣਪੁਰ ਝਬਾਲੋਂ ੧੦੫ ਕਿਲੋਮੀਟਰ ਹੈ ਤੇ ਲਾਹੌਰੋਂ ੧੩੦ ਕਿਲੋਮੀਟਰ ਹੈ ਤੇ ਇੰਜ ਹੀ ਦੀਪਾਲਪੁਰ ਲਾਹੌਰੋਂ ੧੧੦ ਕਿਲੋਮੀਟਰ ਹੈ। ਕੰਗਣਪੁਰ ਰਾਜਸਥਾਨ-ਬਹਾਵਲਪੁਰ ਵਲੋਂ ਆਉਣ ਵਾਲੇ ਸ਼ਾਹ-ਰਾਹ 'ਤੇ ਸੀ, ਦੀਪਾਲਪੁਰ ਸਿੰਧ-ਮੁਲਤਾਨ ਵਲੋਂ ਆਉਣ ਵਾਲੀ ਵੱਡੀ ਸੜਕ ਲਾਗੇ। ਉਸ ਦਾ ਮਨਸ਼ਾ ਸੀ ਕਿ ਸੁਲਹ ਕਾਰਨ ਇਸ ਪਾਸਿਓਂ ਆਉਣ ਵਾਲੇ ਕਾਫ਼ਲੇ ਸਿੰਘਾਂ ਦੀ ਰਾਖੀ ਵਿਚ ਹੋ ਜਾਣਗੇ, ਲੁਟੇ ਜਾਣ ਤੋਂ ਬਚਣਗੇ, ਕਸੂਰ ਤੇ ਚੂਨੀਆਂ ਪਰਗਣਿਆਂ ਦਾ ਮਾਲੀਆ ਉਂਜ ਵੀ ਲਾਹੌਰ ਨਹੀਂ ਸੀ ਅੱਪੜ ਰਿਹਾ। ਮਾਲੀਆ ਤੇ ਤਜਾਰਤੀ ਕਾਫ਼ਲੇ ਲੁਟੇ ਜਾਂਦੇ ਸਨ, ਚਲੋ ਹੁਣ ਕਾਫ਼ਲਿਆਂ ਦੀ ਆਵਾ-ਜਾਈ ਬਹਾਲ ਤੇ ਸੁਰੱਖਿਅਤ ਰਹੂ, ਸਰਕਾਰੀ ਖ਼ਜ਼ਾਨੇ ਵਿਚ ਕੁਝ ਤਾਂ ਚੁੰਗੀ ਵਜੋਂ ਅਪੜੂ। ਦੂਸਰਾ, ਸਿੰਘ ਦੂਰ ਦੂਰ ਰਹਿਣਗੇ ਤੇ ਤਾਕਤ ਇਕੱਠੀ ਹੋਣ ਦੀ ਥਾਂ ਖਿੰਡੀ ਪੁੰਡੀ ਰਹੂ। ਇੰਜ ਆਹਿਸਤਾ ਆਹਿਸਤਾ ਕਮਜ਼ੋਰ ਹੋਣਗੇ ਤੇ ਜਦ ਢੁਕਵਾਂ ਮੌਕਿਆ ਹੱਥ ਆਊ, ਇਨ੍ਹਾਂ ਉਤੇ ਕਰੜੀ ਸੱਟ ਮਾਰਨੀ ਸੌਖੀ ਹੋਵੇਗੀ। ਉਧਰ ਸਿੰਘ ਵੀ ਉਸ ਦੀ ਇਸ ਦੂਰਨੀਤੀ ਨੂੰ ਚੰਗੀ ਤਰ੍ਹਾਂ ਸਮਝਦੇ ਸਨ, ਪਰ ਉਹ ਸੁਲਹ ਲਈ 'ਹਾਂ' ਕਰ ਚੁਕੇ ਸਨ, ਇਸ ਲਈ ਇਸ ਤੋਂ ਪਿਛਾਂਹ ਹਟਣ ਦੀ ਉਨ੍ਹਾਂ ਦਾ ਸਦਾਚਾਰ ਆਗਿਆ ਨਹੀਂ ਸੀ ਦੇਂਦਾ। ਉਨ੍ਹਾਂ ਦਾ ਬਚਾਅ ਇਸ ਵਿਚ ਸੀ ਕਿ ਵੈਰੀ ਦੀ ਖ਼ਾਹਿਸ਼ ਪੂਰੀ ਨਾ ਹੋਣ ਦਿਤੀ ਜਾਵੇ। ਭਾਵ, ਆਪਸੀ ਫੁਟ ਤੋਂ ਪੂਰੀ ਤਰ੍ਹਾਂ ਸੁਚੇਤ ਰਿਹਾ ਜਾਵੇ ਤੇ ਆਪਣੀ ਲੜਨ-ਸ਼ਕਤੀ ਨੂੰ ਵਧਾਉਣ ਲਈ ਜ਼ਿਆਦਾ ਤੋਂ ਜ਼ਿਆਦਾ ਸਿੰਘ ਸਜਾਏ ਜਾਣ, ਤਾਕਿ ਵੈਰੀ ਜਿਸ ਦਿਨ ਦੀ ਉਡੀਕ ਵਿਚ ਹੈ,

ਉਹ ਦਿਨ ਉਸ ਲਈ ਕਿਆਮਤ ਬਣਾ ਦਿਤਾ ਜਾਵੇ।

ਸੁਲਹ ਕਾਰਨ ਹੁਣ ਚਾਰ-ਚੁਫੇਰੇ ਅਮਨ ਚੈਨ ਪਸਰ ਗਿਆ ਸੀ। ਮੁਖੀ ਮੁਖੀ ਸਰਦਾਰ ਤਾਂ ਨਵਾਬ ਕਪੂਰ ਸਿੰਘ ਨਾਲ ਹੀ ਸ੍ਰੀ ਅੰਮ੍ਰਿਤਸਰ ਰਹਿਣ ਲੱਗ ਪਏ ਤੇ ਬਾਕੀ ਸਿੰਘ ਆਪਣੇ ਆਪਣੇ ਪਿੰਡਾਂ ਨੂੰ ਚਲੇ ਗਏ ਤੇ ਖੇਤੀ ਬਾੜੀ ਵਿਚ ਰੁਝ ਗਏ। ਸ਼ਾਹੀ ਮਾਲ ਖ਼ਜ਼ਾਨਿਆਂ ਤੇ ਕਾਫ਼ਲਿਆਂ ਨੂੰ ਲੁਟਣ ਦੀ ਹੁਣ ਲੋੜ ਨਹੀਂ ਸੀ ਰਹੀ। ਜੋ ਸਿੰਘ ਨਵਾਬ ਕਪੂਰ ਸਿੰਘ ਨਾਲ ਸ੍ਰੀ ਅੰਮ੍ਰਿਤਸਰ ਵਿਖੇ ਰਹਿੰਦੇ ਸਨ, ਉਨ੍ਹਾਂ ਲਈ ਗੁਰੂ ਕਾ ਲੰਗਰ ਖੁਲ੍ਹਾ ਵਰਤਦਾ ਸੀ ਤੇ ਦਰਸ਼ਨਾਂ ਨੂੰ ਆਉਣ ਜਾਣ ਵਾਲੇ ਵੀ ਇਥੋਂ ਹੀ ਛਕਦੇ ਛਕਾਂਦੇ ਸਨ। ਮੁਸੀਬਤਾਂ ਭਰੇ ੩੨ ਸਾਲ ਖ਼ਾਲਸੇ ਨੇ ਸਿਰ ਉਤੋਂ ਦੀ ਲੰਘਾਏ ਸਨ। ਦਸੰਬਰ ੧੭੧੦ ਈ: ਪਿਛੋਂ ਤਾਂ ਸਿੱਖਾਂ ਦਾ ਕਤਲੇ-ਆਮ ਨਿਤ ਦੀ ਖੇਡ ਬਣ ਗਿਆ ਸੀ। ਪਰ ਹਠੀ ਤੇ ਸਿਦਕੀ ਸੂਰਮੇ ਹਮੇਸ਼ਾ ਫ਼ੌਲਾਦ ਵਰਗਾ ਜਿਗਰਾ ਕਰ ਕੇ ਮੌਤ ਦਾ ਟਾਕਰਾ ਕਰਦੇ ਰਹੇ ਤੇ ਆਪਣੀ ਹੋਂਦ ਨੂੰ ਕਾਇਮ ਰਖਦੇ ਹੋਏ ਹਮੇਸ਼ਾ ਚੜ੍ਹਦੀ ਕਲਾ ਵਿਚ ਰਹੇ। ਜਿਉਂ ਜਿਉਂ ਸਖ਼ਤੀ ਵਧਦੀ ਗਈ, ਖ਼ਾਲਸਾ ਓਨਾ ਹੀ ਸ਼ਕਤੀਸ਼ਾਲੀ ਹੁੰਦਾ ਗਿਆ। ਮੁਸੀਬਤਾਂ ਤੇ ਕਸ਼ਟਾਂ ਨੇ ਉਨ੍ਹਾਂ ਨੂੰ ਇਕ-ਮੁਠ ਤੇ ਇਕ-ਜਾਨ ਕਰ ਦਿਤਾ ਸੀ। ਉਹ ਸਕਿਆਂ ਭਰਾਵਾਂ ਵਾਂਗ ਰਹਿ ਰਹੇ ਸਨ। *ਤਵਾਰੀਖ਼ ਗੁਰੂ ਖ਼ਾਲਸਾ* ਭਾਗ ਦੂਸਰਾ *ਸ਼ਮਸ਼ੇਰ ਖ਼ਾਲਸਾ* ਵਿਚ ਬੜੇ ਸੋਹਣੇ ਢੰਗ ਨਾਲ ਇਸ ਹਾਲਤ ਦਾ ਜ਼ਿਕਰ ਕੀਤਾ ਹੈ :

> "ਉਸ ਸਮੇਂ ਸਿੰਘਾਂ ਦਾ ਆਪਸ ਵਿਚ ਬਹੁਤ ਪਯਾਰ ਤੇ ਏਕਾਯਤ ਸੀ, ਇਕ ਦੂਸਰੇ ਨੂੰ ਆਪਣੇ ਪ੍ਰਾਣਾਂ ਜੈਸਾ ਪਯਾਰਾ ਤੇ ਸਕਾ ਭਾਈ ਸਮਝਦਾ ਸੀ। ਨੀਚੀ ਊਚੀ ਜਾਤ ਪਾਤ ਦਾ ਭੇਦ ਕੋਈ ਨਹੀਂ ਸੀ। ਸਬ ਆਪ ਨੂੰ ਇਕ ਰੂਹ ਸੋਢਬੰਸ ਛਤ੍ਰੀ ਖਾਲਸਾ ਮੰਨਦੇ ਸੇ। ਜੇ ਕੋਈ ਕੁਛ ਕਮਾ ਕੇ ਕਿਧਰੋਂ ਲਿਆਉਂਦਾ ਸੋ ਸਬ ਗੁਰੂ ਕੇ ਖ਼ਜ਼ਾਨੇ ਵਿਚ ਜਮਾ ਕਰ ਕੇ ਸਭਨਾਂ ਭਾਈਆਂ ਦੇ ਨਾਲ ਰਲ ਕੇ ਗੁਜ਼ਾਰਾ ਕਰਦਾ। ਵਧ ਘਟ ਲੈਣ ਦਾ ਕੋਈ ਕਿਸੇ ਨੂੰ ਖਿਆਲ ਨਾ ਫੁਰਦਾ। ਜੋ ਕੁਛ ਨਵਾਬ ਆਦਿਕ ਮੁਖੀਏ ਸਿੰਘ ਬਰਤਾਉਂਦੇ, ਉਸ ਪਰ ਅਨੰਦ ਰਹਿੰਦੇ ਅਤੇ ਦਿਨ ਰਾਤ ਗੁਰੂ ਦੀ ਬਾਣੀ ਪੜ੍ਹਦੇ ਹੋਏ ਸ਼ਸਤਰ-ਵਿਦਿਆ ਸਿਖਦੇ ਸਿਖਾਉਂਦੇ। ਘੋੜਿਆਂ ਦੀ, ਸ਼ਸਤਰਾਂ ਦੀ, ਲੰਗਰ ਦੀ ਟਹਲ ਕਰਦੇ ਰਹਿੰਦੇ। ਜੇਕਰ ਕਦੇ ਕਿਸੇ ਤੋਂ

ਬੁਰਿਆਈ ਹੋ ਜਾਂਦੀ, ਤਾਂ ਖਾਲਸੇ ਦੇ ਦੀਵਾਨ ਦੀ ਆਗਿਆ ਲੈ ਕੇ ਭਾਈ ਮਨੀ ਸਿੰਘ ਜੀ ਜਥਾ ਜੋਗ ਉਸ ਨੂੰ ਤਨਖਾਹ ਲਾ ਦਿੰਦੇ ਅਤੇ ਉਹ ਭੀ ਬਿਨਾ ਹੀਲ-ਹੁੱਜਤ ਦੇ ਮਨ ਲੈਂਦਾ। ਏਸ ਸਮੇਂ ਦਰਬਾਰਾ ਸਿੰਘ ਦੀਵਾਨ, ਸੰਗਤ ਸਿੰਘ ਖ਼ਜ਼ਾਨਚੀ, ਹਰੀ ਸਿੰਘ ਲਾਂਗਰੀ, ਭਗਤ ਸਿੰਘ ਖ਼ਜ਼ਾਨਚੀ, ਬੁਢਾ ਸਿੰਘ ਦੇਸੀ, ਹਰਦਿਤ ਸਿੰਘ, ਗਰਜਾ ਸਿੰਘ, ਸੱਜਣ ਸਿੰਘ, ਈਸ਼ਰ ਸਿੰਘ, ਗਿਆਨ ਸਿੰਘ, ਸਾਧੂ ਸਿੰਘ, ਦੇਵਾ ਸਿੰਘ, ਆਦਿਕ ਬਹੁਤ ਸਿੰਘ (ਹਜ਼ੂਰੀ) ਜੋ ਗੁਰੂ ਕੇ ਹਜ਼ੂਰ ਰਹੇ ਸੇ, ਪੰਥ ਵਿਚ ਸ਼ਾਮਲ ਸੇ, ਅਤੇ ਨਵਾਬ ਕਪੂਰ ਸਿੰਘ, ਹਰੀ ਸਿੰਘ ਸੁਖਈ, ਦੀਪ ਸਿੰਘ, ਗੁਰਬਖ਼ਸ਼ ਸਿੰਘ ਸ਼ਹੀਦ, ਥਰਾਜ ਸਿੰਘ, ਜੱਸਾ ਸਿੰਘ, ਕਰਮ ਸਿੰਘ, ਭੋਗਾ ਸਿੰਘ (ਭੋਮਾ ਸਿੰਘ), ਅਤਰ ਸਿੰਘ, ਸ਼ੀਹਾਂ ਸਿੰਘ, ਬਦਨ ਸਿੰਘ, ਕੇਹਰ ਸਿੰਘ, ਬਜਰ ਸਿੰਘ, ਘਨਘੋਰ ਸਿੰਘ, ਅਮਰ ਸਿੰਘ ਆਦਿਕ ਬਹੁਤ ਨਾਮੀ ਸਿੰਘ ਪੰਥ ਵਿਚ ਮੰਨੇ ਪਰਮੰਨੇ ਹੋਏ ਸਨ।[੧]

ਨਵਾਬ ਕਪੂਰ ਸਿੰਘ ਦਲ ਖ਼ਾਲਸੇ ਦਾ ਮੁਰੈਲ ਥਾਪਿਆ ਗਿਆ

ਸਾਵਣ ਸੰਮਤ ੧੭੯੧ ਬਿਕਰਮੀ (ਸੰਨ ੧੭੩੪ ਈ:) ਵਿਚ ਦੀਵਾਨ ਦਰਬਾਰਾ ਸਿੰਘ ਚੜ੍ਹਾਈ ਕਰ ਗਏ। ਹੁਣ ਸਾਰੇ ਦਲ ਖ਼ਾਲਸਾ ਦੀ ਜ਼ਿੰਮੇਵਾਰੀ ਨਵਾਬ ਕਪੂਰ ਸਿੰਘ ਦੇ ਸਿਰ ਆਣ ਪਈ। ਦੋਹਾਂ ਦਲਾਂ ਦਾ ਜਗੀਰ ਨਾਲ ਲੰਗਰ ਦਾ ਖ਼ਰਚਾ ਨਹੀਂ ਸੀ ਚਲ ਸਕਦਾ। ਅਮਨ ਚੈਨ ਹੋਣ ਕਰਕੇ ਇਥੇ ਜ਼ਿਆਦਾ ਜਥੇ ਰਖਣ ਦੀ ਲੋੜ ਨਹੀਂ ਸੀ। ਇਸ ਲਈ ਬਹੁਤ ਸਾਰੇ ਸਿੰਘ ਤਾਂ ਘਰੀਂ ਜਾ ਵਾਹੀਆਂ ਵਿਚ ਰੁਝੇ ਤੇ ਬਾਕੀ ਮਾਲਵੇ ਵਲ ਨੂੰ ਭੱਟੀਆਂ, ਮੰਝਾਂ, ਡੋਗਰਾਂ ਤੇ ਬੋਦਲੇ ਜਾਗੀਰਦਾਰਾਂ ਦੇ ਇਲਾਕੇ ਉਗਰਾਹੁਣ ਨੂੰ ਛਿੜ ਗਏ। ਦਲ ਖ਼ਾਲਸਾ ਨੇ ਜਦ ਸੰਮਤ ੧੭੯੯ ਬਿਕਰਮੀ ਵਿਚ ਸ: ਆਲਾ ਸਿੰਘ ਫੂਲਕੇ ਦੀ ਬਰਨਾਲੇ ਵਿਚ ਘਿਰੇ ਦੀ ਸਹਾਇਤਾ ਕੀਤੀ ਸੀ ਤੇ ਮੰਝਾਂ, ਭੱਟੀਆਂ ਤੇ ਮਲੇਰ ਕੋਟਲੀਆਂ ਨੂੰ ਮਾਰ ਭਜਾਇਆ ਸੀ, ਇਸ ਦੀ ਉਸ ਵੇਲੇ ਤੋਂ ਹੀ ਇਸ ਪਾਸੇ ਚੰਗੀ ਧਾਂਕ

---

੧. ਗਿ: ਗਿਆਨ ਸਿੰਘ—*ਤਵਾਰੀਖ਼ ਗੁਰੂ ਖ਼ਾਲਸਾ ਦੂਜਾ ਹਿਸਾ ਸ਼ਮਸ਼ੇਰ ਖ਼ਾਲਸਾ*, ਭਾਸ਼ਾ ਵਿਭਾਗ ਵਲੋਂ ਛਪਿਆ ੧੯੭੦ ਸਫ਼ਾ ੧੧੮-੧੧੯।

ਬੈਠ ਗਈ ਸੀ। ਹੁਣ ਫੂਲਕੇ ਫਿਰ ਇਨ੍ਹਾਂ ਦੀ ਸਹਾਇਤਾ ਨਾਲ ਇਨ੍ਹਾਂ ਗੋਤਾਂ ਨੂੰ ਧਕ੍ਹ ਧਕ ਕੇ ਵਧਣ ਲਗੇ। ਭੱਟੀ, ਮੰਝ ਤੇ ਡੋਗਰ ਆਦਿ ਖ਼ਾਲਸਾ ਦਲ ਤੋਂ ਬੜਾ ਭੈ ਖਾਣ ਲਗ ਪਏ ਸਨ। ਇਹ ਕਿਤੇ ਮੁੜ ਸਿਰ ਨਾ ਚੁਕਣ, ਇਸੇ ਲਈ ਦਲ਼ ਖ਼ਾਲਸਾ ਇਧਰ ਫੇਰਾ ਪਾ ਆਉਂਦਾ ਸੀ। ੧੭੩੪ ਈ: ਵੇਲੇ ਦੇ ਕਈ ਜਥੇ ਹਾਂਸੀ, ਹਿਸਾਰ ਤੇ ਭਵਾਨੀ ਤਕ ਆਏ ਹੋਏ ਸਨ ਤੇ ਬਿਨਾਂ ਰੋਕ ਟੋਕ ਇਲਾਕੇ ਵਿਚ ਉਗਰਾਹੀਆਂ ਕਰ ਰਹੇ ਸਨ।

(੧੨)

ਜ਼ਕਰੀਆ ਖ਼ਾਨ ਦੀ ਨੀਅਤ ਬਦਲੀ ਤੇ ਜਗੀਰ ਦੀ ਜ਼ਬਤੀ

ਇਸ ਸਮੇਂ ਸ੍ਰੀ ਅੰਮ੍ਰਿਤਸਰ ਵਿਖੇ ਬਹੁਤ ਥੋੜੇ ਸਿੰਘ ਹਾਜ਼ਰ ਸਨ। ਬਾਕੀ ਸਾਰੇ ਪੰਜਾਬ, ਮਾਲਵੇ, ਭਵਾਨੀ, ਹਾਂਸੀ, ਹਿਸਾਰ ਤੱਕ ਖਿੰਡੇ ਪੁੰਡੇ ਹੋਏ ਸਨ। ਇਸ ਹਾਲਤ ਨੇ ਜ਼ਕਰੀਆ ਖ਼ਾਨ ਦੇ ਮਨ ਵਿਚ ਕੁਰਬਲਾਂਦੀ ਬੇਈਮਾਨੀ ਨੂੰ ਉਤੇਜਿਤ ਕਰ ਦਿਤਾ ਤੇ ਉਸ ਦੀ ਨੀਅਤ ਬਿਲਕੁਲ ਬਦਲ ਗਈ। ਉਸ ਨੂੰ ਫੁਰਿਆ ਕਿ ਸਿੰਘਾਂ ਦੀ ਦਿਨ-ਬ-ਦਿਨ ਵਧ ਰਹੀ ਤਾਕਤ ਨੂੰ ਕਰਾਰੀ ਸੱਟ ਮਾਰ ਕੇ ਖ਼ਤਮ ਕਰਨ ਦਾ ਮੌਕਾ ਬਣ ਗਿਆ ਹੈ। ਉਹ ਇਸੇ ਹੀ ਤਾੜ ਵਿਚ ਸੀ, ਜਿਸ ਖ਼ਾਤਰ ਉਨ੍ਹਾਂ ਨੂੰ ਪਦਵੀਆਂ ਤੇ ਜਾਗੀਰਾਂ ਦੇ ਕੇ ਸੁਸਤ ਤੇ ਅਵੇਸਲਾ ਕਰਨ ਦੀ ਉਸ ਨੇ ਦਿੱਲੀ ਨਾਲ ਮਿਲ ਕੇ ਵਿਉਂਤ ਬਣਾਈ ਸੀ।

ਸੰਮਤ ੧੭੯੨ ਬਿਕਰਮੀ (੧੭੩੫ ਈ:) ਵਿਚ ਜਾਗੀਰ ਜ਼ਬਤ ਕਰ ਲਈ ਤੇ ਨਵਾਬ ਕਪੂਰ ਸਿੰਘ ਨੂੰ ਲਿਖ ਭੇਜਿਆ ਕਿ ਹੁਣ ਦੇਸ਼ ਵਿਚ ਅਮਨ ਚੈਨ ਹੋ ਗਿਆ ਹੈ, ਸਿੰਘ ਪਿੰਡਾਂ ਵਿਚ ਵਾਹੀ ਬੀਜੀ ਕਰ ਕੇ ਗੁਜ਼ਾਰਾ ਕਰਨ। ਜਿਸ ਸਿੰਘ ਨੂੰ ਸਰਕਾਰੀ ਨੌਕਰੀ ਦੀ ਇਛਿਆ ਹੋਵੇ, ਇਸ ਦੀ ਵੀ ਪੂਰੀ ਖੁਲ੍ਹ ਹੈ, ਬੇਸ਼ਕ ਕਰ ਲਵੇ। ਨਵਾਬ ਕਪੂਰ ਸਿੰਘ ਨੇ ਉੱਤਰ ਵਜੋਂ ਲਿਖ ਭੇਜਿਆ ਕਿ ਸਿੰਘਾਂ ਨੂੰ ਕਿਸੇ ਹਾਲਤ ਵਿਚ ਵੀ ਤੁਹਾਡੀ ਤਾਬੇਦਾਰੀ ਮਨਜ਼ੂਰ ਨਹੀਂ। ਪਰ ਹਾਂ, ਜੇ ਤੁਹਾਨੂੰ ਕੋਈ ਮੁਹਿੰਮ ਆ ਪਊ ਤਾਂ ਤੁਹਾਡੀ ਮਦਦ ਨੂੰ ਖ਼ਾਲਸਾ ਤਿਆਰ ਬਰ ਤਿਆਰ ਹੈ। ਅਸੀਂ ਆਪਣੇ ਬਚਨ 'ਤੇ ਕਾਇਮ ਹਾਂ। ਹੁਣ ਤੁਸੀਂ ਈਮਾਨ ਹਾਰ ਗਏ ਹੋ ਤੇ ਆਪਣੇ ਕੀਤੇ ਕੌਲਾਂ ਤੋਂ ਝੂਠੇ ਪੈ ਕੇ ਅਕਾਰਨ ਹੀ ਬਹਾਨੇ ਬਣਾ ਕੇ ਜਾਗੀਰ ਬੰਦ ਕਰ ਰਹੇ ਹੋ। ਇਸ ਤੋਂ ਮੁੜ ਪੈਦਾ ਹੋਣ ਵਾਲੀ ਬਦ-ਅਮਨੀ

ਤੇ ਉਸ ਦਿਆਂ ਸਿਟਿਆਂ ਦੇ ਜ਼ਿੰਮੇਵਾਰ ਤੁਸੀਂ ਆਪ ਹੋਵੋਗੇ। ਅਸੀਂ ਅਮਨ-ਚੈਨ ਚਾਹੁੰਦੇ ਹਾਂ ਤੇ ਪੂਰੀ ਦ੍ਰਿੜ੍ਹਤਾ ਨਾਲ ਆਪਣੇ ਇਕਰਾਰ 'ਤੇ ਕਾਇਮ ਹਾਂ। ਪਰ ਤੁਸਾਂ ਆਪਣੇ ਕੌਲ ਨੂੰ ਭੰਗ ਕਰ ਕੇ ਜੇ ਮੁੜ ਸਿੰਘਾਂ ਉਤੇ ਸਖ਼ਤੀ ਅਰੰਭੀ ਤੇ ਉਨ੍ਹਾਂ ਨੂੰ ਮਜਬੂਰ ਕਰ ਕੇ ਤਲਵਾਰ ਫੜਾਈ ਤਾਂ ਦੋਸ਼ ਉਨ੍ਹਾਂ ਦਾ ਨਹੀਂ, ਤੁਹਾਡਾ ਆਪਣਾ ਹੋਵੇਗਾ। ਅਸੀਂ ਪਹਿਲ ਨਹੀਂ ਕਰਾਂਗੇ ਤੇ ਜੇ ਤੁਸਾਂ ਹੈਂਕੜ ਤੇ ਮੂਰਖਤਾ-ਵੱਸ ਹੋ ਕੇ ਵਾਰ ਕੀਤਾ ਤਾਂ ਕਦਾਚਿਤ ਇਹ ਨਾ ਭੁਲਣਾ ਕਿ ਖ਼ਾਲਸਾ ਆਪਣੇ ਉਤੇ ਹੋਏ ਵਾਰ ਨੂੰ ਝਲ ਕੇ, ਮੋੜਵਾਂ ਕਰਨਾ ਵੀ ਬਹੁਤ ਚੰਗੀ ਤਰ੍ਹਾਂ ਜਾਣਦਾ ਹੈ। ਤੂਸੀਂ ਇਸ ਤੋਂ ਭਲੀ ਭਾਂਤ ਜਾਣੂ ਹੋ। ਸਾਨੂੰ ਤੁਹਾਡੀ ਕੋਈ ਭੁਲ ਨਹੀਂ ਤੇ ਸਾਡੇ ਬਾਰੇ ਤੁਹਾਥੋਂ ਕੁਝ ਘੁਥਾ ਨਹੀਂ। ਅਸੀਂ ਤੁਹਾਨੂੰ ਇਕ ਵਾਰ ਫਿਰ ਕਹਿੰਦੇ ਹਾਂ ਕਿ ਦੇਸ਼ ਵਿਚ ਅਮਨ-ਚੈਨ ਬਣਿਆ ਰਹਿਣ ਦਿਓ। ਯਾਦ ਰਖੋ, ਖ਼ਾਲਸਾ ਤੁਹਾਡੀ ਜਾਗੀਰ ਵਿਚ ਕੈਦ ਨਹੀਂ ਰਹਿ ਸਕਦੈ। ਸਾਂਭੋ ਆਪਣੀ ਜਾਗੀਰ ! ਸਾਰਾ ਪੰਜਾਬ ਹੀ ਸਾਡੀ ਜਾਗੀਰ ਹੈ। ਸਿੰਧ ਤੋਂ ਗੰਗਾ ਤਕ ਦਾ ਮੈਦਾਨ ਸਾਡੇ ਘੋੜਿਆਂ ਦੀ ਭਾਂਜ (ਦੌੜ) ਲਈ ਥੋੜਾ ਹੈ। ਜੇ ਕੋਈ ਛੇੜਖ਼ਾਨੀ ਜਾਂ ਵਧੀਕੀ ਕੀਤੀ ਤਾਂ ਯਾਦ ਰਖਿਓ, ਸਾਡੀਆਂ ਤੇਗਾਂ ਨੂੰ ਜੰਗਾਲ ਨਹੀਂ ਲਗ ਗਿਆ; ਇਹ ਤੇਰੀ ਫ਼ੌਜ ਤੇ ਤੇਰੇ ਗ਼ਾਜ਼ੀਆਂ ਦੇ ਖ਼ੂਨ ਵਿਚ ਤਾਰੀਆਂ ਲਾਉਣਗੀਆਂ। ਆਪਣੇ ਹੋਸ਼ ਤੇ ਹਵਾਸ ਪੂਰੇ ਕਾਇਮ ਰਖਣੇ। ਖ਼ਾਲਸਾ ਹਰ ਸੂਰਤ ਹਾਲਾਤ ਨਾਲ ਨਿਬੜਨਾ ਜਾਣਦਾ ਹੈ।

ਜ਼ਕਰੀਆ ਖ਼ਾਨ ਨੇ ਇਨ੍ਹਾਂ ਗੱਲਾਂ ਵਲ ਕੋਈ ਧਿਆਨ ਨਾ ਦਿਤਾ। ਸੰਮਤ ੧੭੯੩ ਬਿਕਰਮੀ (੧੭੩੬ ਈ:) ਵਿਚ ਆਪਣੇ ਦੀਵਾਨ ਲਖਪਤ ਰਾਇ ਤੇ ਭਤੀਜੇ ਮੁਖ਼ਲਸ ਖ਼ਾਨ ਦੇ ਤਹਿਤ ਦਸ ਹਜ਼ਾਰ ਗਸ਼ਤੀ ਫ਼ੌਜ ਦੇ ਕੇ ਸਿੰਘਾਂ ਦੇ ਵਿਰੁੱਧ ਚਾੜ੍ਹ ਦਿਤਾ। ਸ਼ਹਿਰਾਂ ਗ੍ਰਾਮਾਂ ਵਿਚ ਢੋਲ ਵਜਵਾ ਕੇ ਢੰਡੋਰਾ ਫਿਰਵਾ ਦਿਤਾ ਕਿ ਜੋ ਸਿੰਘਾਂ ਨੂੰ ਦੱਸ ਪਾ ਕੇ ਫੜਵਾਏਗਾ ਜਾਂ ਕਿਸੇ ਸਿੰਘ ਦਾ ਸਿਰ ਵਢ ਕੇ ਲਾਹੌਰ ਪਹੁੰਚਾਏਗਾ, ਉਸ ਨੂੰ ਇਨਾਮ ਦਿਤਾ ਜਾਵੇਗਾ, ਇੱਜ਼ਤ ਵਧਾਈ ਜਾਵੇਗੀ। ਇਸ ਸਮੇਂ ਲੋਭੀ ਲੋਗ, ਜਿਨ੍ਹਾਂ ਦੇ ਸਿਰ ਨੂੰ ਸਿਖ ਮਾਰ ਮਰਵਾ ਕੇ ਸਵਾਬ ਹਾਸਲ ਕਰਨ ਦਾ ਬਹੁਤਾ ਜੋਸ਼ ਤੇ ਚਾਅ ਸੀ, ਥੋੜੇ ਹੀ ਸਿੰਘਾਂ ਪਿਛੇ ਪਏ ਕਿਉਂਕਿ ਪਹਿਲੇ ਜਦ ਸੰਮਤ ੧੭੮੭ ਨੂੰ ਜਿਨ੍ਹਾਂ ਜਿਨ੍ਹਾਂ ਨੇ ਮਾਰੇ ਮਰਵਾਏ ਤੇ ਇਨਾਮ ਪਾਏ ਸਨ, ਮੌਕਾ ਪਾ ਕੇ ਸਿੰਘਾਂ ਨੇ ਵੀ ਉਨ੍ਹਾਂ ਦੀਆਂ ਜੜ੍ਹਾਂ ਰਗੜ

ਰਗੜ ਕੇ ਵਢੀਆਂ ਸਨ। ਉਨ੍ਹਾਂ ਲਇਆਂ ਬਦਲਿਆਂ ਤੋਂ ਡਰਦੇ ਚੁਗ਼ਲ, ਮੁਖ਼ਬਰ ਤੇ ਚੌਧਰੀ ਤਾਂ ਭਾਵੇਂ ਦਬੇ ਰਹੇ, ਪਰ ਗਸ਼ਤੀ ਫ਼ੌਜ ਨੇ ਚਾਰ ਕੁ ਮਹੀਨੇ ਖ਼ੂਬ ਊਧਮ ਮਚਾਇਆ ਤੇ ਸਿੰਘਾਂ ਨੂੰ ਫਿਰ ਘਰ ਛਡਣ 'ਤੇ ਮਜਬੂਰ ਕਰ ਦਿਤਾ।

ਲਖਪਤ ਦੀ ਗਸ਼ਤੀ ਫ਼ੌਜ ਮਨ-ਮਾਨੀਆਂ ਇਸ ਲਈ ਕਰਦੀ ਰਹੀ, ਕਿਉਂਕਿ ਸਿੰਘ ਸ੍ਰੀ ਅੰਮ੍ਰਿਤਸਰ ਤੋਂ ਦੂਰ ਖਿੰਡੇ ਪੁੰਡੇ ਹੋਏ ਸਨ। ਬੁੱਢਾ ਦਲ ਬਹੁਤੀ ਦੇਰ ਤਕ ਗਸ਼ਤੀ ਫ਼ੌਜ ਦਾ ਟਾਕਰਾ ਨਾ ਕਰ ਸਕਣ ਕਰਕੇ ਸਤਲੁਜੋਂ ਪਾਰ ਦੱਖਣ ਨੂੰ ਮਾਲਵੇ ਵਲ ਚਲਿਆ ਗਿਆ, ਜਿਥੇ ਸ: ਆਲਾ ਸਿੰਘ ਨੇ ਉਨ੍ਹਾਂ ਦੀ ਬੜੀ ਆਉ-ਭਗਤ ਕੀਤੀ। ਪਰ ਦਲ ਏਥੇ ਬਹੁਤੇ ਸਮੇਂ ਤਕ ਨਾ ਟਿਕਿਆ ਤੇ ਛੇਤੀ ਹੀ ਪਿਛਾਂਹ ਮੁੜ ਪਿਆ। ਸਰਕਾਰ ਦੀ ਮੁੜ ਸਖ਼ਤੀ ਅਰੰਭਣ ਦੀਆਂ ਖ਼ਬਰਾਂ ਹਾਂਸੀ, ਹਿਸਾਰ ਵਲ ਫਿਰਦਿਆਂ ਤਰੁਣਾ ਦਲ ਨੂੰ ਵੀ ਮਿਲ ਗਈਆਂ ਤੇ ਉਹ ਪਿਛਾਂਹ ਪੰਜਾਬ ਵਲ ਨੂੰ ਮੁੜ ਪਿਆ ਤੇ ਦੋਵੇਂ ਦਲ ਦਰਿਆ ਟੱਪ ਪਏ। ਬੁੱਢਾ ਦਲ ਬੰਡਾਲੇ ਵਾਲੇ ਪਤਣੋਂ ਨਜ਼ਦੀਕ ਗਾਹਣ ਰਾਹੀਂ ਲੰਘ ਕੇ ਮਾਝੇ ਵਿਚ ਆ ਗਿਆ। ਤਰੁਣਾ ਦਲ ਤਲਵਣ ਦੇ ਪਾਸ ਗਾਹਣ ਲੰਘ ਕੇ ਦੁਆਬੇ ਵਿਚ ਆ ਚੜ੍ਹਿਆ ਤੇ ਮੰਝ ਰਾਜਪੂਤਾਂ ਦਾ ਦੇਸ਼ ਮੰਜਕੀ, ਜਿਸ ਵਿਚ ਜੰਡਿਆਲਾ, ਬੁੰਡਾਲਾ, ਤਲਵਣ, ਸਗੀਂਹ, ਸਾਕਰ, ਰੁੜਕਾ, ਨਕੋਦਰ, ਬਿਲਗਾ, ਨੂਰ ਮਹਿਲ, ਤਲਵੰਡੀ ਦੁਸਾਂਝਾਂ, ਮੌਮਾਰੀ ਦਖਣੀ ਆਦਿਕ ਵੱਡੇ ਵੱਡੇ ਧਨੀ ਪਿੰਡ ਸਨ, ਨੂੰ ਚੰਗੀ ਤਰ੍ਹਾਂ ਸੋਧਿਆ ਤੇ ਮੰਝ ਰਾਜਪੂਤਾਂ (ਰੰਘੜਾਂ) ਦੀ ਬੁਰੀ ਤਰ੍ਹਾਂ ਆਕੜ ਭੰਨੀ, ਜੋ ਕਈ ਸਾਲ ਮੁੜ ਕੰਨ ਵਿਚ ਪਾਏ ਨਾ ਦੁਖੇ।

ਇਸ ਤੋਂ ਪਿਛੋਂ ਢੱਕ, ਦੋਨਾਂ, ਕੰਢੀ ਸ਼ਿਯਾਮ ਚੁਰਾਸੀ ਆਦਿਕ ਦਵਾਰੇ ਦੇ ਪਰਗਣੇ ਦੀ ਚੰਗੀ ਸੁਧਾਈ ਕੀਤੀ। ਫਿਰ ਦੋਵੇਂ ਦਲਾਂ ਮਾਝੇ ਵਿਚ ਰਲ ਕੇ ਗਸ਼ਤੀ ਫ਼ੌਜ ਨਾਲ ਟੱਕਰਾਂ ਲੈਣੀਆਂ ਸ਼ੁਰੂ ਕਰ ਦਿੱਤੀਆਂ। ਸਭ ਤੋਂ ਵੱਡੀ ਟੱਕਰ ਲਾਹੌਰ ਦੇ ਲਾਗੇ ਹੁਜਰਾ ਸ਼ਾਹ ਮੁਕੀਮ ਪਾਸ ਹੋਈ, ਜਿਥੇ ਗਸ਼ਤੀ ਫ਼ੌਜ ਨੂੰ ਬੜੀ ਭਾਰੀ ਹਾਰ ਦਿੱਤੀ। ਇਸ ਵਿਚ ਦੁਵੱਲਾ ਨੁਕਸਾਨ ਹੋਇਆ। ਗਸ਼ਤੀ ਫ਼ੌਜ ਦੇ ਹਜ਼ਾਰਾਂ ਸਿਪਾਹੀਆਂ ਨਾਲ ਲਖਪਤ ਰਾਇ ਦਾ ਭਤੀਜਾ ਦੁਨੀ ਚੰਦ ਅਤੇ ਲਾਹੌਰ ਸਰਕਾਰ ਦੇ ਦੋ ਉਘੇ ਫ਼ੌਜਦਾਰ ਜਮਾਲ ਖ਼ਾਨ ਤੇ ਤਾਤਾਰ ਖ਼ਾਨ ਮਾਰੇ ਗਏ। ਹਾਰੀ ਹੋਈ ਫ਼ੌਜ ਨੇ ਲਾਹੌਰ ਜਾ ਦਮ ਲਿਆ।

ਸਿੰਘਾਂ ਪਰਗਣੇ ਗੁਰਦਾਸਪੁਰ, ਕਲਾਨੌਰ, ਪਸਰੂਰ, ਸਿਆਲਕੋਟ, ਸੋਦਰਾ, ਵਜ਼ੀਰਾਬਾਦ, ਕੁੰਜਾਹ, ਅਲੀਗੜ੍ਹ ਸ਼ਕਰਪੁਰ ਆਦਿਕ ਵੀ ਸੋਧ ਕੇ ਉਗਰਾਹ ਲਏ।

ਸਿੰਘਾਂ ਲਈ ਅੰਮ੍ਰਿਤਸਰ ਦਿਆਂ ਦਰਸ਼ਨਾਂ 'ਤੇ ਬੰਦਸ਼

ਗਸ਼ਤੀ ਫ਼ੌਜ, ਜੋ ਸਿੰਘਾਂ ਨੂੰ ਮਾਰਨ ਗਈ ਸੀ, ਉਸ ਦੀ ਆਪਣੀ ਦੁਰਦਸ਼ਾ ਹੁੰਦੀ ਵੇਖ ਕੇ ਜ਼ਕਰੀਆ ਖ਼ਾਨ ਦਾ ਸਕੂਨ ਜਾਂਦਾ ਰਿਹਾ ਤੇ ਰਾਤ ਦੀ ਨੀਂਦ ਹਰਾਮ ਹੋ ਗਈ। ਜਨਤਾ ਨੂੰ ਕੀ ਮੂੰਹ ਵਿਖਾਵੇ! ਬਾਦਸ਼ਾਹ ਦੀ ਨਰਾਜ਼ਗੀ ਵਖਰੀ। ਕੁਝ ਸੁਝੇ ਔੜੇ ਨਾ। ਉਸ ਨੇ ਕਾਜ਼ੀਆਂ, ਉਲਿਮਾਂ, ਮੌਲਵੀਆਂ, ਮੁਲਾਣਿਆਂ ਤੇ ਮੁਫ਼ਤੀਆਂ ਨੂੰ ਬੁਲਾ ਕੇ ਪੁਛਿਆ ਕਿ ਉਹ ਸਿੱਖਾਂ ਨੂੰ ਤਬਾਹ ਕਰਨ ਲਈ ਸਾਰੇ ਹੀਲੇ ਹਰਬੇ ਵਰਤ ਚੁਕਿਐ, ਕਿਹੜਾ ਜ਼ੁਲਮ ਹੈ ਜੋ ਉਨ੍ਹਾਂ 'ਤੇ ਨਹੀਂ ਕੀਤਾ। ਸਖ਼ਤੀ ਕਰਨ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ। ਉਹ ਖ਼ਤਮ ਹੋਣ ਦੀ ਥਾਂ ਸਗੋਂ ਉਲਟੇ ਦਿਨੋ ਦਿਨ ਵਧੇ ਹਨ। ਇਨ੍ਹਾਂ ਦੀ ਇਸ ਤਰੱਕੀ ਤੇ ਵਾਧੇ ਦਾ ਕੀ ਭੇਤ ਹੈ? ਉਨ੍ਹਾਂ ਇਕ-ਜ਼ਬਾਨ ਹੋ ਕੇ ਜਵਾਬ ਦਿਤਾ ਕਿ ਰੱਬ ਜਾਣੇ ਇਨ੍ਹਾਂ ਦੇ ਗੁਰੂ ਨੇ ਗੁਰੂ-ਚੱਕ ਦੇ ਸਰੋਵਰ ਵਿਚ ਕੀ ਅਜਿਹਾ ਆਬ-ਏ-ਹਯਾਤ ਪਾ ਦਿਤਾ ਹੈ ਜਿਸ ਨੂੰ ਪੀ ਕੇ ਤੇ ਜਿਸ ਵਿਚ ਨਹਾ ਕੇ ਐਸੇ ਨਿਡਰ, ਦਲੇਰ ਤੇ ਬੇਪਰਵਾਹ ਹੋ ਜਾਂਦੇ ਹਨ ਕਿ ਮੌਤ ਨੂੰ ਤਾਂ ਸਮਝਦੇ ਹੀ ਕੁਝ ਨਹੀਂ। ਜਿੰਨਾ ਚਿਰ ਇਹ ਇਸ ਆਬ-ਏ-ਹਯਾਤ ਨੂੰ ਪੀਂਦੇ ਰਹਿਣਗੇ ਤੇ ਇਸ ਵਿਚ ਗੁਸਲ (ਇਸ਼ਨਾਨ) ਕਰਦੇ ਰਹਿਣਗੇ, ਇਨ੍ਹਾਂ ਦਾ ਕੋਈ ਵਾਲ ਵਿੰਗਾ ਨਾ ਕਰ ਸਕੂ। ਇਹ ਦਿਨ-ਬਦਿਨ ਹਮੇਸ਼ਾ ਤਰੱਕੀ ਹੀ ਕਰਦੇ ਜਾਣਗੇ। ਹਾਂ, ਜੇ ਇਨ੍ਹਾਂ ਦੋਹਾਂ ਗੱਲਾਂ ਤੋਂ ਰੋਕ ਦਿਤਾ ਜਾਵੇ, ਇਨ੍ਹਾਂ ਨੂੰ ਬੜੀ ਆਸਾਨੀ ਨਾਲ ਕਾਬੂ ਕਰ ਕੇ ਖ਼ਤਮ ਕੀਤਾ ਜਾ ਸਕਦੈ। ਫਿਰ ਜਦ ਨਜੂਮੀਆਂ ਤੇ ਜੋਤਸ਼ੀਆਂ ਤੋਂ ਇਸ ਬਾਰੇ ਉਨ੍ਹਾਂ ਦੀ ਰਾਇ ਪੁਛੀ ਤਾਂ ਉਨ੍ਹਾਂ ਵੀ ਇਨ੍ਹਾਂ ਮੁਲਾਣਿਆਂ ਦੀ ਹਾਂ ਵਿਚ ਹਾਂ ਮਿਲਾਈ ਕਿ ਸਿੱਖਾਂ ਦਾ ਇਲਾਜ ਬਸ ਇਹੋ ਹੀ ਹੈ।

ਸਿੰਘਾਂ ਦੀ ਮਾਰ ਤੋਂ ਡਰੇ ਹੋਏ ਵਹਿਮੀ ਜ਼ਕਰੀਆ ਖ਼ਾਨ ਨੇ ਮੁਲਾਣਿਆਂ ਕਾਜ਼ੀਆਂ ਦੀ ਗੱਲ 'ਤੇ ਯਕੀਨ ਕਰ ਲਿਆ ਤੇ ਕਾਜ਼ੀ ਅਬਦੁੱਰਜ਼ਾਕ ਤੇ ਮੁਹੰਮਦ ਬਖ਼ਸ਼ ਨੂੰ ਦੋ ਹਜ਼ਾਰ ਫ਼ੌਜ ਦੇ ਕੇ ਸਰੋਵਰ ਦੇ ਦੁਆਲੇ ਕਰੜਾ ਪਹਿਰਾ ਬਿਠਾ ਦੇਣ ਲਈ ਭੇਜਿਆ ਕਿ ਕੋਈ ਸਿਖ ਸਰੋਵਰ ਵਿਚ ਨਾ ਨ੍ਹਾਵੇ, ਨਾ ਮੇਲਾ ਲੱਗੇ। ਜ਼ਕਰੀਆ ਖ਼ਾਨ ਦੀ ਇਹ ਭੁਲ ਸੀ। ਗੁਰੂ ਕੇ ਸਿੰਘਾਂ ਨੂੰ ਦਰਬਾਰ ਸਾਹਿਬ ਦੇ ਦਰਸ਼ਨ ਅਤੇ ਸਰੋਵਰ ਵਿਚ ਇਸ਼ਨਾਨ ਤੋਂ ਭਲਾ ਕੌਣ ਰੋਕੇ! ਇਨ੍ਹਾਂ ਦੋਹਾਂ ਦਾਤਾਂ ਤੋਂ ਵਾਂਝਿਆਂ ਰਹਿ ਕੇ ਉਨ੍ਹਾਂ ਦਾ ਕੀ ਜੀਊਣਾ ਸੀ! ਉਹ ਸਿਰ ਤਲੀ 'ਤੇ ਰਖ ਕੇ ਭੀ ਪੁਜ ਜਾਣ ਅਤੇ ਰਾਤ ਬਰਾਤੇ, ਲੁਕ ਛਿਪ ਕੇ, ਭੇਸ ਬਦਲ ਕੇ ਆਪ ਜਾਂ ਸਮੇਤ ਘੋੜਿਆਂ ਦੀ ਟੁਭੀ ਲਾ ਕੇ ਗੁਰੂ ਰਾਮ ਦਾਸ ਨੂੰ ਸਿਰ ਨਿਵਾ ਕੇ ਜੈਕਾਰੇ ਗਜਾਉਂਦੇ ਜਿਧਰੋਂ ਆਉਣ, ਉਧਰ ਹੀ ਹਰਨ ਹੋ ਜਾਣ। ਪਹਿਰੇਦਾਰ ਚੁਫੇਰੇ ਬਣਾਏ ਬੁਰਜਾਂ 'ਚੋਂ ਵਾਲੀਆਂ ਝਾੜਦੇ, ਸੌ ਸੌ ਜਤਨ ਕਰਦੇ, ਪਰ ਸਿੰਘਾਂ ਨੂੰ ਨਾ ਰੋਕ ਸਕੇ। ਵੈਰੀ ਨੂੰ ਉਹ ਤੁੱਛ ਸਮਝਦੇ ਸਨ ਤੇ ਮੌਤ ਦਾ ਉਨ੍ਹਾਂ ਨੂੰ ਕੋਈ ਭੈ ਨਹੀਂ ਸੀ।

ਯਾਦ ਰਹੇ ਕਿ ਕਾਜ਼ੀ ਅਬਦੁੱਰਜ਼ਾਕ ਨੇ ਸਰੋਵਰ ਦੇ ਚੁਫੇਰੇ ਚਾਰ ਬੁਰਜ ਉਸਾਰ ਕੇ ਵਿਚ ਬੰਦੂਕਾਂ ਦੇ ਕੇ ਚੰਗੇ ਨਿਸ਼ਾਨਚੀ ਪਹਿਰੇਦਾਰ ਬਿਠਾ ਦਿਤੇ ਸਨ, ਤਾਕਿ ਕੋਈ ਦਰਸ਼ਨ ਇਸ਼ਨਾਨ ਨੂੰ ਆਇਆ ਸਿੰਘ ਬਚ ਕੇ ਨਾ ਜਾਵੇ। ਇਹ ਪ੍ਰਬੰਧ ਪੱਕਾ ਕਰ ਕੇ ਸਿੰਘਾਂ ਨੂੰ ਅਖਵਾ ਭੇਜਿਆ ਸੀ ਕਿ ਜੇ ਸਿੰਘ ਹੋ ਤਾਂ ਹੁਣ ਇਸ਼ਨਾਨ ਕਰ ਕੇ ਵਿਖਾਓ, ਨਹੀਂ ਤਾਂ ਆਪਣੇ ਆਪ ਨੂੰ ਗਿੱਦੜ ਅਖਵਾਓ। ਸੁੱਖਾ ਸਿੰਘ ਮਾੜੀ ਕੰਬੋਕੀ ਤੇ ਥਰਾਜ ਸਿੰਘ (ਭਾਈ ਮਨੀ ਸਿੰਘ ਦਾ ਭਤੀਜਾ) ਨੇ ਸਿੰਘਾਂ ਵਲੋਂ ਜਵਾਬ ਘਲਵਾਇਆ ਕਿ ਅਸੀਂ ਦਿਨ-ਦੀਵੀਂ ਸਣ-ਕੇਸੀਂ ਇਸ਼ਨਾਨ ਨਾ ਕਰੀਏ ਤਾਂ ਅਸੀਂ ਵਾਕਿਆ ਹੀ ਗਿੱਦੜ ਅਖਵਾਵਾਂਗੇ ਤੇ ਜੇ ਤੂੰ ਤੇ ਤੇਰੀ ਫ਼ੌਜ ਡੱਕ ਨਾ ਸਕੀ ਤਾਂ ਤੁਸੀਂ ਗਿੱਦੜਾਂ ਦੀ ਪੱਕੀ ਔਲਾਦ ਸਮਝਿਓ ਆਪਣੇ ਆਪ ਨੂੰ। ਇਸ ਚਨੌਤੀ 'ਤੇ ਪਹਿਰੇ ਹੋਰ ਪੱਕੇ ਕਰ ਦਿਤੇ ਗਏ। ਸੁਖਾ ਸਿੰਘ ਤੇ ਥਰਾਜ ਸਿੰਘ ਨੇ ਤੁਰਕਮਾਨਾਂ ਵਾਲਾ ਭੇਸ ਬਣਾਇਆ। ਮੰਜੀ ਸਾਹਿਬ ਵਲੋਂ ਘੋੜੇ ਅੰਦਰ ਵਾੜ ਕੇ ਸਰੋਵਰ ਵਿਚ ਸੁਟੇ[੧], ਟੁਭੇ ਲਾਏ ਤੇ ਫਿਰ ਸਿਰ ਦੇ

---

੧. ਨੋਟ: ਸੰਭਵ ਹੈ ਕਿ ਕਈ ਪਾਠਕ ਕਿੰਤੂ ਕਰਨ ਕਿ ਸਿੰਘ ਘੋੜੇ ਕਿਵੇਂ ਸਰੋਵਰ ਵਿਚ ਸੁੱਟ ਲੈਂਦੇ ਸਨ। ਅੱਜ ਵੀ ਕਈ ਵਡੇਰੀ ਉਮਰ ਦੇ ਬਜ਼ੁਰਗ ਜੀਊਂਦੇ ਹੋਣਗੇ, ਜਿਨ੍ਹਾਂ ਨੂੰ ਪਤਾ ਹੈ ਕਿ ਮੰਜੀ ਸਾਹਿਬ ਵਾਲਾ ਰਸਤਾ ਜਿਥੋਂ ਪ੍ਰਕਰਮਾ ਵਿਚ ਉਤਰਦਾ ਹੈ, ਉਸ ਦੇ ਸਾਹਮਣੇ ☛

ਕੇਸ ਵੀ ਖੋਲ੍ਹ ਲਏ ਕਿ ਕਿਸੇ ਨੂੰ ਸ਼ੱਕ ਨਾ ਰਹੇ। ਪਹਿਰੇਦਾਰਾਂ ਪਹਿਲਾਂ ਤਾਂ ਸਮਝਿਆ ਕਿ ਤੁਰਕਮਾਨ ਸਵਾਰ ਗਰਮੀ ਤੋਂ ਆਤਰ ਹੋ ਕੇ ਗੁਸਲ ਕਰ ਰਹੇ ਹਨ। ਦੋਹਾਂ ਸੂਰਮਿਆਂ ਬਾਹਰ ਨਿਕਲ ਕੇ ਜੈਕਾਰਾ ਗਜਾਇਆ ਤੇ ਲਲਕਾਰ ਕੇ ਆਖਿਆ, "ਕਾਜ਼ੀ ਗਿੱਦੜਾ, ਸਿੰਘ ਇਸ਼ਨਾਨ ਕਰ ਕੇ ਜਾ ਰਹੇ ਹਨ।" ਗੋਲੀਆਂ ਦਾਗ਼ੀਆਂ, ਤਲਵਾਰਾਂ ਧੂਹ ਕੇ ਉਨ੍ਹਾਂ ਨੂੰ ਪਏ, ਪਰ ਉਹ ਮਾਰਦੇ ਕਟਦੇ ਨਿਕਲ ਗਏ ਤੇ ਕਹਿ ਗਏ, ਅਸੀਂ ਨਿਤ ਆਇਆ ਕਰਾਂਗੇ, ਵੱਡੇ ਗਿੱਦੜ ਨੂੰ ਕਹਿਓ ਕਿ ਜ਼ਰਾ ਕਾਇਮ ਰਹੇ। ਸਿੰਘਾਂ ਵਿਚ ਵੀ ਗੱਲ ਫੈਲ ਗਈ ਕਿ ਜੋ ਐਸ ਹਾਲਤ ਵਿਚ ਇਸ਼ਨਾਨ ਨਾ ਕਰੇ, ਉਹ ਸਿੰਘ ਹੀ ਨਹੀਂ। ਸਿੰਘ ਜਾਨ ਤਲੀ 'ਤੇ ਧਰ ਕੇ ਆਉਂਦੇ, ਕਈ ਮਾਰ ਕੇ ਆਪ ਵੀ ਲੇਖੇ ਲੱਗੇ, ਕਈ ਜ਼ਖ਼ਮੀ ਹੋ ਕੇ ਨਿਕਲ ਵੀ ਗਏ, ਪਰ ਇਸ਼ਨਾਨ ਤੋਂ ਵਾਂਝੇ ਨਾ ਰਹੇ। ਸ਼ਮਾਅ ਜਲੇ ਤੇ ਪਤੰਗਾ ਰੁਕ ਜਾਵੇ, ਅਨਹੋਣੀ ਗੱਲ ਹੈ। ਸੂਰਮਿਆਂ ਦੇ ਸਿਰਾਂ ਨਾਲ ਦਾਈਏ ਹੁੰਦੇ ਹਨ, ਸੋ ਸਿੰਘਾਂ ਕਰ ਵਿਖਾਈ। ਜਾਨ ਪਿਆਰੀ ਕੀਤਿਆਂ ਆਣ ਦੀ ਅਜ਼ਮਾਇਸ਼ 'ਚੋਂ ਪਾਸ ਨਹੀਂ ਹੋਇਆ ਜਾਂਦਾ। ਗੁਰੂ ਮਹਾਰਾਜ ਲਈ ਸਿਖ ਸਭ ਕੁਝ ਨਿਛਾਵਰ ਕਰ ਦੇਂਦਾ ਹੈ।

> **ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥**
> **ਇਤੁ ਮਾਰਗਿ ਪੈਰੁ ਧਰੀਜੈ॥ ਸਿਰੁ ਦੀਜੈ ਕਾਣਿ ਨ ਕੀਜੈ॥੨੦॥**

(ਪੰਨਾ ੧੪੧੨)

ਅਨੁਸਾਰ ਹਰਿ ਕੇ ਦੁਆਰ ਸ਼ਹੀਦ ਹੋਣ ਨੂੰ ਉਹ ਧੰਨ ਭਾਗ ਸਮਝਦੇ ਸਨ। ਸਰੋਵਰ ਦੇ ਚੁਫੇਰੇ ਮੌਤ ਦੇ ਸਾਹਮਣੇ ਦਿਖਾਈ ਜਾਣ ਵਾਲੀ ਦਲੇਰੀ, ਅਥਾਹ ਧਾਰਮਿਕ ਜਜ਼ਬੇ ਤੇ ਆਪਣੇ ਸਤਿਗੁਰੂ ਦੇ ਦੁਆਰੇ ਕੁਰਬਾਨ ਹੋਣ ਲਈ ਸਪਿਰਿਟ ਦਾ ਜ਼ਿਕਰ ਜਾਨ ਮੈਲਕਮ ਨੇ ਆਪਣੀ ਪ੍ਰਸਿਧ ਪੁਸਤਕ *ਸਕੈੱਚ ਆਫ਼ ਦੀ ਸਿਖਸ* ਵਿਚ ਇਸ ਪ੍ਰਕਾਰ ਕੀਤਾ ਹੈ:

> "ਕੁਝ ਲੁਕ ਛੁਪ ਕੇ ਯਾਤਰਾ ਕਰਦੇ ਸਨ, ਕੁਝ ਭੇਸ ਬਦਲ ਕੇ। ਪਰ ਇਕ ਮੁਸਲਮਾਨ ਸਮਕਾਲੀ ਲਿਖਾਰੀ ਅਨੁਸਾਰ, ਸਿਖ ਘੋੜ-ਚੜ੍ਹੇ ਆਮ ਤੌਰ 'ਤੇ ਪੂਰੀ ਰਫ਼ਤਾਰ ਨਾਲ ਆਪਣੇ ਧਰਮ-ਮੰਦਰ (ਸ੍ਰੀ ਹਰਿਮੰਦਰ ਸਾਹਿਬ)

☛ ਗਊ-ਘਾਟ ਬਣਿਆ ਸੀ, ਜੋ ਪਿਛੋਂ ਬੰਦ ਕਰ ਕੇ ਅਜੋਕਾ ਰੂਪ ਦੇ ਦਿੱਤਾ ਗਿਆ ਸੀ। ਘੋੜੇ ਇਸ ਪਾਸਿਓਂ ਹੀ ਸਿੰਘਾਂ ਸਰੋਵਰ ਵਿਚ ਸੁਟੇ ਸਨ।

ਵਲ ਘੋੜੇ ਭਜਾਈ ਜਾਂਦੇ ਵੇਖੀਦੇ ਸਨ। ਕਈ ਵਾਰੀ ਉਹ ਇਸ ਜਤਨ ਵਿਚ ਮਾਰੇ ਜਾਂਦੇ ਸਨ ਅਤੇ ਕਈ ਫੜੇ ਜਾਂਦੇ ਸਨ, ਪਰ ਅਜਿਹੇ ਮੌਕੇ 'ਤੇ ਉਹ ਜਾਨ ਬਚਾਉਣ ਨਾਲੋਂ ਸ਼ਹੀਦੀ ਦਾ ਤਾਜ ਪ੍ਰਾਪਤ ਕਰਨ ਦੀ ਇੱਛਾ ਕਰਦੇ ਸਨ।"

ਅਤੇ ਉਹੀ ਲਿਖਾਰੀ ਲਿਖਦਾ ਹੈ:

"ਅਜਿਹੀ ਕੋਈ ਮਿਸਾਲ ਨਹੀਂ ਮਿਲਦੀ ਕਿ ਅੰਮ੍ਰਿਤਸਰ ਨੂੰ ਜਾਂਦੇ ਫੜੇ ਗਏ ਕਿਸੇ ਇਕ ਭੀ ਸਿਖ ਨੇ ਆਪਣਾ ਧਰਮ ਤਿਆਗਣਾ ਪ੍ਰਵਾਨ ਕੀਤਾ ਹੋਵੇ।"[੧]

---

੧. ਜਾਨ ਮੈਲਕਮ—*ਸਕੈੱਚ ਆਫ਼ ਦੀ ਸਿਖਸ* (੧੯੧੨) ਸਫ਼ਾ ੮੮, ਡਾ. ਗੰਡਾ ਸਿੰਘ—ਸਰਦਾਰ ਜੱਸਾ ਸਿੰਘ ਆਹਲੂਵਾਲੀਆ ਸਫ਼ਾ ੪੧ ਫੁਟਨੋਟ ਦਾ ਪੰਜਾਬੀ ਰੂਪ।

ਭਾਈ ਮਨੀ ਸਿੰਘ ਜੀ ਦੀ ਸ਼ਹੀਦੀ

ਦਸਮੇਸ਼ ਜੀ ਨੇ ਅਨੰਦਪੁਰ ਸਾਹਿਬ ਛਡਣ ਤੋਂ ਪਹਿਲਾਂ ਆਪਣੇ ਦੋਵੇਂ ਮਹਿਲਾਂ (ਮਾਤਾ ਸੁੰਦਰੀ ਜੀ ਤੇ ਮਾਤਾ ਸਾਹਿਬ ਦੇਵਾਂ ਜੀ) ਨੂੰ ਭਾਈ ਮਨੀ ਸਿੰਘ ਜੀ ਨਾਲ ਦਿੱਲੀ ਨੂੰ ਤੋਰ ਦਿਤਾ ਸੀ। ਦਮਦਮਾ ਸਾਹਿਬ ਵਿਖੇ ਮਿਲਾਪ ਤੋਂ ਬਾਅਦ ਮਾਤਾ ਸੁੰਦਰੀ ਜੀ ਤਾਂ ਦਿੱਲੀ ਆ ਗਏ ਸਨ, ਪਰ ਮਾਤਾ ਸਾਹਿਬ ਦੇਵਾਂ ਨਾਂਦੇੜ ਤਕ ਦਸਮੇਸ਼ ਜੀ ਦੇ ਨਾਲ ਗਏ। ਜਿਥੋਂ ਸ਼ਹਾਦਤ ਤੋਂ ਕੁਝ ਸਮਾਂ ਪਹਿਲਾਂ ਇਨ੍ਹਾਂ ਨੂੰ ਵਾਪਸ ਦਿੱਲੀ ਹੀ ਭੇਜ ਦਿਤਾ ਸੀ। ਭਾਈ ਮਨੀ ਸਿੰਘ ਜੀ ਮਾਤਾ ਸੁੰਦਰੀ ਜੀ ਦੇ ਨਾਲ ਹੀ ਦਿੱਲੀ ਆ ਗਏ ਸਨ।

ਮਾਤਾ ਸੁੰਦਰੀ ਜੀ ਦਿੱਲੀ ਹੀ ਸਨ ਜਦ ਬੰਦਾ ਸਿੰਘ ਬਹਾਦਰ ਨੂੰ ਉਸ ਦੇ ਸਾਥੀਆਂ ਸਮੇਤ ਇਥੇ ਲਿਆ ਕੇ ਸ਼ਹੀਦ ਕੀਤਾ ਗਿਆ ਸੀ।

ਬੰਦਾ ਸਿੰਘ ਪਿਛੋਂ ਆਪਸੀ ਵਿਰੋਧ ਦੀਆਂ ਕੁਝ ਤ੍ਰੇੜਾਂ ਪੈਣ ਲੱਗ ਪਈਆਂ ਤੇ ਗੱਲ ਫਿਰ ਏਨੀ ਵਧੀ ਕਿ ਦੋ ਧੜੇ ਬਣ ਗਏ—ਇਕ ਤੱਤ ਖ਼ਾਲਸਾ ਤੇ ਦੂਜਾ ਬੰਦਈ ਸਿੰਘਾਂ ਦਾ। ਜੇ ਕੋਈ ਬਲਵਾਨ ਤੇ ਸਿਆਣਾ ਆਗੂ ਸਿਰ 'ਤੇ ਹੁੰਦਾ ਤਾਂ ਇਹ ਪਾੜਾ ਨਾ ਵਧਦਾ, ਜਿਸ ਦਾ ਅੰਤ ਇਕ ਦੁਖਾਂਤ ਦੇ ਰੂਪ ਵਿਚ ਹੋਇਆ।

ਮਾਤਾ ਸੁੰਦਰੀ ਜੀ ਨੇ ਇਸ ਅਜੋੜ ਨੂੰ ਮੇਟਣ ਲਈ ਤੇ ਪੰਥ ਦੀ ਯੋਗ ਅਗਵਾਈ ਵਾਸਤੇ ਭਾਈ ਮਨੀ ਸਿੰਘ ਜੀ ਨੂੰ ਸ੍ਰੀ ਅੰਮ੍ਰਿਤਸਰ ਭੇਜ ਦਿਤਾ ਕਿ ਸਿੰਘਾਂ ਵਿਚ ਸੁਲਹ-ਸਫ਼ਾਈ ਕਰਾ ਕੇ ਮਿਲਾਪ ਰਖਿਆ ਜਾਵੇ ਤੇ ਫੁਟ ਨੂੰ ਰੋਕਿਆ ਜਾਵੇ। ਦਰਬਾਰ ਸਾਹਿਬ ਦਾ ਚੜ੍ਹਾਵਾ ਦਿੱਲੀ ਭੇਜਣ ਦੀ ਥਾਂ ਉਥੇ ਰਖ ਕੇ ਲੰਗਰ 'ਚ ਲਾਇਆ ਜਾਵੇ, ਉਸਾਰੀ ਤੇ ਗ਼ਰੀਬਾਂ ਦੀ ਸਹਾਇਤਾ ਲਈ ਵਰਤਿਆ ਜਾਵੇ। ਭਾਈ ਸਾਹਿਬ ਜੀ ਨੇ ਇਨ੍ਹਾਂ ਆਦੇਸ਼ਾਂ ਨੂੰ ਇਨ-ਬਿਨ ਪੂਰੀ ਤਰ੍ਹਾਂ ਨਿਭਾਇਆ।

ਦਿੱਲੀਓਂ ਆ ਕੇ ਸ਼ਹਾਦਤ ਤਕ, ਕਥਾ ਕੀਰਤਨ ਤੇ ਅੰਮ੍ਰਿਤ-ਸਿੰਚਾਰ ਦੀ ਸੇਵਾ ਵਿਚ ਜੁਟੇ ਰਹੇ ਤੇ ਸਿੰਘਾਂ ਦੀ ਯਥਾ ਯੋਗ ਧਾਰਮਿਕ ਅਗਵਾਈ ਕਰਦੇ ਰਹੇ। ਭਾਈ ਸਾਹਿਬ ਜੀ ਦਸਮੇਸ਼ ਜੀ ਤੋਂ ਵਰੋਸਾਇ ਹੋਏ ਸਨ ਤੇ ਉਨ੍ਹਾਂ ਦੀ ਹਜ਼ੂਰੀ ਵਿਚ ਕਾਫ਼ੀ ਸਮਾਂ ਰਹਿ ਚੁਕੇ ਸਨ, ਇਸ ਲਈ ਖ਼ਾਲਸਾ ਪੰਥ ਵਿਚ ਇਨ੍ਹਾਂ ਨੂੰ ਸਤਿਕਾਰ ਨਾਲ ਵੇਖਿਆ ਜਾਂਦਾ ਸੀ। ਇਨ੍ਹਾਂ ਦੀ ਜਥੇਦਾਰੀ ਵਿਚ ਅੰਮ੍ਰਿਤ ਛਕਣਾ ਸਿੰਘਾਂ ਵਿਚ ਬੜੇ ਮਾਣ ਵਾਲੀ ਗੱਲ ਸਮਝੀ ਜਾਂਦੀ ਸੀ। ਮੁਗ਼ਲ ਸਰਕਾਰ ਦੇ ੧੭੩੩ ਤਕ ਦੇ ਭਿਆਨਕ ਸਮੇਂ ਵਿਚ ਵੀ ਇਨ੍ਹਾਂ ਨੂੰ ਕਿਸੇ ਕੁਝ ਨਹੀਂ ਸੀ ਕਿਹਾ।

ਜਦ ਅਤੀ ਕਹਿਰ ਦਾ ਸਮਾਂ ਆਇਆ ਤਾਂ ਉਹ ਭੇਸ ਬਦਲ ਕੇ ਦਰਬਾਰ ਸਾਹਿਬ ਦੀ ਸੇਵਾ ਲਈ ਪਹਿਲਾਂ ਵਾਂਗ ਹੀ ਉਥੇ ਟਿਕੇ ਰਹੇ। ਮਿੱਠਾ ਸੁਭਾਅ, ਮਿੱਠੀ ਬੋਲੀ, ਹਰ ਇਕ ਨਾਲ ਪਿਆਰ ਭਰਿਆ ਇਕੋ ਜਿਹਾ ਸਲੂਕ ਤੇ ਕਿਸੇ ਵੀ ਕਿਸਮ ਦੀ ਮੇਰ-ਤੇਰ ਨਾ ਹੋਣ ਕਰਕੇ ਕੁਝ ਉਦਾਸੀ, ਹਿੰਦੂ ਸਾਧੂ ਤੇ ਮੁਸਲਮਾਨ ਸੂਫ਼ੀ ਫ਼ਕੀਰ ਵੀ ਇਨ੍ਹਾਂ ਨਾਲ ਟਿਕੇ ਹੋਏ ਸਨ, ਜਿਸ ਕਰਕੇ ਇਨ੍ਹਾਂ ਉਤੇ ਕਿਸੇ ਨੂੰ ਕੋਈ ਸ਼ੱਕ ਨਾ ਪਿਆ। ਇਨ੍ਹਾਂ ਦਾ ਉੱਚਾ ਸੁੱਚਾ ਆਚਰਨ ਤੇ ਸਾਧੂ ਸੁਭਾਉ ਹਰ ਇਕ ਨੂੰ ਆਪਣੇ ਵਲ ਆਕਰਸ਼ਿਤ ਕਰਦਾ ਸੀ। ਇਸ ਲਈ ਸ਼ਹਿਰ ਵਿਚ ਬੜੇ ਹੀ ਹਰਮਨ ਪਿਆਰੇ ਹੋ ਗਏ ਸਨ। ਇਥੋਂ ਤਕ ਕਿ ਕਾਜ਼ੀ ਅਬਦੁੱਰਜ਼ਾਕ ਤੇ ਮੁਹੰਮਦ ਬਖ਼ਸ਼ ਖ਼ਾਨ ਵੀ ਇਨ੍ਹਾਂ ਦਾ ਬੜਾ ਸਤਿਕਾਰ ਕਰਦੇ ਸਨ।

ਜ਼ਕਰੀਆ ਖ਼ਾਨ ਨੇ ਅੰਮ੍ਰਿਤਸਰ ਵਿਖੇ ਦੀਵਾਲੀ ਦਾ ਮੇਲਾ ਕੁਝ ਸਮੇਂ ਤੋਂ ਬੰਦ ਕੀਤਾ ਹੋਇਆ ਸੀ। ਭਾਈ ਸਾਹਿਬ ਜੀ ਨੇ ਕਾਜ਼ੀ ਨਾਲ ਚੰਗੀ ਰਸਾਈ ਪੈਦਾ ਕਰ ਕੇ ਲਾਹੌਰੋਂ ਇਹ ਇਜਾਜ਼ਤ ਲੈ ਲਈ ਕਿ ਸਿੰਘਾਂ ਨੂੰ ਇਸ ਸਾਲ ਦੀਵਾਲੀ ਦਾ ਮੇਲਾ ਲਾ ਲੈਣਾ ਦਿਤਾ ਜਾਏ। ਮੇਲੇ ਵਿਚ ਪੂਰਾ ਅਮਨ-ਅਮਾਨ ਰਹੇਗਾ ਤੇ ਮੇਲੇ ਤੋਂ ਅਗਲੇ ਦਿਨ ਸਿੰਘ ਚੁਪ ਚਾਪ ਵਾਪਸ ਚਲੇ ਜਾਣਗੇ, ਕੋਈ ਮਾੜੀ ਘਟਨਾ ਨਹੀਂ ਵਾਪਰੇਗੀ। ਖ਼ਾਨ ਬਹਾਦਰ ਨੇ ਇਜਾਜ਼ਤ ਤਾਂ ਦੇ ਦਿਤੀ, ਪਰ ਨਾਲ ਹੀ ਇਹ ਸ਼ਰਤ ਵੀ ਲਾ ਦਿਤੀ ਕਿ ਮੇਲੇ ਤੋਂ ਬਾਅਦ ਉਹ ਦਸ ਹਜ਼ਾਰ ਰੁਪਏ ਮੇਲੇ ਦੇ ਟੈਕਸ ਵਜੋਂ ਖ਼ਜ਼ਾਨੇ ਵਿਚ ਜਮਾ ਕਰਾਉਣ। ਭਾਈ ਮਨੀ ਸਿੰਘ ਜੀ ਦਾ ਵਿਚਾਰ ਸੀ ਕਿ ਮੇਲੇ ਦੀ ਚੜ੍ਹਤ 'ਚੋਂ ਇਹ ਰਕਮ ਭਰਨੀ ਔਖੀ ਨਹੀਂ ਹੋਵੇਗੀ। ਇਸ ਲਈ ਭਾਈ ਸਾਹਿਬ ਨੇ ਦੂਰ ਨੇੜੇ, ਥਾਉਂ ਥਾਈਂ ਖ਼ਾਲਸੇ ਨੂੰ ਮੇਲੇ 'ਤੇ ਆਉਣ ਲਈ ਸੱਦੇ ਫੇਰ ਦਿਤੇ। ਕਈ ਸਾਲਾਂ ਤੋਂ ਦਰਬਾਰ ਸਾਹਿਬ ਦੇ ਖੁਲ੍ਹੇ

ਦਰਸ਼ਨ ਦੀਦਾਰ ਤੇ ਇਸ਼ਨਾਨ ਨੂੰ ਤਰਸਦੇ ਸਿੰਘ ਹੁਮ ਹੁਮਾ ਕੇ ਵਹੀਰਾਂ ਘਤ ਤੁਰੇ। ਇਸ ਹੋਣ ਵਾਲੇ ਬੇ-ਸ਼ੁਮਾਰ ਇਕੱਠ ਦੀਆਂ ਖ਼ਬਰਾਂ ਲਾਹੌਰ ਵੀ ਅੱਪੜ ਗਈਆਂ। ਕਾਜ਼ੀ ਅਬਦੁੱਰਜ਼ਾਕ ਨੇ ਸੁਰੱਖਿਆ ਪ੍ਰਬੰਧ ਲਈ ਕੁਝ ਫ਼ੌਜ ਅਗਾਊਂ ਹੀ ਮੰਗ ਘੱਲੀ। ਜ਼ਕਰੀਆ ਖ਼ਾਨ ਦੀ ਨੀਅਤ ਅੰਦਰੋਂ ਸ਼ਾਇਦ ਪਹਿਲਾਂ ਹੀ ਮੰਦੀ ਸੀ, ਇਸ ਮੌਕੇ ਨੂੰ ਤਾੜ ਕੇ ਕਿ ਮੇਲੇ ਉਤੇ ਬੜੇ ਬੜੇ ਨਾਮੀ ਸਿੰਘ ਸਰਦਾਰ ਇਕੱਠੇ ਹੋਣਗੇ, ਜਿਨ੍ਹਾਂ ਨੂੰ ਇਥੇ ਘੇਰ ਕੇ ਮਾਰ ਮੁਕਾਉਣਾ ਸੌਖਾ ਹੋਵੇਗਾ। ਸੋ ਮੇਲੇ ਦੇ ਬੰਦੋਬਸਤ ਦੇ ਬਹਾਨੇ ਕਾਫ਼ੀ ਫ਼ੌਜ ਸ੍ਰੀ ਅੰਮ੍ਰਿਤਸਰ ਵਿਖੇ ਭੇਜ ਦਿਤੀ।

ਦੂਜੇ ਪਾਸੇ ਬੇ-ਵਜਹ ਫ਼ੌਜ ਦੇ ਇਕੱਠੇ ਹੋਣ ਦਾ ਸਿੰਘਾਂ ਨੂੰ ਸ਼ੱਕ ਪੈ ਗਿਆ। ਸਿੰਘ ਸਾਹਿਬ ਭਾਈ ਮਨੀ ਸਿੰਘ ਨੇ ਆਪਣੇ ਆਦਮੀ ਭੇਜ ਕੇ ਸ੍ਰੀ ਅੰਮ੍ਰਿਤਸਰ ਨੂੰ ਆ ਰਹੇ ਸਿੰਘਾਂ ਨੂੰ ਰਾਹਾਂ ਵਿਚ ਰੋਕ ਕੇ ਵਾਪਸ ਮੋੜ ਦਿਤਾ ਤੇ ਮੇਲਾ ਨਾ ਭਰ ਸਕਿਆ। ਸਿਰਫ਼ ਸੌ ਪੰਜਾਹ ਉਦਾਸੀ ਸਾਧੂ ਨਿਰਮਲੇ ਤੇ ਫ਼ਕੀਰ ਹੀ ਇਕੱਠੇ ਹੋਏ। ਕੋਈ ਆਮਦਨੀ ਨਾ ਹੋਣ ਕਰਕੇ ਟੈਕਸ (ਮੇਲੇ ਦਾ ਠੇਕਾ) ਨਾ ਤਰ ਸਕਿਆ।

ਖ਼ਾਨ ਬਹਾਦਰ ਨੇ ਆਪਣੇ ਮਨ ਦੀ ਮੰਦ ਭਾਵਨਾ, ਜਿਸ ਕਰਕੇ ਮੇਲਾ ਨਾ ਲੱਗ ਸਕਿਆ, ਨੂੰ ਤਾਂ ਨਾ ਵਿਚਾਰਿਆ, ਪਰ ਠੇਕੇ ਦੀ ਰਕਮ ਲਈ ਬੜੀ ਤਅੱਦੀ ਦਿਤੀ। ਭਾਈ ਸਾਹਿਬ ਨੇ ਉੱਤਰ ਭੇਜਿਆ ਕਿ ਜਦ ਤੁਸਾਂ ਫ਼ੌਜ ਭਿਜਵਾ ਕੇ ਮੇਲਾ ਹੀ ਨਹੀਂ ਲੱਗਣ ਦਿਤਾ, ਆਮਦਨ ਹੋਈ ਕੋਈ ਨਹੀਂ, ਟੈਕਸ ਕਿਥੋਂ ਦਿਤਾ ਜਾਵੇ। ਸੂਬੇਦਾਰ, ਜੋ ਅੱਗੇ ਹੀ ਖੁਣਸ ਖਾਈ ਬੈਠਾ ਸੀ, ਇਸ 'ਤੇ ਲੋਹਾ ਲਾਖਾ ਹੋ ਗਿਆ। ਕਾਜ਼ੀ ਅਬਦੁੱਰਜ਼ਾਕ ਨੂੰ ਹੁਕਮ ਦੇ ਕੇ ਭਾਈ ਸਾਹਿਬ ਨੂੰ ਫੜ ਲਾਹੌਰ ਮੰਗਵਾਇਆ। ਟੈਕਸ ਦੀ ਰਕਮ ਪੁੱਛਣ 'ਤੇ ਜਦ ਪਹਿਲਾਂ ਵਾਲਾ ਜੁਆਬ ਮਿਲਿਆ ਤਾਂ ਉਨ੍ਹਾਂ 'ਤੇ ਵਾਇਦਾ-ਖ਼ਿਲਾਫ਼ੀ ਦਾ ਦੋਸ਼ ਲਾ ਕੇ ਮੁਫ਼ਤੀ ਤੋਂ ਫ਼ਤਵਾ ਮੰਗਿਆ, ਜਿਸ ਨੇ ਜੋੜ ਜੋੜ ਕਟ ਕੇ ਕਤਲ ਕਰਨ ਦੀ ਸਜ਼ਾ ਸੁਣਾਉਂਦਿਆਂ ਕਿਹਾ ਕਿ ਇਸਲਾਮ ਕਬੂਲ ਕਰ ਲੈਣ ਨਾਲ ਜਾਨ ਬਚ ਸਕਦੀ ਹੈ ਤੇ ਆਦਰ ਸਤਿਕਾਰ ਵਾਲਾ ਜੀਵਨ ਜੀਊ ਸਕਦੇ ਹੋ। ਭਾਈ ਸਾਹਿਬ ਨੇ ਇਸਲਾਮ ਕਬੂਲ ਕਰਨ ਤੋਂ ਸਾਫ਼ ਇਨਕਾਰ ਕਰਦਿਆਂ ਕਿਹਾ, "ਜੋ ਜੀਅ ਵਿਚ ਆਵੇ ਕਰ ਲਵੋ, ਧਰਮ ਹਾਰ ਕੇ ਲਈ ਜ਼ਿੰਦਗੀ ਧ੍ਰਿਗ ਹੈ।" ਤੀਜਾ ਹੁਕਮ ਮਿਲਣ ਤਕ ਭਾਈ ਸਾਹਿਬ ਜੀ ਨੂੰ ਜੇਲ੍ਹ ਵਿਚ ਡੱਕ ਦਿਤਾ ਗਿਆ। ਲਾਹੌਰ ਦੀਆਂ ਸਿੱਖਾਂ ਨੇ ਟੈਕਸ ਵਾਲੀ ਰਕਮ ਤਾਰ ਕੇ ਉਨ੍ਹਾਂ ਨੂੰ ਛੁਡਾਉਣਾ ਚਾਹਿਆ, ਪਰ ਉਨ੍ਹਾਂ ਨੇ ਇਹ ਕਹਿ

ਕੇ ਰੋਕ ਦਿਤਾ ਕਿ ਜ਼ੁਲਮ ਤੇ ਬੇ-ਇਨਸਾਫ਼ੀ ਦੀ ਅੱਗ ਨੂੰ ਕੁਰਬਾਨੀ ਨਾਲ ਹੀ ਠੰਡਾ ਕੀਤਾ ਜਾ ਸਕਦੈ। ਇਹ ਸਿਰ ਇਨ੍ਹਾਂ ਦੇ ਲੇਖੇ ਹੀ ਲਾਉਣਾ ਹੈ। ਹਾੜ ਸੁਦੀ ਪੰਜ ਸੰਮਤ ੧੭੯੧ ਬਿਕਰਮੀ (੨੪ ਜੂਨ ੧੭੩੪ ਈ:) ਨੂੰ ਨਖ਼ਾਸ ਬਾਜ਼ਾਰ ਵਿਚ ਇਨ੍ਹਾਂ ਨੂੰ ਬੰਦ ਬੰਦ ਕੱਟ ਕੇ ਸ਼ਹੀਦ ਕਰ ਦਿਤਾ ਗਿਆ।[1] ਉਨ੍ਹਾਂ ਦੇ ਸਾਥੀਆਂ ਨੂੰ ਚਰਖੜੀਆਂ 'ਤੇ ਚਾੜ੍ਹ ਕੇ ਉਨ੍ਹਾਂ ਦੇ ਹੱਡ ਪਸਲੀਆਂ ਤੁੜਵਾ ਤੁੜਵਾ ਕੇ ਮਰਵਾ ਦਿਤਾ। ਇਸ ਤੋਂ ਵੱਡਾ ਕਹਿਰ ਜ਼ਕਰੀਆ ਖ਼ਾਨ ਨੇ ਇਹ ਢਾਹਿਆ ਕਿ ਕਾਜ਼ੀ ਅਬਦੁੱਰਜ਼ਾਕ ਨੂੰ ਹੁਕਮ ਦੇ ਕੇ ਸ੍ਰੀ ਦਰਬਾਰ ਸਾਹਿਬ ਦਾ ਸਰੋਵਰ ਲਿਦ, ਮਿੱਟੀ, ਮਲਬਾ ਤੇ ਡੰਗਰਾਂ ਦੇ ਹੱਡ ਚੰਮ ਵਿਚ ਸੁਟਵਾ ਕੇ ਪੂਰਨਾ ਸ਼ੁਰੂ ਕਰਾ ਦਿਤਾ। ਖ਼ਾਨ ਬਹਾਦਰ ਦੀ ਇਸ ਸਿਰੇ-ਦੀ-ਵਧੀਕੀ ਤੇ ਸ਼ਾਂਤੀ ਦੇ ਪੁੰਜ, ਸੰਤ ਸਰੂਪ ਤੇ ਸਰਬ ਸਾਂਝੇ ਭਾਈ ਮਨੀ ਸਿੰਘ ਦੀ ਅਤੀ ਬੇਦਰਦੀ ਨਾਲ ਕੀਤੀ ਇਸ ਸ਼ਹੀਦੀ ਨੇ ਖ਼ਾਲਸੇ ਨੂੰ ਰੋਹ ਚਾੜ੍ਹ ਦਿਤਾ। ਜਿਸ ਜਿਸ ਨੇ ਵੀ ਇਹ ਖ਼ਬਰਾਂ ਸੁਣੀਆਂ, ਬਦਲੇ ਦੀ ਅੱਗ ਨਾਲ ਉਸ ਦਾ ਖ਼ੂਨ ਉਬਲਣ ਲੱਗ ਪਿਆ।

---

੧. ਭਾਈ ਮਨੀ ਸਿੰਘ ਦੀ ਸ਼ਹੀਦੀ ਦੇ ਦਿਨ, ਮਹੀਨੇ, ਸਾਲ ਬਾਰੇ ਕੁਝ ਇਤਿਹਾਸਕਾਰਾਂ ਦੀਆਂ ਵਖ ਵਖ ਰਾਵਾਂ ਹਨ। ਰਤਨ ਸਿੰਘ ਭੰਗੂ ਨੇ ਸੰਮਤ ੧੭੯੪ (੧੭੩੭ ਈ:) ਦਿਤਾ ਹੈ ਤੇ ਕਿਹਾ ਹੈ ਕਿ ਇਹ ਉਸ ਨੇ ਆਪਣੇ ਪਿਤਾ ਤੋਂ ਸੁਣਿਆ ਸੀ। ਗਿਆਨੀ ਗਿਆਨ ਸਿੰਘ ਨੇ *ਤਵਾਰੀਖ਼ ਗੁਰੂ ਖ਼ਾਲਸਾ* (ਸ਼ਮਸ਼ੇਰ ਖ਼ਾਲਸਾ, ਪੰਨਾ ੭੪) ਵਿਚ ਮਿਤੀ ਮੱਘਰ ਸੁਦੀ ੫ ਸੰਮਤ ੧੭੯੫ (੫ ਦਸੰਬਰ ਸੰਨ ੧੭੩੮ ਈ:) ਦੱਸੀ ਹੈ। ਇਹ ਉਹ ਸਾਲ ਹੈ ਜਦ ਨਾਦਰ ਸ਼ਾਹ ਹਿੰਦੁਸਤਾਨ ਉਤੇ ਹੱਲਾ ਕਰਨ ਲਈ ਈਰਾਨੋਂ ਚਲ ਕੇ ਪਿਸ਼ਾਵਰ ਵੱਲ ਨੂੰ ਵਧਿਆ ਆ ਰਿਹਾ ਸੀ। ਉਹ ਅੱਧ ਨਵੰਬਰ ਵਿਚ ਕੂਚ ਕਰ ਕੇ ਦਸੰਬਰ ਦੇ ਅੰਤ ਤਕ ਇਥੇ ਪਹੁੰਚ ਚੁਕਿਆ ਜਾਪਦਾ ਹੈ। ਪਰ ਸਾਰੇ ਲਿਖਾਰੀ ਭਾਈ ਮਨੀ ਸਿੰਘ ਦੀ ਸ਼ਹਾਦਤ ਨੂੰ ਨਾਦਰ ਸ਼ਾਹ ਦੇ ਹੱਲੇ ਤੋਂ ਕਾਫ਼ੀ ਸਮਾਂ ਪਹਿਲਾਂ ਮੰਨਦੇ ਹਨ, ਇਸ ਲਈ ਸੰਮਤ ੧੭੯੫ ਕਿਸੇ ਵੀ ਸੂਰਤ ਵਿਚ ਠੀਕ ਨਹੀਂ ਹੋ ਸਕਦਾ। ਸਯੱਦ ਮੁਹੰਮਦ ਲਤੀਫ਼ ਨੇ *ਹਿਸਟਰੀ ਆਫ਼ ਲਾਹੌਰ*, ਪੰਨਾ ੧੬੨ ਅਤੇ ਨੂਰ ਅਹਿਮਦ ਚਿਸ਼ਤੀ ਨੇ *ਤਹਿਕੀਕਾਤਿ-ਚਿਸ਼ਤੀ* ਪੰਨਾ ੭੬੬ ਵਿਚ, ੧੧੪੦ ਹਿਜਰੀ (ਸੰਨ ੧੭੨੭ ਈ:) ਦਿਤਾ ਹੈ ਜੋ ਬਿਲਕੁਲ ਹੀ ਗ਼ਲਤ ਹੈ। ਇਸ ਤੋਂ ਬਿਨਾਂ ਕੁਝ ਹੋਰ ਗੁਆਹੀਆਂ ਹਨ। ਭਾਈ ਸੇਵਾ ਸਿੰਘ ਕ੍ਰਿਤ *ਸ਼ਹੀਦ ਬਿਲਾਸ* ਵਿਚ ਹਾੜ ਸੁਦੀ ਪੰਜ (੫) ਸੰਮਤ ੧੭੯੧ ਹੈ, ਜਿਸ ਦੀ ਪੁਸ਼ਟੀ ਕੋਇਰ ਸਿੰਘ ਕਲਾਲ ਲਿਖਤ *ਗੁਰ ਬਿਲਾਸ ਪਾਤਸ਼ਾਹੀ ੧੦* ਅਤੇ ਭਟ ਵਹੀ ਮੁਲਤਾਨੀ ਸਿੰਧੀ ਵਿਚ ਦੀਆਂ ਦੋ ਲਿਖਤਾਂ ਤੋਂ ਹੁੰਦੀ ਹੈ। ਦੇਖੋ ਗਰਜਾ ਸਿੰਘ ਸੰਪਾਦਿਤ *ਸ਼ਹੀਦ ਬਿਲਾਸ*, ਛੰਦ ੨੦੩ ਅਤੇ ਪੰਨਾ (ਭੂਮਿਕਾ) ੪੦-੪੧ [ਇਹ ਨੋਟ ਸ: ਜੱਸਾ ਸਿੰਘ ਆਹਲੂਵਾਲੀਆ ਕ੍ਰਿਤ ਡਾ. ਗੰਡਾ ਸਿੰਘ ਪੰਨਾ ੪੨ ਦੇ ਫ਼ੁਟ-ਨੋਟ ਤੋਂ ਧੰਨਵਾਦ ਸਹਿਤ ਲਿਆ ਗਿਆ ਹੈ।]

ਜਾਬਰਾਂ ਦੀ ਸੁਧਾਈ

ਭਲਾ ਖਾਲਸਾ ਏਡੇ ਵੱਡੇ ਜ਼ੁਲਮ ਸੁਣ ਕੇ ਕਿਵੇਂ ਚੁਪ ਰਹਿ ਸਕਦਾ ਸੀ। ਜਿਵੇਂ ਮੇਲ਼ੇ ਦੇ ਸੱਦੇ 'ਤੇ ਤਿਆਰ ਹੋ ਕੇ ਵਹੀਰਾਂ ਘਤ ਤੁਰੇ ਸਨ, ਉਂਜ ਹੀ ਫਟ-ਖਾਧੇ ਸ਼ੇਰ ਵਾਂਗ ਬੁਕਦੇ ਹੋਏ ਸ੍ਰੀ ਅੰਮ੍ਰਿਤਸਰ ਦੁਆਲੇ ਆਣ ਲਥੇ। ਪਹਿਲੇ ਹੱਲੇ ਹੀ ਕਾਜ਼ੀ ਅਬਦੁੱਰਜ਼ਾਕ ਦਾ ਕਜ਼ੀਆ ਮੁਕਾਇਆ, ਜਿਸ ਨੇ ਭਾਈ ਸਾਹਿਬ ਨੂੰ ਪਕੜ ਕੇ ਲਾਹੌਰ ਪਹੁੰਚਾਇਆ ਸੀ। ਉਸ ਦਾ ਸਿਰ ਭਾਈ ਮਨੀ ਸਿੰਘ ਦੇ ਭਤੀਜੇ ਅਘੜ ਸਿੰਘ ਨੇ ਵਢਿਆ। ਕਾਜ਼ੀ ਦੇ ਪਿੰਡ ਅਲੀਗੜ੍ਹ ਅੱਪੜ ਕੇ ਉਸ ਦਾ ਸਾਰਾ ਕੁਟੰਬ ਤਹਿ-ਤੇਗ ਕਰ ਦਿਤਾ। ਪਿੰਡ ਦਾ ਨਾਉਂ ਅਲੀਗੜ੍ਹ ਤੋਂ ਬਦਲ ਕੇ ਅਕਾਲ ਗੜ੍ਹ ਰਖਿਆ। ਜਿਸ ਮੁਫ਼ਤੀ ਨੇ ਭਾਈ ਸਾਹਿਬ ਦੇ ਵਿਰੁਧ ਫ਼ਤਵਾ ਦਿਤਾ ਸੀ, ਉਸ ਨੂੰ ਉਸ ਦੇ ਪਿੰਡ ਮੁਜ਼ੰਗੀਂ (ਲਾਹੌਰ ਦੇ ਨਾਲ ਹੀ ਦੱਖਣ ਲਹਿੰਦੇ ਵਿਚ, ਹੁਣ ਇਹ ਲਾਹੌਰ ਦਾ ਹਿੱਸਾ ਬਣ ਗਿਆ ਹੈ) ਜਾ ਕਾਬੂ ਕੀਤਾ। ਪਹਿਲਾਂ ਉਸ ਦੇ ਸਾਹਮਣੇ ਉਸ ਦਾ ਸਾਰਾ ਟੱਬਰ ਕੋਹ ਕੋਹ ਕੇ ਮਾਰਿਆ ਤੇ ਫਿਰ ਉਸ ਨੂੰ ਵੀ ਉਂਜ ਹੀ ਭੋਰਾ ਭੋਰਾ ਕੀਤਾ। ਗੁਰਦੁਆਰਾ ਸਾਹਿਬ ਛਡ ਕੇ ਸਾਰਾ ਪਿੰਡ ਸਾੜ ਫੂਕ ਦਿਤਾ। ਇਸ ਤੋਂ ਪਿਛੋਂ ਜਿਧਰ ਜਿਧਰ ਸਿੰਘਾਂ ਦੇ ਦਾਉ ਭਰੇ ਤੇ ਜੋ ਜ਼ਾਲਮ ਸਰਕਾਰੀ ਅਫ਼ਸਰ ਸਿੰਘਾਂ ਦੇ ਅੜਿੱਕੇ ਆਇਆ, ਸੋਧ ਦਿਤਾ ਗਿਆ। ਮੁਖ਼ਬਰਾਂ, ਚੁਗ਼ਲਾਂ, ਚੌਧਰੀਆਂ ਦੀ ਵੀ ਚੰਗੀ ਖ਼ਬਰ-ਸਾਰ ਲਈ। ਸਾਰੇ ਦੇਸ਼ ਵਿਚ ਅਫ਼ਰਾ-ਤਫ਼ਰੀ ਮੱਚ ਗਈ। ਇਹ ਦੇਖ ਕੇ ਖ਼ਾਨ ਬਹਾਦਰ ਨੇ ਗਸ਼ਤੀ ਫ਼ੌਜਾਂ ਨਾਲ ਦੂਸਰੀ ਹੋਰ ਫ਼ੌਜ ਮਿਲਾ ਕੇ ਸਿੰਘਾਂ ਦੇ ਮਗਰ ਪਾ ਦਿਤੀ। ਚੌਧਰੀਆਂ, ਨੰਬਰਦਾਰਾਂ ਤੇ ਮੁਖ਼ਬਰਾਂ ਆਦਿ ਸਰਕਾਰ ਦੇ ਖ਼ੈਰਖਾਹਾਂ ਨੂੰ ਸਖ਼ਤ ਪਕਿਆਈ ਕੀਤੀ ਗਈ ਕਿ ਸਿੰਘਾਂ ਨੂੰ ਮਾਰੋ ਜਾਂ ਸੂਹ ਦੇ ਕੇ ਫੜਵਾਓ ਤੇ ਸਰਕਾਰੋਂ ਇਨਾਮ ਪਾਓ। ਪਰ

ਸਿੰਘ ਹੁਣ ਕਾਫ਼ੀ ਹੁਸ਼ਿਆਰ ਹੋ ਚੁਕੇ ਸਨ। ਖਿੰਡ ਪੁੰਡ ਕੇ ਜੰਗਲਾਂ ਬੇਲਿਆਂ, ਛੰਭਾਂ ਤੇ ਪਹਾੜਾਂ ਵਿਚ ਜਾ ਛੁਪੇ। ਕਈਆਂ ਨੇ ਦਰਿਆਵਾਂ ਦੀਆਂ ਝਲਾਂ ਜਾ ਮੱਲੀਆਂ, ਬਹੁਤੇ ਸਤਲੁਜ ਟੱਪ ਕੇ ਮਾਲਵੇ ਵਲ ਸਰਕ ਗਏ।[1]

(੧੬)

ਮਾਲਵੇ ਵਿਚ ਸ. ਆਲਾ ਸਿੰਘ ਫੂਲਕੇ ਦੇ ਪੁੱਤਰ ਦੀ ਸਹਾਇਤਾ

ਸ: ਆਲਾ ਸਿੰਘ ਦੇ ਪੁੱਤਰ ਲਾਲ ਸਿੰਘ ਨੇ ਬਾਪ ਪਾਸੋਂ ਕੁਝ ਜਾਗੀਰ ਮੰਗੀ। ਬਾਪ ਨੇ ਕਿਹਾ ਕਿ ਜਦ ਬਾਹੀਂ ਜ਼ੋਰ ਹੋਵੇ ਤਾਂ ਮੰਗਣਾ ਸ਼ੋਭਦਾ ਨਹੀਂ। ਮੈਂ ਵਾਹਿਗੁਰੂ ਦੇ ਬਖ਼ਸ਼ੇ ਬਲ ਨਾਲ ਸਭ ਕੁਝ ਬਣਾਇਆ ਹੈ, ਮੈਨੂੰ ਕਿਸੇ ਤੋਂ ਮੰਗਣ ਦੀ ਲੋੜ ਨਹੀਂ ਪਈ। ਸਿੰਘ ਸਰਦਾਰ ਹੈਂ, ਹਿੰਮਤ ਕਰ ਕੇ ਦੁਨੀਆ ਵਿਚ ਆਪਣੀ ਥਾਂ ਬਣਾ ਲੈ।

ਓਹਨੀਂ ਦਿਨੀਂ ਦਲ ਖ਼ਾਲਸਾ ਦਾ ਬੜਾ ਵੱਡਾ ਹਿੱਸਾ ਨਵਾਬ ਕਪੂਰ ਸਿੰਘ ਦੀ ਅਵਗਾਈ ਹੇਠ ਮਾਲਵੇ ਵਿਚ ਫਿਰ ਰਿਹਾ ਸੀ। ਲਾਲ ਸਿੰਘ ਨੇਂ ਸਨਮੁਖ ਹੋ ਕੇ ਸਹਾਇਤਾ ਲਈ ਜਾ ਬੇਨਤੀ ਕੀਤੀ। ਨਵਾਬ ਸਾਹਿਬ ਨੇ ਕਿਹਾ ਕਿ ਕਿਸੇ ਮਾੜੇ ਨੂੰ ਨਹੀਂ ਛੇੜਨਾ, ਕਿਸੇ ਆਕੜ ਖਾਂ ਵੱਲ ਉਂਗਲ ਕਰ। ਲਾਲ ਸਿੰਘ ਨੇ ਚਰਖੀ ਦਾਦਰੀ ਦੇ ਇਲਾਕੇ ਵਲ ਇਸ਼ਾਰਾ ਕੀਤਾ, ਜੋ ਨਵਾਬ ਝਜਰ ਦੇ ਮਾਤਹਿਤ ਸੀ। ਨਵਾਬ ਕਪੂਰ ਸਿੰਘ ਮਝੈਲਾਂ ਨੂੰ ਨਾਲ ਲੈ ਕੇ ਚਰਖੀ ਦਾਦਰੀ 'ਤੇ ਜਾ ਪਿਆ।

ਇਥੋਂ ਦਾ ਹਾਕਮ ਇਸਮਾਈਲ ਖ਼ਾਨ ਫ਼ੌਜ ਦੇ ਨਾਲ ਸ਼ਹਿਰ ਤੇ ਆਸ ਪਾਸ ਦਿਆਂ ਪਿੰਡਾਂ ਦੇ ਲੋਕਾਂ ਨੂੰ ਲੈ ਕੇ ਸਿੰਘਾਂ ਮੂਹਰੇ ਆ ਡਟਿਆ। ਪਹਿਲੀ ਝੜਪ ਵਿਚ ਹੀ ਉਸ ਦਾ ਢਿਮ-ਢਾਣਾ ਨੱਸ ਤੁਰਿਆ। ਹਾਰਿਆ ਇਸਮਾਈਲ, ਵਧੀਆ ਚਾਰ ਘੋੜੇ ਤੇ ਪੰਜ ਹਜ਼ਾਰ ਨਕਦ ਲੈ ਕੇ ਨਵਾਬ ਕਪੂਰ ਸਿੰਘ ਦੇ ਪੇਸ਼ ਹੋਇਆ ਤੇ ਜਾਨ ਬਚਾਅ ਲਈ। ਸ਼ਹਿਰ ਨੂੰ ਲੁਟਿਆ ਨਾ ਗਿਆ। ਇਲਾਕਾ ਤੇ ਸ਼ਹਿਰ ਲਾਲ ਸਿੰਘ ਦੇ ਹਵਾਲੇ ਕਰ ਦਿਤਾ ਗਿਆ।

ਇਸ ਤੋਂ ਬਾਅਦ ਅਗਲੇਰੇ ਇਲਾਕੇ ਉਗਰਾਹੁਣ ਲਈ ਅੱਗੇ ਵਧੇ। ਰਿਆਸਤ ਦੁਜਾਨ ਦਾ ਨਵਾਬ ਅਬਦੁ-ਸਮੱਦ ਖ਼ਾਨ, ਪਟੌਦੀ ਦਾ ਨਵਾਬ ਫ਼ੈਜ਼ ਤਲਬ

ਖ਼ਾਨ, ਬਹਾਦਰ ਗੜ੍ਹੀਆ ਸ਼ਮਸ਼ੇਰ ਖ਼ਾਨ ਤੇ ਝਾਰਸ ਦੇ ਰਾਜਪੂਤ ਸਿੰਘਾਂ ਨੂੰ ਰੋਕਣ ਲਈ ਜਾਨ ਤੋੜ ਕੇ ਲੜੇ, ਪਰ ਅੰਤ ਨੂੰ ਹਾਰ ਖਾਧੀ। ਨਜ਼ਰ ਨਿਆਜ਼ਾਂ, ਖ਼ਾਲਸੇ ਨੂੰ ਭੇਟ ਕਰ ਕੇ ਪਿੱਛਾ ਛੁਡਾਇਆ। ਜਦ ਇਨ੍ਹਾਂ ਖਬੀ ਖ਼ਾਨਾਂ ਦੀ ਹਾਰ ਹੋ ਗਈ ਤਾਂ ਕਿਸੇ ਨੇ ਸਿਰ ਨਾ ਚੁਕਿਆ। ਫਿਰ ਗੋਹਾਣਾ, ਰੁਹਤਕ, ਜਗੌਂਦਾ ਤੇ ਕਾਦਮਾ ਆਦਿਕ ਵੱਡੇ ਵੱਡੇ ਧਨੀ ਕਸਬੇ, ਜੋ ਫ਼ਿਰੋਜ਼ਸ਼ਾਹੀ ਨਹਿਰ ਦੇ ਕਿਨਾਰੇ ਵਸਦੇ ਸਨ, ਸੋਧ ਦਿਤੇ।[੧]

ਜਾਰਜ ਗੜ੍ਹ ਦਾ ਜਾਰਜ ਟਾਮਸ, ਜੋ ਸੇਂਧੀਆ ਦੀ ਤਰਫ਼ੋਂ ਇਸ ਇਲਾਕੇ ਦਾ ਹਾਕਮ ਸੀ, ਸਿੰਘਾਂ ਦੇ ਵਿਰੋਧ ਵਿਚ ਉਠਿਆ। ਛੋਟੀਆਂ ਮੋਟੀਆਂ ਲੜਾਈਆਂ ਤਾਂ ਹੁੰਦੀਆਂ ਰਹੀਆਂ, ਕੋਈ ਜੰਮ ਕੇ ਲੜਾਈ ਨਾ ਹੋਈ। ਦੋਵੇਂ ਧਿਰਾਂ ਬਚਾਉ ਦੀ ਨੀਤੀ 'ਤੇ ਰਹੇ। ਉਸ ਨੇ ਤਕੜਿਆਂ ਹੋ ਕੇ ਆਪਣਾ ਇਲਾਕਾ ਬਚਾਅ ਲਿਆ। ਕੋਈ ਧਿਰ ਦੂਜੇ 'ਤੇ ਭਾਰੂ ਨਾ ਹੋ ਸਕੀ। ਸਿੰਘਾਂ ਨੇ ਜਾਰਜ ਗੜ੍ਹ ਤੋਂ ਹਟ ਕੇ ਮਰੇਲੀ, ਅਲੀਪੁਰ, ਬਲਬ ਗੜ੍ਹ, ਕੋਟਲਾ, ਫ਼ਿਰੋਜ਼ ਸ਼ਾਹ ਵਾਲਾ, ਫ਼ਰੀਦਾਬਾਦ, ਗ਼ਾਜ਼ੀਪੁਰ, ਸੋਹਣਾ, ਨੋਹ, ਟਾਵਰਾ, ਗੁੜਗਾਵਾਂ, ਬਾਦਸ਼ਾਹਪੁਰ, ਪਾਲੀ ਪੋਨਾਨਾ, ਪਲੋਲ, ਪਟਗਾਂਵ ਆਦਿਕ ਸੋਧ ਕੇ ਉਗਰਾਹ ਲਏ। ਮਥਰਾ, ਖੁਰਜਾ, ਫ਼ਰੁਖ਼ਾਬਾਦ ਤਕ ਸਿੰਘਾਂ ਦੇ ਜਥੇ ਮਾਰੋ ਮਾਰ ਕਰ ਗਏ। ਇਸ ਸਾਲ ਵਾਪਸ ਮੁੜਦਿਆਂ ਮੂਣਕ ਦਾ ਪਰਗਣਾ ਜਿਤ ਕੇ ਲਾਲ ਸਿੰਘ ਨੂੰ ਦੇ ਦਿਤਾ। ਇਹ ਰਿਆਸਤ ਪਟਿਆਲਾ ਦਾ ਸਦਾ ਲਈ ਹਿੱਸਾ ਬਣ ਗਿਆ।[੨]

ਹਿੰਦੁਸਤਾਨ ਭਰ ਵਿਚ ਬਦ-ਅਮਨੀ

ਪੰਜਾਬ ਕੀ, ਸਾਰੇ ਮੁਲਕ ਭਰ ਵਿਚ ਹੀ ਬਦ-ਅਮਨੀ ਫੈਲੀ ਹੋਈ ਸੀ। ਭੀਲ, ਪੰਡਾਰੇ, ਡੱਚ, ਅੰਗਰੇਜ਼, ਫ਼ਰਾਂਸੀਸੀ ਤੇ ਸਿਖ ਆਪਣੀ ਆਪਣੀ ਮਲ ਮਾਰਨ ਵਿਚ ਰੁਝੇ ਹੋਏ ਸਨ। ਇਨ੍ਹਾਂ ਵਿਚੋਂ ਸਭ ਤੋਂ ਤੇਜ਼ੀ ਨਾਲ ਵਧਣ ਵਾਲੇ ਅੰਗਰੇਜ਼ ਸਨ। ਮੁਲਕ ਵਿਚ ਤਾਂ ਇਹ ਹਾਲਤ ਬਣੀ ਹੋਈ ਸੀ, ਤੇ ਦਿੱਲੀ ਦਾ ਬਾਦਸ਼ਾਹ ਮੁਹੰਮਦ ਸ਼ਾਹ ਰੰਗੀਲਾ ਡੂੰਮਾਂ, ਭੰਡਾਂ ਤੇ ਖੁਸਰਿਆਂ ਦੇ ਰੰਗ-ਤਮਾਸ਼ਿਆਂ ਦੀਆਂ ਮਹਿਫ਼ਲਾਂ ਵਿਚ ਮਸਤ ਸੀ।

---

੧. ਗਿਆਨੀ ਗਿਆਨ ਸਿੰਘ, *ਸ਼ਮਸ਼ੇਰ ਖ਼ਾਲਸਾ* (ਭਾਸ਼ਾ ਵਿਭਾਗ) ਸਫ਼ਾ ੧੨੮।
੨. ਗਿਆਨੀ ਗਿਆਨ ਸਿੰਘ, *ਸ਼ਮਸ਼ੇਰ ਖ਼ਾਲਸਾ* (ਭਾਸ਼ਾ ਵਿਭਾਗ) ਸਫ਼ਾ ੧੨੯।

ਤਾਹਰ ਅਲੀ ਨਾਲ ਝੜਪ ਤੇ ਗੁ: ਥੰਮ੍ਹ ਸਾਹਿਬ ਸਾੜੇ ਜਾਣ ਦਾ ਬਦਲਾ

ਇਸ ਵੇਲੇ ਪੰਜਾਬ ਵਿਚ ਰਾਠ ਸਿੰਘਾਂ ਦੀ ਗਿਣਤੀ ਬਹੁਤ ਥੋੜੀ ਰਹਿ ਗਈ ਸੀ। ਸਿੰਘਾਂ ਉਤੇ ਇਹ ਅਤੀ ਕਸ਼ਟ ਦਾ ਸਮਾਂ ਸੀ। ਵਿਰਲੇ ਟਾਵੇਂ ਜੋ ਸਨ, ਉਹ ਝਾੜੀਂ ਬੂਟੀਂ ਲਗੇ ਹੋਏ ਸਨ। ਨਿਕੇ ਮੋਟੇ ਹਾਕਮਾਂ ਦੀ ਵਾਹਵਾ ਚੜ੍ਹ ਮਚੀ ਹੋਈ ਸੀ। ਇਸ ਵੇਲੇ ਤਾਹਰ ਅਲੀ ਖ਼ਾਨ ਸਿਆਲਕੋਟ ਦਾ ਹਾਕਮ ਆਪਣੇ ਘਰ ਸਰਹੰਦ ਵਿਆਹ ਜਾ ਰਿਹਾ ਸੀ। ਹੈਬਤ ਖ਼ਾਨ ਰੁਹੇਲੇ ਦੀ ਸਰਦਾਰੀ ਹੇਠ ਡੇਢ ਸੌ ਰੁਹੇਲੇ ਸਵਾਰ ਰਾਖੀ ਵਜੋਂ ਨਾਲ ਜਾ ਰਹੇ ਸਨ। ਨੌਰੰਗਾ-ਬਾਦ[1] ਪਿੰਡ ਲਾਗੇ ਮਾਲਵੇ ਵਲੋਂ ਆਏ ਸਿੰਘਾਂ ਦਾ ਇਕ ਜਥਾ ਸ: ਰਾਮ ਸਿੰਘ ਤੇ ਸ: ਦਯਾ ਸਿੰਘ ਦੀ ਸਰਦਾਰੀ ਵਿਚ ਸ੍ਰੀ ਅੰਮ੍ਰਿਤਸਰ ਨੂੰ ਜਾ ਰਿਹਾ ਸੀ। ਤਾਹਰ ਅਲੀ ਦੇ ਟਾਂਡੇ ਨੂੰ ਟਕਰ ਗਿਆ। ਸਿੰਘ ਗਿਣਤੀ ਵਿਚ ਜ਼ਿਆਦਾ ਨਹੀਂ ਸਨ। ਇਹ ਵੇਖ ਕੇ ਹੈਬਤ ਖ਼ਾਨ ਭੂਏ ਹੋ ਗਿਆ ਤੇ ਹੁਕਮ ਲੈ ਕੇ ਸਿੰਘਾਂ ਨੂੰ ਘੇਰ ਕੇ ਫੜਨਾ ਚਾਹਿਆ। ਅਗੋਂ ਸਿੰਘ ਤਲਵਾਰਾਂ ਧੂਹ ਕੇ ਰੁਹੇਲਿਆਂ ਦੇ ਗਲ ਪੈ ਗਏ ਤੇ ਵੇਂਹਦਿਆਂ ਵੇਂਹਦਿਆਂ ਕਈ ਢੇਰ ਹੋ ਗਏ ਤੇ ਕਈ ਫਟ ਖਾ ਕੇ ਤੜਫਣ ਲੱਗ ਪਏ। ਜ਼ਖ਼ਮੀਆਂ ਤੋਂ ਬਿਨਾਂ ੩੦ ਰੁਹੇਲੇ ਸਮੇਤ ਹੈਬਤ ਖ਼ਾਨ ਦੇ ਥਾਂ 'ਤੇ ਹੀ ਮਾਰੇ ਗਏ ਤੇ ਬਾਕੀ ਨੱਸ ਕੇ ਪਿੰਡ ਵਿਚ ਵੜ ਗਏ। ਸਿੰਘ ਵੀ ਆਪਣੇ ਜ਼ਖ਼ਮੀਆਂ

---

੧. ਇਹ ਪਿੰਡ ਪੁਰਾਣੀ ਜਰਨੈਲੀ ਸੜਕ ਉਤੇ ਹੈ, ਜੋ ਲਾਹੌਰੋਂ ਗੋਇੰਦਵਾਲ ਥਾਣੀਂ ਹੋ ਕੇ ਦਿੱਲੀ ਜਾਂਦੀ ਸੀ। ਤਰਨ ਤਾਰਨੋਂ ੮ ਕਿਲੋਮੀਟਰ ਚੜ੍ਹਦੇ ਵਿਚ—ਜ਼ਿਲਾ ਅੰਮ੍ਰਿਤਸਰ। ਇਸ ਸੜਕ ਨੂੰ ਪੱਕਿਆਂ ਕਰ ਦਿਤਾ ਗਿਆ ਹੈ। ਸ਼ੇਰ ਸ਼ਾਹ ਸੂਰੀ ਵਲੋਂ ਬਣਵਾਏ ਹੋਏ ਸਤੂਨ ਇਸ ਸੜਕ ਦੇ ਨਾਲ ਨਾਲ ਅੱਜ ਵੀ ਨਜ਼ਰ ਆਉਂਦੇ ਹਨ।

ਨੂੰ ਲੈ ਕੇ ਝਾੜੀਂ ਜਾ ਵੜੇ, ਤੇ ਆਮ ਰਾਹ ਛੱਡ ਕੇ ਡਾਂਡੇ ਮੀਂਡੇ ਆਪਣੀ ਮੰਜ਼ਲ ਨੂੰ ਹੋ ਤੁਰੇ। ਇਹੋ ਜਿਹੀਆਂ ਝੜਪਾਂ ਉਨ੍ਹੀਂ ਦਿਨੀਂ ਨਿਤ ਹੁੰਦੀਆਂ ਰਹਿੰਦੀਆਂ ਸਨ।

ਖ਼ਾਨ ਬਹਾਦਰ ਨੇ ਪੰਜਾਬ ਵਿਚ ਭਾਵੇਂ ਸਿੰਘਾਂ ਉਤੇ ਸਿਰੋਂ ਪਰੇ ਹੋ ਕੇ ਸਖ਼ਤੀ ਅਰੰਭੀ ਹੋਈ ਸੀ, ਪਰ ਉਨ੍ਹਾਂ ਕਦੀ ਵੀ ਉਸ ਦਾ ਕੋਈ ਡਰ ਖ਼ੌਫ਼ ਨਹੀਂ ਸੀ ਕਬੂਲਿਆ। ਜਦ ਵੀ ਉਸ ਨੇ ਜਾਂ ਉਸ ਦੇ ਕਿਸੇ ਮਾਤਹਿਤ ਹਾਕਮ ਨੇ ਉਨ੍ਹਾਂ ਦੀ ਅਣਖ ਨੂੰ ਵੰਗਾਰਿਆ, ਸਿੰਘਾਂ ਸਦਾ ਕਠਨ ਤੋਂ ਕਠਨ ਸਥਿਤੀ ਵਿਚ ਹੁੰਦਿਆਂ ਹੋਇਆਂ ਵੀ ਉਸ ਵੰਗਾਰ ਦਾ ਢੁਕਵਾਂ ਉੱਤਰ ਦਿਤਾ।

ਇਨ੍ਹੀਂ ਦਿਨੀਂ ਜਦ ਕੁਤਬੁੱਦੀਨ ਜਾਲੰਧਰੀਏ ਨੇ ਕਰਤਾਰਪੁਰ ਵਿਖੇ ਥੰਮ੍ਹ ਸਾਹਿਬ ਗੁਰਦੁਆਰਾ ਸਾੜ ਦਿਤਾ ਤਾਂ ਸਿੰਘਾਂ ਦੀਆਂ ਅੱਖਾਂ 'ਚੋਂ ਲਹੂ ਚੋਣ ਲੱਗ ਪਿਆ। ਬਾਘ ਸਿੰਘ ਆਹਲੂਵਾਲੀਆ ਸੁਣ ਕੇ ਰਹਿ ਨਾ ਸਕਿਆ। ਐਧਰੋਂ ਉਧਰੋਂ ਦੋ ਕੁ ਸੌ ਘੋੜ-ਸਵਾਰ ਸਿੰਘ ਲੈ ਕੇ ਜਲੰਧਰ ਨੂੰ ਚੜ੍ਹ ਪਿਆ। ਸਬੱਬ ਨਾਲ ਐਸਾ ਢੋਅ ਢੁਕਾ ਕਿ ਅੱਗੇ ਕੁਤਬੁੱਦੀਨ ਦਰਿਆ ਬਿਆਸ ਦੀ ਕਾਢੜ ਵਿਚ ਸਿੰਘਾਂ ਨੂੰ ਫੜਨ ਲਈ ਦੌਰੇ 'ਤੇ ਆਇਆ ਹੋਇਆ ਸੀ ਤੇ ਕਾਣੇ ਢਿਲਵਾਂ ਲਾਗੇ ਸ਼ਿਕਾਰ ਖੇਡ ਰਿਹਾ ਸੀ। ਬਾਘ ਸਿੰਘ ਨੂੰ ਆਉਂਦਾ ਵੇਖ ਕੇ ਨੱਠ ਚਲਿਆ, ਪਰ ਬਾਜ਼ ਮੂਹਰੇ ਬਟੇਰੇ ਦੀ ਕੀ ਵੱਟਤ। ਬਾਘ ਸਿੰਘ ਨੇ ਘੋੜਾ ਛੇੜ ਪਿਛੋਂ ਮਿਲ ਕੇ ਉਸ ਦੇ ਘੋੜੇ ਦੀ ਖੁਚ ਲਾਹ ਦਿਤੀ। ਡਿਗਦੇ ਨੂੰ ਹੀ ਦਬੋਚ ਕੇ ਮੁਸ਼ਕਾਂ ਕੱਸ ਦਿਤੀਆਂ। ਨਾਲ ਦੀ ਫ਼ੌਜ ਸਾਧਾਰਨ ਜਿਹੀ ਟੱਕਰ ਪਿਛੋਂ ਖ਼ਾਨ ਨੂੰ ਬੱਧਾ ਹੀ ਛੱਡ ਕੇ ਜਲੰਧਰ ਵੱਲ ਨੱਠ ਗਈ। ਕੁਤਬੁੱਦੀਨ ਨੇ ਜੋ ਕੁਕਰਮ ਕੀਤਾ ਸੀ, ਉਸ ਨੂੰ ਅਜੇ ਥੋੜੇ ਦਿਨ ਹੀ ਪਏ ਸਨ। ਉਸ ਵਲੋਂ ਚਾੜ੍ਹੀ ਹੋਈ ਭਾਜੀ ਭੌਂਦੇ ਪੈਰੀਂ ਮੋੜ ਦਿਤੀ। ਕਰਤਾਰਪੁਰ ਲਿਜਾ ਕੇ ਥੰਮ੍ਹ ਸਾਹਿਬ ਵਾਲੀ ਥਾਂ 'ਤੇ ਅੱਗ ਵਿਚ ਜੀਊਂਦੇ ਨੂੰ ਸਾੜ ਕੇ ਸਾਵਾਂ ਬਦਲਾ ਲੈ ਲਿਆ।

ਸ: ਬਾਘ ਸਿੰਘ ਨੇ ਇਥੇ ਹੀ ਸੁਣਿਆ ਕਿ ਪੰਜਾਹ ਕੁ ਵਧੀਆ ਨਸਲ ਦੇ ਘੋੜੇ ਬਾਦਸ਼ਾਹ ਦੇ ਅਸਤਬਲ ਲਈ ਦਿੱਲੀ ਨੂੰ ਲਿਜਾਏ ਜਾ ਰਹੇ ਹਨ ਤੇ ਅੱਜ ਵਜ਼ੀਰ ਦੇ ਪਤਣੋਂ ਪਾਰ ਹੋਣਗੇ। ਉਹ ਦਰਿਆ ਟੱਪ ਕੇ ਸੱਜੇ ਕੰਢੇ 'ਤੇ ਝੱਲ ਵਿਚ ਸ਼ਹਿ ਲਾ ਕੇ ਬੈਠ ਗਏ। ਘੋੜੇ ਪਹੁੰਚੇ ਤੇ ਜਦ ਬੇੜੀਆਂ ਵਿਚ ਚੜ੍ਹਾਉਣ ਲੱਗੇ, ਸਿੰਘ ਨੇਜ਼ੇ ਉਲਾਰਦੇ ਹੋਏ ਇੰਜ ਅਚਨਚੇਤ ਪਏ ਕਿ ਹਫੜਾ ਦਫੜੀ ਮਚਾ ਕੇ ਸਾਰੇ ਘੋੜੇ ਖੋਹ ਕੇ ਝੱਲ ਵਿਚ ਅਲੋਪ ਹੋ ਗਏ।

(੧੮)

ਨਾਦਰ ਸ਼ਾਹ ਦਾ ਹਿੰਦੁਸਤਾਨ ਉਤੇ ਹਮਲਾ

ਨਾਦਰ ਸ਼ਾਹ, ਜਿਸ ਦਾ ਜੰਮ-ਪਲ ਇਕ ਆਜੜੀ ਦੇ ਘਰ ਦਾ ਸੀ, ਨੇ ਛੋਟੀ ਉਮਰੇ ਹੀ ਹਿੰਦੁਸਤਾਨ ਵਿਚ ਅਥਾਹ ਧਨ ਪਦਾਰਥ ਦੇ ਕਿੱਸੇ ਸੁਣ ਰਖੇ ਸਨ। ਜਦ ਉਸ ਦੀ ਕਿਸਮਤ ਨੇ ਪਲਟਾ ਖਾਧਾ ਤੇ ਇਹ ਕੈਸਪੀਨ ਸਾਗਰ ਦੇ ਕੰਢੇ ਦਾ ਗਰੀਬ ਆਜੜੀ ਆਪਣੇ ਬਲ ਤੇ ਉੱਦਮ ਨਾਲ ਈਰਾਨ ਦੇ ਤਖ਼ਤ ਦਾ ਮਾਲਕ ਬਣ ਗਿਆ ਤਾਂ ਹਿੰਦੁਸਤਾਨ ਦਾ ਮਾਲ-ਧਨ ਹਥਿਆਉਣ ਲਈ ਦਿਲ ਮਚਲ ਉਠਿਆ। ਕਿਉਂ ? ਈਰਾਨ ਦੀਆਂ ਮੁਹਿੰਮਾਂ ਸਰ ਕਰਨ ਵਿਚ ਸਾਰਾ ਖ਼ਜ਼ਾਨਾ ਖ਼ਾਲੀ ਹੋ ਗਿਆ ਸੀ ਤੇ ਇਸ ਨੂੰ ਭਰਨ ਲਈ ਦੌਲਤ ਦੀ ਫ਼ੌਰੀ ਲੋੜ ਸੀ। ਇਸ ਲਈ ਉਸ ਨੂੰ ਸਬੱਬ ਨਾਲ ਬਹਾਨਾ ਵੀ ਚੰਗਾ ਮਿਲ ਗਿਆ ਸੀ। ਉਸ ਦੇ ਅਫ਼ਗਾਨ ਬਾਗ਼ੀ ਭੱਜ ਕੇ ਹਿੰਦੁਸਤਾਨ ਦੇ ਬਾਦਸ਼ਾਹ ਮੁਹੰਮਦ ਸ਼ਾਹ ਰੰਗੀਲੇ ਪਾਸ ਪਨਾਹ ਲਈ ਬੈਠੇ ਸਨ। ਉਸ ਪਾਸ ਜੋ ਸਫ਼ਾਰਤਾਂ ਇਨ੍ਹਾਂ ਨੂੰ ਵਾਪਸ ਕਰ ਦੇਣ ਲਈ ਭੇਜੀਆਂ ਸਨ, ਉਨ੍ਹਾਂ ਦਾ ਕੋਈ ਢੁਕਵਾਂ ਹੁੰਗਾਰਾ ਨਹੀਂ ਸੀ ਭਰਿਆ ਉਸ ਨੇ।

ਜਨਵਰੀ ੧੭੩੯ ਈ: ਨੂੰ ਹਿੰਦੁਸਤਾਨ ਉਪਰ ਹੱਲੇ ਦੀ ਨੀਅਤ ਨਾਲ ਬੜਾ ਤਕੜਾ ਈਰਾਨੀ ਲਸ਼ਕਰ ਲੈ ਕੇ ਲਾਹੌਰ ਆਣ ਪੁਜਾ। ਜ਼ਕਰੀਆ ਖ਼ਾਨ ਉਸ ਦਾ ਟਾਕਰਾ ਨਾ ਕਰ ਸਕਿਆ ਤੇ ੨੧ ਲਖ ਨਕਦ ਦੇ ਕੇ ਉਸ ਦੀ ਈਨ ਮੰਨ ਲਈ। ਨਾਦਰ ਸ਼ਾਹ ਛੇਤੀ ਹੀ ਦਿੱਲੀ ਨੂੰ ਕੂਚ ਕਰ ਗਿਆ। ਪਾਨੀਪਤ ਦੇ ਮੈਦਾਨ ਵਿਚ ਮੁਹੰਮਦ ਸ਼ਾਹ ਦੇ ਲਾਮ-ਲਸ਼ਕਰ ਨੇ ਬੁਰੀ ਤਰ੍ਹਾਂ ਹਾਰ ਖਾਧੀ। ਨਾਦਰ ਸ਼ਾਹੀ ਜੇਤੂ ਦੀ ਹੈਸੀਅਤ ਵਿਚ ਦਿੱਲੀ ਅੰਦਰ ਦਾਖ਼ਲ ਹੋਇਆ। ਮੁਗ਼ਲ ਹਕੂਮਤ ਦੀ ਤਾਕ਼ਤ ਟੁੱਟ ਗਈ।

ਕੁਝ ਦਿਨਾਂ ਪਿਛੋਂ ਦਿੱਲੀ ਵਿਚ ਹੋਈ ਕਤਲਾਮ ਤੇ ਫਿਰ ਉਸ ਦੇ ਬੁਰੀ ਤਰ੍ਹਾਂ ਲੁਟ ਪੁਟ ਕੇ ਤਬਾਹ ਕਰ ਦੇਣ ਨਾਲ ਜੋ ਰਾਮ-ਰੌਲਾ ਪਿਆ, ਸਿੰਘ ਵੀ ਇਸ ਨੂੰ ਵੇਖ ਰਹੇ ਸਨ। ਇਸ ਬਣ ਚੁਕੀ ਹਾਲਤ ਨੂੰ ਤਾੜ ਕੇ, ਇਸ ਤੋਂ ਲਾਭ ਉਠਾਉਣ ਲਈ ਆਪਣੀਆਂ ਪਨਾਹਗਾਹਾਂ 'ਚੋਂ ਬਾਹਰ ਨਿਕਲਣ ਦੀ ਸੋਚੀ। ਇੰਨੇ ਚਿਰ ਨੂੰ ਨਾਦਰ ਸ਼ਾਹ ਵੀ ਸ਼ਾਹੀ ਖ਼ਜ਼ਾਨਿਆਂ, ਸਮੇਤ ਤਖ਼ਤੇ ਤਾਊਸ ਰਾਜਧਾਨੀ ਤੇ ਉਸ ਦੇ ਦੁਆਲੇ ਦੀ ਲੁਟ ਨਾਲ ਲੱਦਿਆ ਪਥਿਆ ਹੋਇਆ, ਤੇ ਹਜ਼ਾਰਾਂ ਖ਼ੂਬਸੂਰਤ ਤੇ ਜਵਾਨ ਕੁੜੀਆਂ ਮੁੰਡੇ ਬੰਦੀ ਬਣਾ ਕੇ ਦਿੱਲੀ ਤੋਂ ਵਾਪਸ ਈਰਾਨ ਨੂੰ ਤੁਰਿਆ। ਗਰਮੀ ਦੀ ਰੁੱਤ ਆ ਗਈ ਸੀ ਤੇ ਉਸ ਤੋਂ ਬਚਣ ਲਈ ਜਲਦੀ ਜਲਦੀ ਇਸ ਮੁਲਕ ਦੀ ਹੱਦੋਂ ਪਾਰ ਹੋਣਾ ਚਾਹੁੰਦਾ ਸੀ। ਕਾਫ਼ੀ ਲੱਦਿਆ-ਪਥਿਆ ਹੋਣ ਕਰਕੇ ਕੂਚ ਵੇਲੇ ਚਾਲ ਬੜੀ ਧੀਮੀ ਸੀ। ਅੱਧ ਮਈ ਤਕ ਉਹ ਸਰਹੰਦ ਪੁਜਾ। ਜੇਠ ਦੀਆਂ ਕੜਾਕੇਦਾਰ ਧੁੱਪਾਂ ਤੇ ਲੂ ਤੋਂ ਬਚਣ ਲਈ ਸਰਹੰਦੋਂ ਸੱਜੇ ਹੱਥ ਨੂੰ ਮੁੜ ਕੇ ਪਹਾੜ ਦੀ ਕੰਢੀ ਦੇ ਨਾਲ ਨਾਲ ਸਿਆਲਕੋਟ ਨੂੰ ਹੋ ਤੁਰਿਆ।

ਨਾਦਰ ਸ਼ਾਹ ਦੀ ਲੁਟ ਸਿੰਘਾਂ ਲੁਟ ਲਈ

ਇਸ ਰਾਹੇ ਧੁਪ ਤੇ ਲੂ ਤੋਂ ਨਾਦਰ ਸ਼ਾਹ ਬਚ ਗਿਆ, ਪਰ ਇਹ ਉਸ ਲਈ ਬੜਾ ਹਾਨੀਕਾਰਕ ਸਿੱਧ ਹੋਇਆ। ਕੀਰਤਪੁਰ ਸਾਹਿਬ ਤੇ ਅਨੰਦਪੁਰ ਸਾਹਿਬ ਦੀਆਂ ਪਹਾੜੀਆਂ ਵਿਚ ਦਿਨ-ਕਟੀ ਲਈ ਟਿਕੇ ਹੋਏ ਸਿੰਘਾਂ ਦੇ ਕਈ ਜਥੇ ਚਿਰਾਕੇ ਰਸਦ ਪਠੇ ਤੋਂ ਟੁਟੇ ਹੋਏ ਸਨ। ਪਹਾੜੀ ਇਲਾਕਾ ਕਾਰਵਾਈ ਲਈ ਸਿੰਘਾਂ ਦੇ ਬੜਾ ਅਨਕੂਲ ਸੀ। ਉਹ ਅਚਨਚੇਤ ਉਸ ਦੇ ਵਹੀਰ 'ਤੇ ਟੁਟ ਪੈਂਦੇ, ਹਫੜਾ-ਦਫੜੀ ਮੱਚ ਜਾਂਦੀ, ਜੋ ਅੜਦਾ ਉਸ ਨੂੰ ਝਾੜ ਕੇ, ਮਾਲ ਅਸਬਾਬ, ਰਸਦ ਪਠਾ ਲੁਟ ਕੇ, ਤੇ ਬੰਦੀ ਬਣਾਏ ਮੁੰਡੇ ਕੁੜੀਆਂ ਦੇ ਜੂੜ ਵੱਢ ਕੇ, ਉਨ੍ਹਾਂ ਨੂੰ ਨਾਲ ਲੈ ਕੇ ਨਾਦਰ ਸ਼ਾਹ ਦੀ ਮਾਰ ਤੋਂ ਦੂਰ ਹੋ ਜਾਂਦੇ। ਦਰਿਆ ਟੱਪਦੇ ਨੂੰ ਕਈ ਦਿਨ ਲੱਗੇ ਤੇ ਸਿੰਘ ਉਸ ਦੀ ਲੁਟ ਨੂੰ ਦਿਨੇ ਰਾਤੀਂ ਲੁਟਦੇ ਰਹੇ। ਨਾਦਰ ਸ਼ਾਹ ਦੇ ਪਾਰ ਹੁੰਦਿਆਂ ਸਾਰ ਸਿੰਘ ਵੀ ਟੱਪ ਕੇ ਮਗਰੇ ਲੱਗ ਗਏ। ਬਿਆਸ ਤਕ ਸੱਜੇ, ਖੱਬੇ, ਪਿਛੋਂ, ਗੱਲ ਕੀ ਜਿਧਰੋਂ ਦਾਅ ਲੱਗਾ, ਸਿੰਘ ਛਾਪੇ ਮਾਰ ਮਾਰ ਕੇ ਲੁਟਦੇ ਤੇ ਫਕਾਂ ਛੁਡਾਂਦੇ ਰਹੇ। ਨਿਕੇ ਜਿਹੇ ਖ਼ਦਸ਼ੇ 'ਤੇ ਹੀ ਲਸ਼ਕਰ ਵਿਚ ਜਰਸ (ਅਲਾਰਮ) ਵਜਣ ਲੱਗ ਪੈਂਦੇ ਤੇ 'ਸਿਖ ਆ ਗਏ' 'ਸਿਖ ਆ ਗਏ', 'ਵੇਲਾ ਹੋ ਗਿਆ ਜੇ', 'ਖ਼ਬਰਦਾਰ!' ਖ਼ਬਰਦਾਰ![1]

---

੧. ਜਿਵੇਂ ਅੱਜ ਫ਼ੌਜ ਵਿਚ ਰਿਵੈਲੀ (ਸਵੇਰੇ) ਤੇ ਰਿਟਰੀਟ (ਸ਼ਾਮ ਨੂੰ) ਵਜਾਈ ਜਾਂਦੀ ਹੈ, ਸਟੈਂਡ-ਟੂ ਲਈ ਇਸ਼ਾਰੇ ਮੁਕੱਰਰ ਹਨ, ਅੱਗ ਬੁਝਾਉਣ ਲਈ ਵਿਸ਼ੇਸ਼ ਤੌਰ 'ਤੇ ਅਲਾਰਮ ਦਿਤਾ ਜਾਂਦਾ ਹੈ, ਲੜਾਈ ਸਮੇਂ ਦੁਸ਼ਮਣ ਦਾ ਹਵਾਈ ਜਹਾਜ਼ ਆਉਣ 'ਤੇ ਖ਼ਬਰਦਾਰ ਕਰਨ ਲਈ ਵਿਸਲ ਵਜਾ ਕੇ ਸੂਚਿਤ ਕੀਤਾ ਜਾਂਦਾ ਹੈ ਤੇ ਨਾਈਟ ਅਟੈਕ ਵੇਲੇ ਵੀ ਇਸ਼ਾਰੇ ਨੀਯਤ ਹਨ, ਇੰਜ ਹੀ ਪਹਿਲੇ ਸਮਿਆਂ ਵਿਚ ਵੀ ਲੋੜ ਅਨੁਸਾਰ ਇਹ ਸਭ ਕੁਝ ਨੀਯਤ ਕੀਤਾ ਹੋਇਆ ਸੀ। ਨਾਦਰ ਸ਼ਾਹ ਦੇ ਲਸ਼ਕਰ (ਉਸ ਵੇਲੇ ਸਾਰੇ ਹੀ ਲਸ਼ਕਰਾਂ ਵਿਚ ਇਹੋ ਰਿਵਾਜ ਸੀ) ਵਿਚ ☛

ਬਿਆਸ ਤੋਂ ਅੱਗੇ ਸਿੰਘਾਂ ਦੇ ਹੋਰ ਜਥੇ ਮਗਰ ਲੱਗ ਗਏ ਤੇ ਇਸ ਤਰ੍ਹਾਂ ਜੇਹਲਮ ਪਾਰ ਤਕ ਮਗਰ ਲਗੇ ਗਏ ਤੇ ਨਾਦਰ ਸ਼ਾਹ ਦਾ ਬਹੁਤ ਸਾਰਾ ਭਾਰ ਹੌਲਾ ਕਰ ਦਿਤਾ ਤੇ ਢਕਾਂ ਛੁਡਾ ਲਈਆਂ। ਜੋ ਥੋੜੇ ਜਿਹੇ ਬੰਦੀ ਰਹਿ ਗਏ, ਉਹ ਉਸ ਨੇ ਮਾਯੂਸ ਹੋ ਕੇ ਜੇਹਲਮ ਪਾਸ ਆਪ ਹੀ ਛੱਡ ਦਿਤੇ। ਦਿੱਲੀ ਦੀ ਲੁਟ ਦਾ ਬਹੁਤ ਸਾਰਾ ਮਾਲ ਈਰਾਨ ਦੀ ਥਾਂ ਪੰਜਾਬ ਵਿਚ ਹੀ ਰਖ ਲਿਆ।

☛ਊਠਾਂ ਉਤੇ ਵੱਡੇ ਵੱਡੇ ਜਰਸ (ਪਿਤਲ ਦਾ ਵੱਡਾ ਸਾਰਾ ਘੜਿਆਲ) ਬਧੇ ਹੁੰਦੇ ਸਨ, ਜੋ ਕੂਚ ਕਰਨ ਵੇਲੇ, ਰੁਕ ਜਾਣ ਲਈ ਜਾਂ ਕਿਸੇ ਖ਼ਤਰੇ ਵੇਲੇ ਵਜਾਏ ਜਾਂਦੇ ਸਨ। ਨਾਦਰ ਸ਼ਾਹ ਦੇ ਲਸ਼ਕਰ ਮਗਰ ਸਿੰਘ ਲੱਗੇ ਹੋਏ ਸਨ। ਸਿੰਘ ਆਪਣੇ ਹੱਲਿਆਂ, ਛਾਪਿਆਂ ਲਈ ਉਹ ਸਮਾਂ ਚੁਣਦੇ, ਜਦ ਲਸ਼ਕਰ ਪੈਂਡਾ ਕਰ ਕੇ ਥਕਿਆ ਹੋਇਆ ਹੁੰਦਾ ਤੇ ਆਰਾਮ ਲਈ ਰੁਕਿਆ ਹੁੰਦਾ, ਵਿਚ ਵਿਚ ਕਈ ਜਾਗਦੇ ਤੇ ਕਈ ਊਂਘ ਰਹੇ ਹੁੰਦੇ। ਥਕਾਵਟ ਦਾ ਵੱਡਾ ਦਾਰੂ ਆਰਾਮ ਹੈ। ਥਕਿਆ ਹੋਇਆ ਜਦ ਆਰਾਮ ਕਰੇਗਾ, ਲਾਜ਼ਮੀ ਊਂਘੇਗਾ। ਇਹ ਸੀ ਹਾਲ ਦੁਪਹਿਰ ਵੇਲੇ ਦਾ। ਤੇ ਜਦ ਸਾਰਾ ਦਿਨ ਸਫ਼ਰ ਕਰ ਕੇ ਰੁਕਦੇ ਤਾਂ ਰਾਤ, ਜੋ ਹੁੰਦੀ ਹੀ ਸੌਣ ਵਾਸਤੇ ਹੈ, ਉਸ ਵਿਚ ਹਰ ਇਕ ਨੀਂਦ ਦੀ ਝੁਕ ਲੈਣ ਦਾ ਇਛਕ ਹੁੰਦਾ ਹੈ। ਚੋਰਾਂ ਦਾ ਸਮਾਂ ਵੀ ਰਾਤ ਵੇਲੇ ਬਾਰ੍ਹਾਂ ਇਕ ਦੇ ਦਰਮਿਆਨ ਹੀ ਹੁੰਦਾ ਹੈ, ਜਦ ਹਰ ਕੋਈ ਗੂੜ੍ਹੀ ਨੀਂਦੇ ਸੌਂ ਰਿਹਾ ਹੁੰਦਾ ਹੈ। ਸਿੰਘਾਂ ਦਿਆਂ ਹੱਲਿਆਂ ਲਈ ਰਾਤ ਦਾ ਸਮਾਂ ਬੜਾ ਹੀ ਵਧੀਆ ਸੀ। ਕਿਉਂਕਿ ਉਹ ਜ਼ਮੀਨ ਦੇ ਵਾਕਿਫ਼ ਸਨ ਤੇ ਲਸ਼ਕਰ ਓਬੜ ਅਨਜਾਣ। ਜਦ ਹੱਲੇ ਦਾ ਖ਼ਦਸ਼ਾ ਹੁੰਦਾ ਤਾਂ ਲਸ਼ਕਰ ਦੇ ਪਹਿਰੂਏ ਜ਼ੋਰ ਜ਼ੋਰ ਨਾਲ ਜਰਸ ਵਜਾਉਂਦੇ ਤੇ ਨਾਲ ਹੀ ਉੱਚੀ ਉੱਚੀ ਪੁਕਾਰਦੇ, ਸਾਇਤ ਦੁਵਾਜ਼ਦਹਮ ਸ਼ੁਦਾ, ਸਾਇਤ ਦੁਵਾਜ਼ਦਹਮ ਸ਼ੁਦਾ, ਸਿਖ ਕਾਫ਼ਰ ਹਮੀ ਆਇੰਦ, ਹਮੀ ਆਇੰਦ। ਖ਼ਬਰਦਾਰ, ਹੁਸ਼ਿਆਰ ਬਾਸ਼! (ਬਾਰ੍ਹਾਂ ਦਾ ਅਮਲ ਹੋ ਚੁਕਿਆ ਹੈ, ਭਾਵ ੧੨ ਵੱਜ ਗਏ ਹਨ, ਸਿਖ ਕਾਫ਼ਰ ਆ ਰਹੇ ਹਨ, ਆ ਰਹੇ ਹਨ, ਖ਼ਬਰਦਾਰ ਹੋ ਜਾਵੋ, ਹੁਸ਼ਿਆਰ ਹੋ ਜਾਵੋ)। ਇਹ ਖ਼ੌਫ਼ ਸੀ ਜੋ ਸਿੱਖਾਂ ਦਾ ਲਸ਼ਕਰ ਉਤੇ ਛਾਇਆ ਰਹਿੰਦਾ। ਤੇ ਇੰਜ ਹੀ ਅਹਿਮਦ ਸ਼ਾਹ ਨਾਲ ਟਕਰਾਂ ਵੇਲੇ ਹੁੰਦਾ ਰਿਹਾ। ਪਰ ਅਫ਼ਸੋਸ ਹੈ ਸੌੜੀ ਸੂਝ ਤੇ ਕੋਝੀ ਸੋਚ 'ਤੇ। ਇਸ ਬਹਾਦਰੀ ਵਾਲੇ ਤੱਥ ਨੂੰ ਮਖ਼ੌਲ ਵਾਲਾ ਰੰਗ ਦੇ ਕੇ ਸਿੱਖਾਂ ਮਗਰ ਲੀਹ ਲਾ ਲਈ ਹੈ। ਕੀ ਐਸੇ ਲੋਕ ਸੋਚਣ ਦੀ ਜੁਰਅਤ ਕਰਨਗੇ ਕਿ ਇਸ ਰਾਤ ਦੇ ਸਮੇਂ ਬਿਖੜੀਆਂ ਜੂਹਾਂ ਵਿਚ ਉਹ ਸੂਰਮੇ ਕਿਨ੍ਹਾਂ ਦੇ ਬੰਦੀ ਬਣਾਏ ਨੌਜੁਆਨ ਧੀਆਂ ਪੁਤਾਂ ਨੂੰ ਗ਼ੈਰਾਂ ਤੋਂ ਛੁਡਾਉਣ ਲਈ ਜਾਨਾਂ 'ਤੇ ਖੇਡ ਰਹੇ ਹੁੰਦੇ ਸਨ? ਅਕਿਰਤਘਣਤਾ ਦੀ ਵੀ ਕੋਈ ਹੱਦ ਹੁੰਦੀ ਹੈ!

(੨੦)

ਸਿੰਘਾਂ ਬਾਰੇ ਨਾਦਰਸ਼ਾਹ ਦੀ ਪੇਸ਼ੀਨਗੋਈ

ਈਰਾਨ ਦੇ ਤਖ਼ਤ 'ਤੇ ਕਬਜ਼ਾ ਕਰ ਕੇ ਸਾਰੇ ਈਰਾਨ, ਤੁਰਕਿਸਤਾਨ ਤੇ ਅਫ਼ਗ਼ਾਨਿਸਤਾਨ ਨੂੰ ਆਪਣੀ ਅੱਡੀ ਥੱਲੇ ਨਪ ਲੈਣ ਵਾਲਾ, ਅਫ਼ਗ਼ਾਨਾਂ ਨੂੰ ਲੁਟ ਪੁਟ ਕੇ ਮਾਰ ਮਾਰ ਕੇ ਸਿਧਿਆਂ ਕਰ ਦੇਣ ਵਾਲਾ, ਮੁਗ਼ਲਾਂ ਦੀ ਹਿੰਦੁਸਤਾਨ ਵਿਚ ਦੋ ਸੌ ਸਾਲ ਤੋਂ ਵੱਧ ਸਮੇਂ ਤਕ ਪੁਸ਼ਤ-ਦਰ-ਪੁਸ਼ਤ ਪੱਕੇ ਪੈਰੀਂ ਜੰਮੀ ਹੋਈ ਹਕੂਮਤ ਨੂੰ ਭੰਨ ਤੋੜ ਦੇਣ ਵਾਲਾ, ਤਲਵਾਰ ਦੇ ਜ਼ੋਰ ਨਾਲ ਆਪਣੇ ਪੁਤ ਨਾਸਰ ਸ਼ਾਹ ਨਾਲ ਮੁਗ਼ਲ ਸਮਰਾਟ ਦੀ ਲੜਕੀ ਵਿਆਹ ਲਿਜਾਣ ਵਾਲਾ, ਮੁਗ਼ਲ ਰਾਜ ਦੀ ਰਾਜਧਾਨੀ ਵਿਚ ਕਤਲਾਮ ਮਚਾ ਕੇ ਪੂਰੀ ਤਰ੍ਹਾਂ ਲੁਟ ਪੁਟ ਸਾੜ-ਫੂਕ ਕੇ ਬਰਬਾਦ ਕਰ ਦੇਣ ਵਾਲਾ, ਕਦੇ ਕੋਈ ਗੱਲ ਕਿਸਮਤ 'ਤੇ ਨਾ ਛਡਣ ਵਾਲਾ[੧], ਤੇ ਜਿਸ ਦੇ ਨਾਉਂ ਤੋਂ ਏਸ਼ੀਆ ਤੇ ਯੂਰਪ ਨੂੰ ਕਾਂਬਾ ਛਿੜ ਜਾਂਦਾ ਸੀ, ਉਹ ਨਾਦਰ ਸ਼ਾਹ ਡਾਢਾ ਸੂਰਮਾ ਜੰਗਲਾਂ ਵਿਚ ਫਾਕੇ ਕੱਟ ਕੇ ਗੁਜ਼ਾਰਾ ਕਰਦੇ ਤੇ ਸਦਾ ਮੌਤ ਦੇ ਪਰਛਾਵੇਂ ਥਲੇ ਰਹਿੰਦੇ ਸਿੰਘਾਂ ਹੱਥੋਂ ਆਤਰ ਹੋ ਕੇ ਇਸ ਤਰ੍ਹਾਂ ਬਿਲਬਿਲਾ ਉਠਿਆ ਕਿ ਜਦ ਵਾਪਸ ਮੁੜਦਾ ਸਿਆਲਕੋਟ ਪਾਸ ਮਈ ਦੇ ਅਖ਼ੀਰ ਵਿਚ ਜ਼ਕਰੀਆ ਖ਼ਾਨ ਨੂੰ ਮਿਲਿਆ ਤਾਂ ਉਸ ਨੂੰ ਪਹਿਲਾ ਸਵਾਲ ਇਹ ਕੀਤਾ ਕਿ ਜਿਨ੍ਹਾਂ ਸਿਖ ਕਜ਼ਾਕਾਂ ਨੇ ਮੇਰਾ ਰਤੀ ਵੀ ਡਰ ਨਹੀਂ ਮੰਨਿਆ ਤੇ ਮੇਰੀ ਦਿੱਲੀ

---

੧. ਉਸ ਦੀ ਚਤੁਰਾਈ ਤੇ ਹੁਸ਼ਿਆਰੀ ਦੀ ਇਕ ਮਿਸਾਲ ਹੈ, ਜਦ ਉਹ ਪਹਿਲੀ ਵਾਰ ਹਾਥੀ ਉਤੇ ਸਵਾਰ ਹੋਇਆ ਤਾਂ ਮਹਾਵਤ ਨੂੰ ਕਿਹਾ ਕਿ ਇਸ ਦੀਆਂ ਵਾਗਾਂ ਮੈਨੂੰ ਫੜਾ ਦੇਹ। ਮਹਾਵਤ ਨੇ ਕਿਹਾ, "ਹਜ਼ੂਰ ਇਸ ਦੀਆਂ ਵਾਗਾਂ ਨਹੀਂ ਹੁੰਦੀਆਂ, ਇਸ ਨੂੰ ਅੰਕਸ ਨਾਲ ਕਾਬੂ ਵਿਚ ਰਖੀਦਾ ਹੈ ਤੇ ਉਹ ਮੇਰੇ ਪਾਸ ਹੈ।" ਨਾਦਰ ਸ਼ਾਹ ਨੇ ਫ਼ੌਰਨ ਕਿਹਾ ਕਿ ਇਸ ਨੂੰ ਤੁਰੰਤ ਬਿਠਾ ਦੇਹ, ਤਾਕਿ ਮੈਂ ਉਤਰ ਜਾਵਾਂ। ਉਹ ਸਵਾਰੀ ਕਿਸ ਕੰਮ ਦੀ ਹੈ ਜਿਸ ਦੀਆਂ ਵਾਗਾਂ ਸਵਾਰ ਦੇ ਹੱਥ ਵਿਚ ਨਾ ਹੋਣ। ਉਹ ਫ਼ੌਰਨ ਥੱਲੇ ਉਤਰ ਗਿਆ।

ਦੀ ਲੁਟ ਨਾਲ ਲੱਦੀ ਹੋਈ ਫ਼ੌਜ ਦਾ ਪਿਛਾ ਲੁਟ ਮਾਰਿਆ ਹੈ ਤੇ ਜਿਨ੍ਹਾਂ ਦੇ ਹੱਲਿਆਂ ਡਰੋਂ ਮੇਰੀ ਫ਼ੌਜ ਦੀ ਕੂਚ ਵੇਲੇ ਰਾਹ ਵਿਚ ਤਰਤੀਬ ਬਾਰ ਬਾਰ ਟੁਟ ਜਾਂਦੀ ਹੈ, ਤੇ ਫ਼ੌਜ ਵਿਚ ਖ਼ਤਰੇ ਦੇ ਨਿੱਤ ਅਲਾਰਮ ਵਜਦੇ ਰਹਿੰਦੇ ਹਨ, ਇਹ ਕੌਣ ਲੋਕ ਹਨ ? ਏਨ੍ਹਾਂ ਦੀ ਏਡੀ ਜੁਰਅਤ ਕਿ ਬੱਬਰ ਸ਼ੇਰ ਦੀਆਂ ਮੁੱਛਾਂ ਨੂੰ ਹੱਥ ਪਾ ਕੇ ਉਸ ਦੀਆਂ ਜਾੜ੍ਹਾਂ 'ਚੋਂ ਮਾਸ ਖਿਚ ਲੈਣ।

ਖ਼ਾਨ ਬਹਾਦਰ ਨੇ ਗੰਭੀਰਤਾ ਨਾਲ ਜੁਆਬ ਦਿਤਾ ਕਿ ਜਹਾਂ ਪਨਾਹ ! ਇਹ ਫ਼ਕੀਰਾਂ ਦਾ ਅਜਬ ਢੰਗ ਦਾ ਟੋਲਾ ਹੈ ਤੇ ਇਨ੍ਹਾਂ ਨੂੰ ਖ਼ਾਲਸਾ ਪੰਥ ਕਿਹਾ ਜਾਂਦਾ ਹੈ। ਇਹ ਛੇ ਮਹੀਨਿਆਂ ਪਿਛੋਂ ਅੰਮ੍ਰਿਤਸਰ ਦੇ ਸਰੋਵਰ ਵਿਚ ਇਸ਼ਨਾਨ ਕਰਨ ਆਉਂਦੇ ਹਨ ਤੇ ਕਰ ਕੇ ਮੁੜ ਜਾਂਦੇ ਹਨ। ਅਸੀਂ ਇਨ੍ਹਾਂ ਨੂੰ ਮਾਰ ਮਾਰ ਹੰਭ ਗਏ ਹਾਂ, ਇਹ ਮੁਕਣ ਵਿਚ ਨਹੀਂ ਆਉਂਦੇ। ਗੁਲਾਬ ਦੇ ਬੂਟੇ ਵਾਂਗ ਜਿਉਂ ਜਿਉਂ ਵਢਦੇ-ਕਟਦੇ ਹਾਂ, ਤਿਉਂ ਤਿਉਂ ਵਧੇਰੇ ਫੈਲਦੇ ਹਨ। ਪਲੇ ਪਲ ਆ ਕੇ ਆਬ-ਏ-ਹਯਾਤ ਪੀ ਕੇ ਇਸ ਮਜ਼ਹਬ ਵਿਚ ਰਲਦੇ ਜਾਂਦੇ ਹਨ। ਤੇ ਇਨ੍ਹਾਂ ਦੇ ਘੋੜੇ ਪਤਾ ਨਹੀਂ, ਲੋਹੇ ਦੇ ਬਣੇ ਹਨ, ਸੌ ਸੌ ਮੀਲ ਦੀ ਮੰਜ਼ਲ ਮਾਰ ਕੇ ਜਾ ਧਾਵੇ ਕਰਦੇ ਹਨ। ਜੰਗਲਾਂ ਵਿਚੋਂ ਸਾਗ ਪਾਤ, ਫਲ ਫੁਲ ਤੇ ਕੰਦ ਮੂਲ ਆਦਿ ਖਾ ਕੇ ਗੁਜ਼ਾਰਾ ਕਰ ਲੈਂਦੇ ਹਨ। ਨਾ ਗਰਮੀ ਸਰਦੀ ਇਨ੍ਹਾਂ ਨੂੰ ਪੋਂਹਦੀ ਹੈ ਨਾ ਕੋਈ ਬੀਮਾਰੀ ਹੀ ਲਾਗੇ ਲਗਦੀ ਹੈ। ਕੱਛੇ ਉਤੋਂ ਦੀ ਭੂਰੇ ਦੀ ਗਿਲਤੀ ਨਾਲ ਹਾੜ ਸਿਆਲ ਗੁਜ਼ਾਰ ਲੈਂਦੇ ਹਨ। ਪਰ ਹਥਿਆਰ ਜਿੰਨੇ ਵੀ ਮਿਲ ਜਾਣ ਥੋੜੇ ਹਨ। ਤੁਰਦੇ ਫਿਰਦੇ ਹੀ ਖਾ ਪੀ ਤੇ ਸੌਂ ਲੈਂਦੇ ਹਨ। ਦੰਗਾ ਕਰਨਾ ਤਾਂ ਇਹਨਾਂ ਦੀ ਜਾਤ ਗੋਤ ਹੈ। ਲੜਨ ਭਿੜਨ ਦੇ ਬੜੇ ਆਸ਼ਕ ਹਨ। ਮੌਤ ਨੂੰ ਅਗਲ-ਵਾਂਢੀ ਹੋ ਕੇ ਟਿਚਰਾਂ ਕਰਦੇ ਹਨ। ਪੰਜ ਹੋਣ ਤਾਂ ਪੰਜ ਸੌ ਨਾਲ ਹੀ ਮੱਥਾ ਡਾਹ ਲੈਂਦੇ ਹਨ। ਜ਼ਖ਼ਮਾਂ ਦੀ ਤਾਂ ਜ਼ਰਾ ਵੀ ਪਰਵਾਹ ਨਹੀਂ ਕਰਦੇ, ਆਪੇ ਹੀ ਮਿਲ-ਮੁਲ ਜਾਂਦੇ ਹਨ। ਹਕੂਮਤ ਦੇ ਖ਼ਿਲਾਫ਼ ਹਰ ਵੇਲੇ ਲੱਕ ਬੰਨ੍ਹੀ ਫਿਰਦੇ ਹਨ ਤੇ ਜ਼ੁਲਮ ਦਾ ਟਾਕਰਾ ਕਰਨਾ ਧਰਮ ਸਮਝਦੇ ਹਨ। ਇਕ ਰੱਬ ਤੋਂ ਬਿਨਾਂ ਕਿਸੇ ਨੂੰ ਨਹੀਂ ਮੰਨਦੇ ਤੇ ਦੋਵੇਂ ਵੇਲੇ ਆਪਣੇ ਮੁਰਸ਼ਿਦ ਦਾ ਕਲਾਮ (ਗੁਰਬਾਣੀ) ਪੜ੍ਹਦੇ ਹਨ। ਇਨ੍ਹਾਂ ਦੀਆਂ ਤਾਂ ਹਜ਼ੂਰ ਅਜਬ ਹੀ ਗੱਲਾਂ ਹਨ।

ਨਾਦਰ ਸ਼ਾਹ ਨੇ ਮੁੜ ਸਵਾਲ ਕੀਤਾ ਕਿ ਇਨ੍ਹਾਂ ਦੇ ਘਰ ਘਾਟ ਤਾਂ ਕਿਤੇ ਹੋਣਗੇ ਹੀ ? ਦੱਸੋ, ਉਨ੍ਹਾਂ ਨੂੰ ਬਰਬਾਦ ਕਰ ਦਿਤਾ ਜਾਵੇ। ਖ਼ਾਨ ਬਹਾਦਰ ਨੇ

ਉੱਤਰ ਵਿਚ ਕਿਹਾ ਕਿ ਇਨ੍ਹਾਂ ਦੇ ਘਰ ਘਾਟ ਇਨ੍ਹਾਂ ਦਿਆਂ ਘੋੜਿਆਂ ਦੀਆਂ ਕਾਠੀਆਂ ਉਤੇ ਹੀ ਹਨ। ਨਾਦਰ ਸ਼ਾਹ ਫਿਰ ਬੋਲਿਆ : ਇਹ ਹਥਿਆਰ, ਘੋੜੇ ਤੇ ਹੋਰ ਸਾਜ਼ੋ-ਸਾਮਾਨ ਕਿਥੋਂ ਹਾਸਲ ਕਰਦੇ ਹਨ ? ਜ਼ਕਰੀਆ ਖ਼ਾਨ ਨੇ ਧੀਮੀ ਸੁਰ ਵਿਚ ਜਵਾਬ ਦਿਤਾ : ਜਿਵੇਂ ਹਜ਼ੂਰ ਜਹਾਂ ਪਨਾਹ ਜੈਸੇ ਦੁਨੀਆ ਦੇ ਸਭ ਤੋਂ ਤਾਕਤਵਾਰ ਪਾਤਸ਼ਾਹ ਦੀ ਫ਼ੌਜ ਤੋਂ, ਹਜ਼ੂਰ ਦੀਆਂ ਅੱਖਾਂ ਸਾਹਮਣੇ ਹੀ ਧਨ ਮਾਲ ਲੁਟ ਲਿਆ, ਇੰਜ ਹੀ ਸਾਡੀਆਂ ਹਿੰਦੁਸਤਾਨ ਦੀਆਂ ਫ਼ੌਜਾਂ ਤੋਂ ਹਥਿਆਰ, ਘੋੜੇ ਤੇ ਹੋਰ ਸਾਜ਼ੋ ਸਮਾਨ ਖੋਹ ਖਿੰਜ ਕੇ ਲੈ ਜਾਂਦੇ ਹਨ।

ਇਹ ਸੁਣ ਕੇ ਨਾਦਰ ਸ਼ਾਹ ਮੁਸਕਰਾ ਪਿਆ ਤੇ ਕਹਿਣ ਲੱਗਾ, "ਪੁੱਤਰ ਜ਼ਕਰੀਆ ਖ਼ਾਨ, ਇਨ੍ਹਾਂ ਤੋਂ ਡਰਨਾ ਚਾਹੀਦਾ ਹੈ। ਉਹ ਸਮਾਂ ਦੂਰ ਨਹੀਂ ਜਦ ਇਹ ਸਿਰ ਕਢਣਗੇ ਤੇ ਇਸ ਮੁਲਕ ਦੇ ਮਾਲਕ ਬਣ ਜਾਣਗੇ।"[੧] ਕੁਝ ਦੇਰ ਚੁਪ ਰਹਿਣ ਪਿਛੋਂ ਨਾਦਰ ਸ਼ਾਹ ਨੇ ਫਿਰ ਕਿਹਾ : ਭਾਵੇਂ ਇਹ ਤੁਹਾਡੇ ਸਾਡੇ ਮਾਰਨ ਦੇ ਨਹੀਂ, ਪਰ ਫਿਰ ਵੀ ਜਿਥੋਂ ਤਕ ਹੋਵੇ, ਮੁਹਤਾਤ ਰਹੋ। ਆਪਣੇ ਬਚਾਅ ਲਈ ਜੇ ਹੋ ਸਕੇ ਤਾਂ ਸਖ਼ਤੀ ਜਾਰੀ ਰਖੋ। ਤੇਰੀ ਸਹਾਇਤਾ ਲਈ ਦਿੱਲੀ ਨੂੰ ਲਿਖ ਦੇਂਦਾ ਹਾਂ। ਮੇਰੇ ਵਲੋਂ ਸਹਾਇਤਾ ਲਈ ਮਾਲ-ਗੁਜ਼ਾਰੀ ਦਾ ਇਕ ਖ਼ਾਸ ਹਿੱਸਾ ਮੁਆਫ਼ ਕੀਤਾ ਜਾਂਦਾ ਹੈ। ਜਿਵੇਂ ਤੇ ਜਦ ਤਕ ਹੋ ਸਕਦੈ, ਆਪਣਾ ਬਚਾਅ ਕਰੋ।

---

੧. ਨਾਦਰ ਸ਼ਾਹ ਅਜ਼ ਖ਼ਾਨ ਬਹਾਦਰ ਪੁਰਸੀਦ ਕਿ ਦਰ ਮੁਲਕਿ ਸ਼ੁਮਾ ਕੁਦਾਮ ਮੁਫ਼ਾਸਦ ਅਸਤ ਯਾ ਨਾ ? ਗੁਫ਼ਤ, ਨੇਸਤ। ਮਗਰ ਆਂ ਕਿਹ ਗਰੋਹੇ ਅਜ਼ ਹਨੂਦ ਫ਼ਕੀਰਾਂ, ਹਸਤੰਦ ਕਿ ਬਾਅਦ ਸ਼ਸ਼ ਮਾਹ ਬਰ ਤਾਲਾਬਿ ਗੁਰੂ ਮੀ ਆਇੰਦ, ਵ ਗ਼ੁਸਲ ਨਮੂਦਾਹ ਮੁਤਫ਼ਰਕ ਮੀ ਸ਼ਵੰਦ। ਨਾਦਰ ਸ਼ਾਹ ਗੁਫ਼ਤ, ਖ਼ਾਨਾਇ ਓਸ਼ਾਂ ਕੁਜਾ ਅਸਤ ? ਖ਼ਾਨ ਬਹਾਦਰ ਗੁਫ਼ਤ, ਖ਼ਾਨਾਇ, ਓਸ਼ਾਂ ਜ਼ੀਨਿ ਅਸਪ। ਬਾਦਸ਼ਾਹ ਬਖ਼ੰਦੀਦ ਵ ਗੁਫ਼ਤ, ਅਜ਼ ਏਸ਼ਾਂ ਪੁਰ ਹਾਜ਼ਰ ਬਾਇਦ ਬੂਦ। ਨਜ਼ਦੀਕ ਅਸਤ ਕਿ ਈਂ ਮੁਫ਼ਾਸਦਾਹ ਸਰ ਖ਼ਾਹਿੰਦ ਕਸ਼ੀਦ ਵ ਈਂ ਮੁਲਕ ਰਾ ਖ਼ਾਹਿੰਦ ਗ੍ਰਿਫ਼ਤ।

(ਅਹਿਮਦ ਸ਼ਾਹ ਬਟਾਲੀਆ—ਤਾਰੀਖ਼ਿ-ਹਿੰਦ ਵ ਮਲੂਕਿ ਆਂ ਜ਼ਿਕਰਿ ਗੁਰੂਆਂ ਵ ਇਬਤਦਾਇ ਸਿੰਘਾਂ, ਸਫ਼ਾ ੧੩)

ਨੋਟ : ਖ਼ਾਨ ਬਹਾਦਰ ਦਾ ਸਿੰਘਾਂ ਨੂੰ ਹਿੰਦੂ ਫ਼ਕੀਰਾਂ ਦਾ ਗ੍ਰੋਹ ਕਹਿਣਾ ਉਸ ਦੀ ਭੁਲ ਸੀ। ਜਦ ਇਕ ਗਵਰਨਰ ਦੇ ਸਿੱਖਾਂ ਬਾਰੇ ਗਿਆਨ ਦਾ ਇਹ ਹਾਲ ਸੀ ਤਾਂ ਹੋਰਨਾਂ ਨੇ ਇਨ੍ਹਾਂ ਦਾ ਇਤਿਹਾਸ ਸਹੀ ਕਿਥੋਂ ਲਿਖਣਾ ਸੀ ! ਇਥੋਂ ਇਹ ਭਲੀ ਭਾਂਤ ਸਾਫ਼ ਹੋ ਜਾਂਦਾ ਹੈ ਕਿ ਸਿੱਖਾਂ ਨੇ ਜੋ ਘਾਲਾਂ ਘਾਲੀਆਂ ਹਨ, ਅਸਲ ਵਿਚ ਉਨ੍ਹਾਂ ਦੇ ਕਿਨਵੇਂ ਕੁ ਹਿੱਸੇ ਦਾ ਸਾਨੂੰ ਵੇਲੇ ਦੇ ਮੁਤਅਸਬੀ ਲਿਖਾਰੀਆਂ ਦੀਆਂ ਲਿਖਤਾਂ ਤੋਂ ਪਤਾ ਲਗ ਸਕਦਾ ਹੈ।

ਜ਼ਕਰੀਆ ਖ਼ਾਨ ਵਲੋਂ ਪਹਿਲਾਂ ਨਾਲੋਂ ਜ਼ਿਆਦਾ ਸਖ਼ਤੀ

ਜ਼ਕਰੀਆ ਖ਼ਾਨ ਨੇ ਸਿੰਘਾਂ ਨਾਲ ਸਖ਼ਤੀ ਕਰਨ ਵਿਚ ਭਾਵੇਂ ਢਿਲ ਤਾਂ ਕੋਈ ਪਹਿਲਾਂ ਹੀ ਨਹੀਂ ਸੀ ਗੁਜ਼ਾਰੀ, ਪਰ ਨਾਦਰ ਸ਼ਾਹ ਨਾਲ ਹੋਈ ਬਾਤ-ਚੀਤ ਤੋਂ ਉਸ ਨੂੰ ਬੜੀ ਨਿਮੋਸ਼ੀ ਆਈ, ਉਸ ਨੇ ਤਮਕ ਖਾਧੀ ਤੇ ਕ੍ਰੋਧ ਵਿਚ ਮੱਚ ਉਠਿਆ। ਸੋ ਉਸ ਨੇ ਨਵੇਂ ਸਿਰਿਓਂ ਇਕ-ਵਢੋਂ ਹੀ ਖਾਲਸੇ ਦੀ ਕਤਲਾਮ ਸ਼ੁਰੂ ਕਰ ਦਿਤੀ। ਇਹ ਮਈ ੧੭੩੯ ਤੋਂ ਲੈ ਕੇ ੧੭੪੬ ਈ: ਤਕ (ਯਾਹੀਆ ਖ਼ਾਨ ਦੇ ਸਮੇਂ) ਪੂਰੀ ਸਰਗਰਮੀ ਨਾਲ ਚਾਲੂ ਰਹੀ। ਸਾਰਿਆਂ ਇਲਾਕਿਆਂ ਦਿਆਂ ਚੌਧਰੀਆਂ, ਨੰਬਰਦਾਰਾਂ ਆਦਿ ਨੂੰ ਹੁਕਮ ਜਾਰੀ ਕੀਤੇ ਗਏ ਕਿ ਕਿਸੇ ਵੀ ਪਿੰਡ ਵਿਚ ਕੋਈ ਸਿਖ ਰਹਿਣ ਨਾ ਦਿਤਾ ਜਾਏ। ਆਪ ਮਾਰੋ ਜਾਂ ਜ਼ਿੰਦਾ ਫੜਵਾਓ। ਸਿਰਾਂ ਦੇ ਹਿਸਾਬ ਨਾਲ ਇਨਾਮ ਪਾਵੋ।

ਸ੍ਰੀ ਅੰਮ੍ਰਿਤਸਰ ਤੇ ਤਰਨ ਤਾਰਨ ਦੇ ਸਰੋਵਰਾਂ ਉਦਾਲੇ ਚੌਕੀ ਪਹਿਰੇ ਹੋਰ ਪੱਕੇ ਕਰ ਦਿਤੇ ਕਿ ਇਸ਼ਨਾਨ[1] ਨੂੰ ਆਇਆ ਕੋਈ ਸਿਖ ਜ਼ਿੰਦਾ ਬਚ ਕੇ ਨਾ ਜਾਵੇ।

ਹਰਭਗਤ ਨਿਰੰਜਨੀਏ, ਜੰਡਿਆਲੇ ਵਾਲੇ (ਆਕਲ ਦਾਸ), ਰਾਮੇ ਰੰਧਾਵੇ ਘਣੀਏ ਵਾਲੇ, ਕਰਮੇ ਛੀਨੇ, ਧਰਮ ਦਾਸ ਤੋਪੀ ਜੋਧਾ ਨਗਰੀਏ, ਸਾਹਿਬ ਰਾਇ ਸੰਧੂ ਨੌਸ਼ਹਿਰੀਏ, ਹੈਬਤ ਮੱਲ ਧਨੋਸਟੇ ਵਾਲੇ, ਰਾਇ ਖ਼ੁਸ਼ਹਾਲੀ ਸੰਧੂ ਕਾਨ੍ਹੇਂ ਵਾਲੇ,

---

੧. ਨਾਦਰਸ਼ਾਹ ਦੇ ਹੱਲੇ ਵੇਲੇ ਜੋ ਰਾਮ-ਰੌਲਾ ਮੱਚਿਆ ਸੀ, ਉਸ ਵਿਚ ਹਕੂਮਤ ਸਿੱਖਾਂ ਵੱਲ ਪੂਰਾ ਧਿਆਨ ਨਾ ਦੇ ਸਕੀ ਤੇ ਇਸ ਢਿਲ ਕਰਕੇ ਸਿੰਘ ਦਰਸ਼ਨ ਇਸ਼ਨਾਨ ਨੂੰ ਆਉਣ ਲੱਗ ਪਏ ਸਨ।

ਮੱਦੋ ਚੌਧਰੀ ਮਜੀਠੇ ਵਾਲੇ ਆਦਿਕ ਨੇ ਸਿਖ ਫੜਵਾਉਣ ਅਤੇ ਮਰਵਾਉਣ ਵਿਚ ਬਹੁਤ ਵਧ ਚੜ੍ਹ ਕੇ ਹਿੱਸਾ ਲਿਆ। ਬਹੁਤ ਸਾਰੇ ਰਾਠ ਸਿੰਘ ਤਾਂ ਪਹਿਲਾਂ ਹੀ ਮਾਲਵੇ ਵਲ ਨੂੰ ਸਰਕ ਗਏ ਸਨ। ਵਾਹੀਆਂ ਤੇ ਹੋਰ ਕਾਰ ਵਿਹਾਰ ਕਰਨ ਵਾਲੇ, ਜੋ ਅਮਨ ਨਾਲ ਵਸਦੇ ਸਨ, ਜਦ ਉਨ੍ਹਾਂ ਨੂੰ ਵੀ ਨਾ ਬਖ਼ਸ਼ਿਆ ਗਿਆ ਤਾਂ ਪਿੰਡਾਂ ਦੇ ਪਿੰਡ ਖ਼ਾਲੀ ਹੋ ਗਏ। ਬਹੁਤੇ ਹਠੀ ਤੇ ਸਿਰੜੀ ਪੰਜਾਬ ਛਡ ਕੇ ਤਾਂ ਨਾ ਗਏ, ਪਰ ਜੰਗਲਾਂ ਬੇਲਿਆਂ ਵਿਚ ਪ੍ਰੇਡੇ ਜਾ ਟਿਕੇ ਤੇ ਸਰਕਾਰ ਦੇ ਇਸ ਦਾਅਵੇ ਨੂੰ ਝੂਠਾ ਕਰਨ ਲਈ, ਕਿ ਸਿੰਘ ਖ਼ਤਮ ਕਰ ਦਿਤੇ ਗਏ ਹਨ, ਭੇਸ ਬਦਲ ਕੇ ਮੌਕਾ ਪਾ ਕੇ ਇਸ਼ਨਾਨ ਕਰ ਕੇ ਜੈਕਾਰੇ ਗਜਾਂਦੇ ਸਰਕਾਰ ਨੂੰ ਵੰਗਾਰ ਆਉਂਦੇ ਕਿ ਸਿਖ ਇਥੇ ਹੀ ਤੁਹਾਡੀ ਹਿਕ 'ਤੇ ਚੜ੍ਹੇ ਫਿਰਦੇ ਹਨ, ਅਜੇ ਕਿਧਰੇ ਨਹੀਂ ਗਏ। ਨਿਤ ਪੰਜਾਬ ਵਿਚ ਹੀ ਗਜਣਗੇ।

ਮੱਸੇ ਰੰਘੜ ਦਾ ਬੇਅਦਬੀ ਲਈ ਦਰਬਾਰ ਸਾਹਿਬ ਡੇਰਾ ਲਾਉਣਾ

ਸ੍ਰੀ ਅੰਮ੍ਰਿਤਸਰ ਮੱਸੇ ਰੰਘੜ[੧] ਮੰਡਿਆਲੀਏ ਦੀ ਚੌਧਰਾਇਤ ਵਿਚ ਸੀ। ਉਸ ਨੂੰ ਖ਼ਾਨ ਬਹਾਦਰ ਨੇ ਲਾਹੌਰ ਬੁਲਾ ਕੇ ਹੁਕਮ ਦਿਤਾ ਕਿ ਅਬਦੁੱਰਜ਼ਾਕ ਦੇ ਮਾਰੇ ਜਾਣ ਪਿਛੋਂ ਦਰਬਾਰ ਸਾਹਿਬ ਦੇ ਉਦਾਲੇ ਪਹਿਰੇ ਵਿਚ ਜੋ ਢਿਲ ਆਈ ਹੈ, ਇਸ ਨੂੰ ਫਿਰ ਕਰੜਾ ਕੀਤਾ ਜਾਵੇ। ਸਿੱਖਾਂ ਨੂੰ ਲਾਗੇ ਨਾ ਆਉਣ ਦਿਤਾ ਜਾਵੇ ਅਤੇ ਜਿੰਨਾ ਜਲਦੀ ਹੋ ਸਕੇ, ਸਰੋਵਰ ਨੂੰ ਮੁੰਦ ਦਿਤਾ ਜਾਵੇ।[੨]

ਮੱਸੇ ਰੰਘੜ ਨੇ ਇਹ ਬੀੜਾ ਚੁਕ ਲਿਆ ਤੇ ਇਹ ਕੰਮ ਸਿਰੇ ਚੜ੍ਹਾਉਣ ਲਈ ਬਹੁਤ ਸਾਰੀ ਫ਼ੌਜ ਲਾਹੌਰੋਂ ਨਾਲ ਲੈ ਲਈ। ਸ੍ਰੀ ਅੰਮ੍ਰਿਤਸਰ ਪਹੁੰਚ ਕੇ ਸਾਰੇ ਸ਼ਹਿਰ ਨੂੰ ਘੇਰੇ ਵਿਚ ਲੈ ਲਿਆ ਤੇ ਦਰਬਾਰ ਸਾਹਿਬ ਦੁਆਲੇ ਬੜੇ ਕਰੜੇ ਪਹਿਰੇ ਲਾ ਕੇ ਆਪਣਾ ਹੈੱਡ-ਕੁਆਰਟਰ ਦਰਬਾਰ ਸਾਹਿਬ ਨੂੰ ਬਣਾ ਲਿਆ। ਸਾਰੇ ਸ਼ਹਿਰ ਤੇ ਇਰਦ ਗਿਰਦ ਦੀਆਂ ਬਸਤੀਆਂ ਵਿਚ ਡੌਂਡੀ ਪਿਟਵਾ ਦਿਤੀ ਕਿ ਹਰ

---

੧. ਮੱਸੇ ਰੰਘੜ ਦਾ ਪੂਰਾ ਨਾਉਂ ਮਸਾਹੁੱਦੀਨ ਖ਼ਾਨ ਸੀ, ਜਿਸ ਦੇ ਅਰਥ ਹਨ—ਦੀਨ ਨੂੰ ਸਹੀ ਰਖਣ ਵਾਲਾ।

੨. ਅੰਮ੍ਰਿਤਸਰੀ ਤੇ ਲਾਹੌਰੀ ਮੁਲਾਣਿਆਂ ਤੇ ਉਲਿਮਾਵਾਂ ਨੇ ਖ਼ਾਨ ਬਹਾਦਰ ਨੂੰ ਚਿਰੋਕਣਾ ਪ੍ਰੇਰਿਆ ਸੀ ਕਿ ਸਰੋਵਰ ਪੂਰ ਕੇ ਦਰਬਾਰ ਸਾਹਿਬ ਨੂੰ ਢਾਹ ਕੇ ਇਥੇ ਬੜੀ ਵੱਡੀ ਜਾਮਿਅ ਮਸਜਿਦ ਬਣਾ ਦਿਤੀ ਜਾਵੇ। ਸਿਖ ਆਪਣੇ ਆਪ ਹੀ ਨਸ਼ਟ ਹੋ ਜਾਣਗੇ। ਇਹੋ ਸੋਚ ਤੇ ਵਿਉਂਤ ਯਾਹੀਆ ਖ਼ਾਨ, ਸ਼ਾਹ ਨਵਾਜ਼ ਤੇ ਫਿਰ ਮੀਰ ਮੰਨੂੰ ਦਿਆਂ ਦਿਮਾਗ਼ਾਂ ਵਿਚ ਵੱਸੀ ਰਹੀ। ਆਪਣੇ ਇਰਾਦੇ ਦੀ ਪੂਰਤੀ ਲਈ ਉਹ ਯਥਾ ਯੋਗ ਉਪਰਾਲੇ ਕਰਦੇ ਰਹੇ, ਪਰ ਇਸ ਵਿਉਂਤ ਨੂੰ ਇਨ੍ਹਾਂ 'ਚੋਂ ਕੋਈ ਵੀ ਸਿਰੇ ਨਾ ਚਾੜ੍ਹ ਸਕਿਆ। ਇਸ ਅਰਸੇ ਵਿਚ ਦਰਬਾਰ ਸਾਹਿਬ ਉਤੇ ਹੋਏ ਹੱਲਿਆਂ ਦਾ ਆਧਾਰ ਇਹੋ ਹੀ ਸੋਚ ਰਹੀ ਹੈ।

ਮੁਸਲਮਾਨ ਦਾ ਇਹ ਦੀਨੀ ਫ਼ਰਜ਼ ਹੈ ਕਿ ਕਾਫ਼ਰਾਂ ਦਾ ਧਾਰਮਕ ਕੇਂਦਰ ਸਦਾ ਲਈ ਖ਼ਤਮ ਕਰ ਦੇਣ ਵਿਚ ਸਰਕਾਰ ਦਾ ਹੱਥ ਵਟਾਵੇ ਤੇ ਸਵਾਬ ਹਾਸਿਲ ਕਰੇ। ਲਾਚਾਰ ਤੇ ਅਸਮਰੱਥ ਹਿੰਦੂਆਂ ਨੂੰ ਨੇਜ਼ੇ ਦੀ ਨੋਕ ਅੱਗੇ ਲਾ ਕੇ ਸਰੋਵਰ ਪੂਰਨ ਦੇ ਕੰਮ ਵਿਚ ਜੋਅ ਲਿਆ। ਸ਼ਹਿਰ ਦਾ ਕੂੜਾ ਕਰਕਟ, ਮਿੱਟੀ, ਮਲਬਾ ਤੇ ਡੰਗਰਾਂ ਦੇ ਹੱਡ ਚੰਮ ਸਰੋਵਰ ਵਿਚ ਸੁਟਣੇ ਅਰੰਭ ਹੋ ਗਏ। ਪਰਕਰਮਾ ਵਿਚ ਹੀ ਗਊਆਂ ਵਹਿੜੇ ਹਲਾਲ ਕਰ ਕੇ ਫ਼ੌਜ ਵਾਸਤੇ ਦੇਗਾਂ ਵਿਚ ਰਿਝਣੇ ਸ਼ੁਰੂ ਹੋ ਗਏ। ਦਰਬਾਰ ਸਾਹਿਬ ਵਿਚ ਤੇ ਅਕਾਲ ਤਖ਼ਤ ਉਤੇ ਹੁੱਕੇ ਗੁੜਗੁੜਾਉਣ ਤੇ ਸ਼ਰਾਬ ਦੇ ਖੁਲ੍ਹੇ ਦੌਰ ਚਲਣ ਲੱਗ ਪਏ। ਰੰਘੜ ਨੇ ਆਪ ਹਰਿਮੰਦਰ ਸਾਹਿਬ ਵਿਚ ਪਲੰਘ ਵਿਛਵਾ ਲਿਆ ਤੇ ਹੁੱਕੇ ਸ਼ਰਾਬ ਦੀ ਵਰਤੋਂ ਕਰਨ ਲੱਗਾ। ਅੰਦਰ ਮਹਿਫ਼ਲਾਂ ਜੰਮਣ ਲੱਗ ਪਈਆਂ, ਜਿਨ੍ਹਾਂ ਵਿਚ ਵੇਸ਼ਵਾਵਾਂ ਦੇ ਮੁਜਰੇ ਹੋਣ ਲੱਗੇ। ਭੰਡ ਤੇ ਕਵਾਲ ਵੀ ਆਪਣੇ ਹੁਨਰ ਪੇਸ਼ ਕਰਨ ਲਈ ਬੁਲਾ ਲਏ ਜਾਂਦੇ। ਦੁਨੀਆ ਵਿਚ ਏਡਾ ਮਾੜਾ ਕੁਕਰਮ ਕਿਸੇ ਨੇ ਵਿਰੋਧੀਆਂ ਦੇ ਧਰਮ-ਅਸਥਾਨ ਤੇ ਸ਼ਾਇਦ ਹੀ ਕੀਤਾ ਹੋਵੇ।

ਨਾਚ, ਮੁਜਰੇ, ਨਕਲਾਂ ਤੇ ਕਵਾਲੀਆਂ ਰੋਜ਼ ਦਾ ਹੀ ਨੇਮ ਬਣ ਗਿਆ।

ਮੱਸੇ ਦੀ ਇਸ ਵਧੀਕੀ ਦੀ ਖ਼ਬਰ ਸਾਰੇ ਪੰਜਾਬ ਵਿਚ ਜੰਗਲ ਦੀ ਅੱਗ ਵਾਂਗ ਫੈਲ ਗਈ। ਲੋਕ ਕਹਿਣ ਲੱਗ ਪਏ ਕਿ ਇਸ ਦਾ ਹਾਲ ਵੀ ਅਬਦੁੱਰਜ਼ਾਕ ਵਾਲਾ ਹੀ ਹੋਵੇਗਾ।

(੨੩)

ਇਸ ਵੇਲੇ ਪੰਜਾਬ ਸਿੰਘਾਂ ਤੋਂ ਖ਼ਾਲੀ ਪਿਆ ਸੀ

ਪੰਜਾਬ ਵਿਚੋਂ ਸਿੰਘਾਂ ਦੇ ਛੋਟੇ ਵੱਡੇ ਜਥੇ ਸਮੇਂ ਦੀ ਗੰਭੀਰਤਾ ਨੂੰ ਮੁਖ ਰਖ ਕੇ ਮਾਲਵੇ ਤੋਂ ਅੱਗੇ ਬੀਕਾਨੇਰ ਨੂੰ ਜਾ ਚੁਕੇ ਸਨ ਤੇ ਕਈ ਸ਼ਿਵਾਲਕ ਦੀਆਂ ਪਹਾੜੀਆਂ ਵਿਚ ਲੁਕ ਛਿਪ ਕੇ ਦਿਨ-ਕਟੀ ਕਰ ਰਹੇ ਸਨ। ਪੰਜਾਬ ਸਿੰਘਾਂ ਤੋਂ ਖ਼ਾਲੀ ਪਿਆ ਹੋਇਆ ਸੀ, ਜਿਸ ਕਰਕੇ ਮੱਸੇ ਉਤੇ ਤਤਕਾਲ ਕਾਜ਼ੀ ਅਬਦੁਰੱਜ਼ਾਕ ਵਾਂਗ ਕੋਈ ਹੱਲਾ ਨਾ ਹੋ ਸਕਿਆ। ਉਸ ਦਾ ਹੰਕਾਰ ਸਿਖਰਾਂ ਛੋਹਣ ਲੱਗਾ, ਜੋ ਬਿਲਕੁਲ ਜਾਇਜ਼ ਸੀ, ਕਿਉਂਕਿ ਦਿੱਲੀ ਤੇ ਲਾਹੌਰ ਦੀਆਂ ਸਰਕਾਰਾਂ ਉਸ ਦੀ ਪਿਠ 'ਤੇ ਸਨ, ਤੇ ਇਨ੍ਹਾਂ ਦੋਹਾਂ ਨੂੰ ਹੱਲਾ-ਸ਼ੇਰੀ ਨਾਦਰਸ਼ਾਹ ਦੀ ਸੀ। ਤਕੜੀ ਫ਼ੌਜ ਸ੍ਰੀ ਅੰਮ੍ਰਿਤਸਰ ਨੂੰ ਘੇਰੇ ਵਿਚ ਲਈ ਬੈਠੀ ਸੀ। ਕਿਸੇ ਪਾਸਿਓਂ ਡਰ ਕੋਈ ਨਹੀਂ, ਮੁਸਲਮਾਨ ਗ਼ਾਜ਼ੀਆਂ ਦਾ ਹੱਥ ਵਟਾਉਣ ਲਈ ਨਿਰਬਲ ਤੇ ਸਾਹਸ-ਹੀਣ ਹਿੰਦੂ-ਵਸੋਂ ਸੀ, ਜੋ ਬੇਗਾਰੀ ਵਿਚ ਫੜੀ ਹੋਈ ਤੇ ਮੌਤੋਂ ਡਰਦੀ ਆਪਣੇ ਹੀ ਤੀਰਥ ਨੂੰ ਢਾਹ-ਢੇਰੀ ਕਰਨ ਵਿਚ ਰੁਝੀ ਹੋਈ ਸੀ। ਕਿਸੇ ਦਾ ਹੌਸਲਾ ਨਹੀਂ ਸੀਂ ਪੈ ਰਿਹਾ ਕਿ ਦਮ ਮਾਰ ਸਕੇ। ਇਹ ਹਾਲਤ ਮੱਸੇ ਨੂੰ ਹੱਲਾ-ਸ਼ੇਰੀ ਦੇਣ ਤੇ ਭੂਏ ਕਰਨ ਲਈ ਕਾਫ਼ੀ ਸੀ। ਫ਼ੌਜ ਦੀ ਸ਼ਹਿਰ ਵਿਚੋਂ ਖੋਹ-ਮਾਹੀ ਕਰਨ ਨਾਲ ਹਾਹਾਕਾਰ ਮਚੀ ਹੋਈ ਸੀ। ਮੁਸਲਮਾਨ ਵੀ ਇਸ ਪੱਖੋਂ ਕੋਈ ਬਹੁਤੇ ਸੁਖੀ ਨਹੀਂ ਸਨ। ਸਾਰਿਆਂ ਦੀ ਜ਼ਬਾਨ 'ਤੇ ਸੀ ਕਿ ਏਨੀ ਅੱਤ ਮੱਸੇ ਨੂੰ ਮਹਿੰਗੀ ਪਵੇਗੀ।

(੨੪)

ਦੋ ਸਿੰਘਾਂ ਦਾ ਬੀਕਾਨੇਰ ਪੁੱਜਣਾ ਤੇ ਖ਼ਾਲਸੇ ਨੂੰ ਮੰਦੀ ਸੋਅ ਸੁਣਾਉਣੀ

ਸ੍ਰੀ ਅੰਮ੍ਰਿਤਸਰ ਤੇ ਤਰਨ ਤਾਰਨ ਦੇ ਵਿਚਕਾਰ ਜੰਗਲ ਵਿਚ ਦੋ ਸਿੰਘ ਲੁਕ ਛਿਪ ਕੇ ਦਿਨ ਕਟ ਰਹੇ ਸਨ। ਇਨ੍ਹਾਂ ਵਿਚੋਂ ਇਕ ਕੰਗ ਪਿੰਡ ਦਾ ਬੁਲਾਕਾ ਸਿੰਘ ਸੀ। ਮੱਸੇ ਦੀ ਅੱਤ ਦੀ ਖ਼ਬਰ ਸੁਣ ਕੇ ਲਹੂ ਦੇ ਅਥਰੂ ਰੋ ਪਿਆ। ਗੁਰੂ-ਘਰ ਦੀ ਬੇਅਦਬੀ ਹੋਵੇ ਤੇ ਸਿੰਘ ਚੁਪ ਚਾਪ ਜੀਊਂਦੇ ਤੁਰੇ ਫਿਰਨ, ਅਣਹੋਣੀ ਗੱਲ ਸੀ। ਮਿਥ ਲਿਆ ਕਿ ਮੱਸੇ ਦੀ ਫ਼ੌਜ 'ਤੇ ਜਾ ਹੱਲਾ ਕੀਤਾ ਜਾਵੇ.। ਮੱਸੇ ਨੂੰ ਮਾਰੀਏ ਜਾਂ ਸ਼ਹੀਦੀ ਪ੍ਰਾਪਤ ਕਰੀਏ। ਫਿਰ ਦਿਲ ਵਿਚ ਵਿਚਾਰ ਕੀਤੀ ਕਿ ਕੀ ਇਸ ਸ਼ਹੀਦੀ ਨਾਲ ਮੱਸਾ ਇਸ ਕੁਕਰਮ ਤੋਂ ਬਾਜ਼ ਆ ਜਾਵੇਗਾ ? ਹਰਗਿਜ਼ ਨਹੀਂ। ਫ਼ੌਜ ਸ਼ਹਿਰ ਦਾ ਉਦਾਲਾ ਮੱਲੀ ਖੜੋਤੀ ਹੈ। ਸਾਨੂੰ ਉਰੇ ਹੀ ਫੜ ਕੇ ਮਾਰ ਦੇਵੇਗੀ, ਮੱਸੇ ਤਕ ਕਿਸ ਨੇ ਪੁਜਣ ਦੇਣਾ ਹੈ ? ਹਰਿਮੰਦਰ ਸਾਹਿਬ ਦੀ ਬੇਅਦਬੀ ਪਹਿਲਾਂ ਵਾਂਗ ਹੀ ਹੁੰਦੀ ਰਹੇਗੀ। ਇਹੋ ਜਿਹੀ ਮੌਤ ਮਰੀਏ ਜਿਸ ਦੇ ਨਾਲ ਹੋ ਰਿਹਾ ਪਾਪ ਵੀ ਖ਼ਤਮ ਹੋ ਜਾਵੇ। ਇਹ ਤਦ ਹੋ ਸਕਦੈ ਜੇ ਮੱਸੇ ਨੂੰ ਮਾਰ ਕੇ ਫ਼ੌਜ ਨੂੰ ਵੀ ਨਸ਼ਟ ਕੀਤਾ ਜਾਵੇ। ਇਹ ਅਸਾਂ ਦੋਹਾਂ ਦੇ ਵੱਸ ਨਹੀਂ। ਇਸ ਲਈ ਜ਼ਰੂਰੀ ਹੈ ਕਿ ਦਲ ਖ਼ਾਲਸਾ ਨੂੰ ਖ਼ਬਰ ਕਰ ਕੇ ਉਨ੍ਹਾਂ ਨੂੰ ਚੜ੍ਹਾ ਕੇ ਲਿਆਈਏ ਤੇ ਹੱਲਾ ਕਰ ਕੇ ਦੁਸ਼ਟਾਂ ਨੂੰ ਤਹਿ-ਤੇਗ ਕਰੀਏ। ਇਸ ਤਰ੍ਹਾਂ ਆਪਾਂ ਭਾਵੇਂ ਸ਼ਹਿਰੋਂ ਬਾਹਰ ਹੀ ਮਾਰੇ ਜਾਈਏ, ਪਰ ਇਹ ਭਰੋਸਾ ਤਾਂ ਹੋਊ ਕਿ ਹੁਣ ਖ਼ਾਲਸਾ ਇਨ੍ਹਾਂ ਪਾਪੀਆਂ ਨੂੰ ਜ਼ਿੰਦਾ ਨਹੀਂ ਛੱਡੇਗਾ। ਇਹੋ ਮੌਤ ਸਾਨੂੰ ਪੁਗਦੀ ਹੈ। ਜੇ ਅਸੀਂ ਉਰੇ ਹੀ ਮਾਰੇ ਗਏ ਤੇ ਦੂਜੇ ਪਾਸੇ ਖ਼ਾਲਸੇ ਨੂੰ ਖ਼ਬਰ ਨਾ ਹੋਈ, ਰੰਘੜ ਤਾਂ ਇੰਜ ਹੀ ਮਨ-ਮਾਨੀ ਕਰੀ ਜਾਊ। ਇਹ ਮੌਤ ਅਕਾਰਥ ਜਾਵੇਗੀ। ਇਹ ਰਾਇ ਨੇਕ ਸੀ।

ਫ਼ੈਸਲਾ ਕਰ ਲਿਆ ਕਿ ਜਿੰਨੀ ਛੇਤੀ ਹੋ ਸਕੇ, ਦਲ ਖ਼ਾਲਸਾ ਨੂੰ ਚੜ੍ਹਾ ਕੇ ਲਿਆਈਏ। ਅਰਦਾਸ ਕਰ ਕੇ ਰਾਤ ਹੀ ਤੁਰ ਪਏ ਤੇ ਰਾਤੋ ਰਾਤ ਸਤਲੁਜ ਟੱਪ ਕੇ ਮਾਲਵੇ ਵਿਚ ਜਾ ਪੁਜੇ। ਮਾਲਵੇ ਵਿਚ-ਦੀ ਹੁੰਦੇ ਹੋਏ ਬੀਕਾਨੇਰ ਨੂੰ ਹੋ ਤੁਰੇ।

ਦਿਨ ਰਾਤ ਇਕ ਕਰਕੇ ਤੁਰੇ ਗਏ ਤੇ ਪੁਛਦੇ-ਪੁਛਾਂਦੇ ਹਨੂੰਮਾਨਗੜ੍ਹੋਂ ਅੱਗੇ ਜਾ ਨਿਕਲੇ। ਇਥੋਂ ਇਨ੍ਹਾਂ ਨੂੰ ਸੂਹ ਮਿਲੀ ਕਿ ਬੁੱਢੇ ਜੌਹੜ ਪਾਸ ਕੁਝ ਸਿੰਘ ਜ਼ਰੂਰ ਰਹਿੰਦੇ ਹਨ। ਬੁਲਾਕਾ ਸਿੰਘ ਹੁਣ ਧਾਈ ਕਰ ਕੇ ਬੁੱਢੇ ਜੌਹੜ ਵਲ ਨੂੰ ਹੋ ਤੁਰਿਆ। ਇਥੇ ਅੱਗੇ ਬੁੱਢਾ ਸਿੰਘ ਤੇ ਸ਼ਾਮ ਸਿੰਘ ਦੇ ਜਥੇ ਉਤਰੇ ਹੋਏ ਸਨ। ਕੁਝ ਸਿੰਘ ਰਾਜੇ ਪਾਸ ਨੌਕਰੀ ਕਾਰਨ ਟਿਕੇ ਸਨ ਤੇ ਇਹ ਵੀ ਉਨ੍ਹਾਂ ਦੇ ਵਸੀਲੇ ਨਾਲ ਇਥੇ ਆ ਗਏ ਸਨ। ਬੜੀਆਂ ਲੰਮੀਆਂ ਮੰਜ਼ਲਾਂ ਦੇ ਦੁਖੜੇ ਝਾਗਦਾ ਹੋਇਆ ਆਪਣੇ ਸਾਥੀ ਨਾਲ ਇਥੇ ਪੁਜਾ। ਕੁਝ ਸਿੰਘ ਮਿਲੇ ਤੇ ਉਨ੍ਹਾਂ ਬੁਲਾਕਾ ਸਿੰਘ ਤੋਂ ਪੰਜਾਬ ਦਾ ਹਾਲ ਪੁਛਿਆ ਤਾਂ ਉਹ ਅਗੋਂ ਰੋਣ ਤੋਂ ਬਿਨਾਂ ਕੁਝ ਚਿਰ ਵਾਸਤੇ ਕੁਝ ਨਾ ਦੱਸ ਸਕਿਆ। ਅੰਤ ਉਸ ਨੇ ਬਿਨੈ ਕੀਤੀ ਕਿ ਮੈਂ ਹਰ ਇਕ ਸਿੰਘ ਨੂੰ ਵਖ ਵਖ ਨਹੀਂ ਦੱਸ ਸਕਦਾ, ਦੀਵਾਨ ਵਿਚ ਸਾਰਿਆਂ ਨੂੰ ਇਕੋ ਵਾਰ ਸਭ ਕੁਝ ਕਹਿ ਦਿਆਂਗਾ। ਇਸ ਉੱਤਰ ਨਾਲ ਸਿੰਘਾਂ ਵਿਚ ਡੂੰਘੀ ਚਿੰਤਾ ਪੈਦਾ ਹੋ ਗਈ। ਜਥੇਦਾਰ ਨੂੰ ਵੀ ਸੂਚਨਾ ਮਿਲ ਗਈ ਕਿ ਦੋ ਸਿੰਘ ਹੁਣੇ ਹੁਣੇ ਪੰਜਾਬ 'ਚੋਂ ਆਏ ਹਨ। ਉਨ੍ਹਾਂ ਨੂੰ ਵੀ ਬੜੀ ਖ਼ੁਸ਼ੀ ਹੋਈ, ਚਾਅ ਚੜ੍ਹ ਗਿਆ ਕਿ ਪੰਜਾਬ ਦੀ ਸੁਖ-ਸਾਂਦ ਦੱਸਣਗੇ।

ਪਿਛਲੇ ਪਹਿਰ ਦਾ ਦੀਵਾਨ ਸੱਜਿਆ। ਬੁਲਾਕਾ ਸਿੰਘ ਵੀ ਸਾਥੀ ਸਮੇਤ ਦੀਵਾਨ ਵਿਚ ਹਾਜ਼ਰ ਹੋਇਆ। ਜਥੇਦਾਰ ਨੇ ਸਤਿਕਾਰ ਦਿਤਾ। ਪੰਜਾਬ ਦਾ ਹਾਲ ਫੇਰ ਦਸਿਓ, ਪਹਿਲਾਂ ਸ੍ਰੀ ਅੰਮ੍ਰਿਤਸਰ ਸਾਹਿਬ ਤੇ ਦਰਬਾਰ ਸਾਹਿਬ ਦਾ ਹਾਲ ਸੁਣਾਓ। ਸਿੰਘ ਦੇ ਅੱਲੇ ਜ਼ਖ਼ਮਾਂ ਵਿਚ ਮਾਨੋ ਨਸ਼ਤਰ ਵਜ ਗਿਆ। ਦੀਵਾਨ ਵਿਚ ਖੜੋਤਾ ਤਾਂ ਸਹੀ, ਪਰ ਕੁਝ ਬੋਲਣ ਦੀ ਥਾਂ ਧਾਈਂ ਨਿਕਲ ਗਈਆਂ। ਪਰ ਫਿਰ ਸੰਭਲ ਕੇ ਬੋਲਿਆ, "ਉਥੋਂ ਦਾ ਕੀ ਹਾਲ ਪੁਛਦੇ ਹੋ। ਕੁਝ ਦਸਣ-ਪੁਛਣ ਵਾਲੀ ਗੱਲ ਰਹਿ ਹੀ ਨਹੀਂ ਗਈ। ਸਾਰਾ ਸ਼ਹਿਰ ਫ਼ੌਜ ਦੇ ਘੇਰੇ ਵਿਚ ਹੈ। ਦਰਬਾਰ ਸਾਹਿਬ ਉਦਾਲੇ ਵੀ ਸਖ਼ਤ ਪਹਿਰਾ ਹੈ। ਹਰਿਮੰਦਰ ਸਾਹਿਬ ਨੂੰ ਮੱਸੇ ਰੰਘੜ ਨੇ ਆਪਣਾ ਸਦਰ ਮੁਕਾਮ ਬਣਾਇਆ ਹੋਇਆ ਹੈ। ਅੰਦਰ ਮਹਾਰਾਜ ਦੇ ਪ੍ਰਕਾਸ਼-ਅਸਥਾਨ ਪਲੰਘ ਡਾਹੀ ਬੈਠਾ ਹੁੱਕਾ ਪੀਂਦਾ ਹੈ; ਸ਼ਰਾਬ ਦੇ ਦੌਰ ਚਲਦੇ

ਹਨ। ਰੋਜ਼ ਮਜਲਸਾਂ ਲਗਦੀਆਂ ਹਨ, ਅੰਦਰ ਵੇਸਵਾ ਦਾ ਨਾਚ ਹੁੰਦਾ ਹੈ; ਨਟ, ਨਕਲੀਏ ਤੇ ਕਵਾਲ ਆਪਣੇ ਹੁਨਰ ਵਿਖਾਉਂਦੇ ਹਨ। ਪਾਨ ਚੱਬ ਕੇ ਵਿਚ ਹੀ ਥੁਕਦੇ ਹਨ, ਹਰਿ ਕੀ ਪਉੜੀ ਵਾਲੇ ਅਸਥਾਨ 'ਤੇ ਜਿਥੇ ਸੰਗਤਾਂ ਚੁਲੇ ਲੈਂਦੀਆਂ ਸਨ, ਅੱਜ ਉਥੇ ਹੁੱਕੇ ਭਰੀਦੇ ਹਨ। ਸਰੋਵਰ ਨੂੰ ਵੀ ਦੂਹੋ ਦੂਹੀ ਮੁੰਦੀ ਜਾ ਰਹੇ ਹਨ। ਆਪਾਂ ਤਾਂ ਸਿੰਘੋ, ਜੀਊਂਦੇ ਹੀ ਮਾਰੇ ਗਏ।" ਸਿੰਘਾਂ ਦੀਆਂ ਫਿਰ ਧਾਈਂ ਨਿਕਲ ਗਈਆਂ।

ਇਹ ਸਭ ਕੁਝ ਸੁਣ ਕੇ ਸਿੰਘਾਂ ਦਾ ਖ਼ੂਨ ਖੌਲਣ ਲੱਗ ਪਿਆ ਤੇ ਹੱਥ ਤੇਗਾਂ ਦੀਆਂ ਮੁੱਠਾਂ 'ਤੇ ਚਲੇ ਗਏ। ਮਤਾਬ ਸਿੰਘ ਭੰਗੂ ਵੀ ਹਾਜ਼ਰ ਸੀ। ਉਹ ਬੋਲਿਆ, "ਤੂੰ ਉਸ ਦਾ ਸਿਰ ਨਾ ਲਾਹਿਆ, ਉਸ ਨੂੰ ਜੀਊਂਦਾ ਕਿਵੇਂ ਛਡ ਦਿਤਾ ? ਦਰਬਾਰ ਸਾਹਿਬ ਦੀ ਐਡੀ ਘੋਰ ਬੇਅਦਬੀ ਹੁੰਦੀ ਵੇਖ ਕੇ, ਸਿੰਘ ਹੋ ਕੇ ਜੀਊਂਦਾ ਇਥੇ ਕਿਵੇਂ ਚਲਿਆ ਆਇਆ ?" ਉਸ ਨੇ ਆਖਿਆ ਕਿ ਜਿਸ ਤਰ੍ਹਾਂ ਤੁਸੀਂ ਚਲੇ ਆਏ, ਉਸੇ ਤਰ੍ਹਾਂ ਮੈਂ ਤੇ ਹੋਰ ਸਿੰਘ ਵੀ ਕਾਇਰਾਂ ਵਾਂਗ ਨਠ ਆਏ। ਤੁਸੀਂ ਏਡੇ ਗ਼ੈਰਤ ਅਣਖ ਵਾਲੇ ਇਥੇ ਬੈਠੇ ਕੀ ਬਣਾਉਂਦੇ ਹੋ ? ਇਨ੍ਹਾਂ ਬੋਲਾਂ ਨਾਲ ਇਕ ਵਾਰ ਸੱਨਾਟਾ ਛਾ ਗਿਆ।

ਸੁਖਾ ਸਿੰਘ ਮਤਾਬ ਸਿੰਘ ਨੇ ਮੱਸੇ ਨੂੰ ਸੋਧਣ ਲਈ ਚਾਲੇ ਪਾਏ

ਪਲ ਭਰ ਪਿਛੋਂ ਸਰਦਾਰ ਬੁੱਢਾ ਸਿੰਘ ਨੇ ਤਲਵਾਰ ਸਭਾ ਵਿਚ ਰਖ ਕੇ ਆਖਿਆ, "ਕੋਈ ਸਿੰਘ ਹੈ ਜੋ ਮੱਸੇ ਦਾ ਸਿਰ ਲਿਆਵੇ ?" ਇਹ ਵੰਗਾਰ ਸੁਣ ਕੇ ਸੁਖਾ ਸਿੰਘ ਮਾੜੀ-ਕੰਬੋ-ਕੀ[1] ਵਾਲਾ ਤੇ ਮਤਾਬ ਸਿੰਘ ਭੰਗੂ ਮੀਰਾਂ-ਕੋਟੀਆ ਦੋਵੇਂ ਉਠ ਖੜੋਤੇ।

ਤਲਵਾਰ ਉਠਾ ਕੇ ਫ਼ਤਹ ਬੁਲਾਈ ਤੇ ਕਿਹਾ, "ਖ਼ਾਲਸਾ, ਜੋ ਗੁਰੂ ਦਾ ਰੂਪ ਹੈ, ਦੇ ਹਜ਼ੂਰ ਅਸੀਂ ਪ੍ਣ ਕਰਦੇ ਹਾਂ ਕਿ ਦਸਾਂ ਦਿਨਾਂ ਦੇ ਅੰਦਰ ਅੰਦਰ ਰੰਘੜ ਦਾ ਸਿਰ ਜੇ ਨਾ ਲਿਆ ਸਕੇ ਤਾਂ ਉਥੇ ਸ਼ਹੀਦੀਆਂ ਪਾ ਗਏ ਸਮਝਿਓ। ਖ਼ਾਲੀ ਹੱਥ ਜੀਊਂਦੇ ਵਾਪਸ ਨਹੀਂ ਆਵਾਂਗੇ।" ਪੰਥ ਨੇ ਅਰਦਾਸ ਕੀਤੀ। ਦੋਵੇਂ ਸਿੰਘ ਫ਼ਤਹ ਬੁਲਾ ਕੇ ਘੋੜਿਆਂ ਦੀਆਂ ਪਿੱਠਾਂ 'ਤੇ ਬਹਿ ਕੇ ਸ੍ਰੀ ਅੰਮ੍ਰਿਤਸਰ ਵਲ ਨੂੰ ਚਾਲੇ ਪਾ ਗਏ। ਇਥੋਂ ਇਹ ਸਿਧੇ ਤਲਵੰਡੀ ਸਾਬੋ ਨੂੰ ਆਏ। ਇਥੇ ਰਾਤ ਕੱਟ ਕੇ ਅਗਲੇ ਦਿਨ ਮੋਗੇ ਵਲ ਧਾਈ ਕੀਤੀ ਤੇ ਤੀਜੀ ਰਾਤ ਇਸ ਜੂਹ ਵਿਚ ਕਟ ਕੇ, ਚੌਥੇ ਦਿਨ ਸਤਲੁਜ ਦਰਿਆ ਹਰੀਕੇ ਪੱਤਣ ਤੋਂ ਥੋੜਾ ਜਿਹਾ

---

੧. **ਮਾੜੀ ਕੰਬੋ-ਕੀ** : ਇਹ ਪਿੰਡ ਤਾਰਾ ਸਿੰਘ 'ਵਾਂ' ਦੇ ਪਿੰਡ ਦੇ ਉੱਤਰ ਵਿਚ ਤਿੰਨ ਚਾਰ ਕਿਲੋਮੀਟਰ ਦੀ ਵਿਥ 'ਤੇ ਐਨ ਪੱਛਮੀ ਬਾਰਡਰ ਉਤੇ ਹੈ। ਪਹਿਲਾਂ ਜ਼ਿਲਾ ਲਾਹੌਰ ਵਿਚ ਸੀ ਤੇ ਹੁਣ ਇਸ ਦਾ ਥਾਣਾ ਖਾਲੜਾ ਤੇ ਤਹਿਸੀਲ ਪੱਟੀ ਜ਼ਿਲਾ ਸ੍ਰੀ ਅੰਮ੍ਰਿਤਸਰ ਹੈ। **ਮੀਰਾਂ ਕੋਟ** : ਸ੍ਰੀ ਅੰਮ੍ਰਿਤਸਰ ਦੀ ਸੈਂਟਰਲ ਜੇਲ੍ਹ ਦੇ ਉੱਤਰ-ਚੜ੍ਹਦੇ ਵਿਚ ਢਾਈ ਕੁ ਕਿਲੋਮੀਟਰ ਦੇ ਫ਼ਾਸਲੇ 'ਤੇ ਹੈ। ਜੇਲ੍ਹ ਦੀ ਪੱਛਮੀ ਕੰਧ ਨਾਲ ਦੀ ਸੜਕ ਜਾਂਦੀ ਹੈ, ਜੋ ਅਜਨਾਲੇ ਨੂੰ ਜਾਣ ਵਾਲੀ ਸੜਕ ਵਿਚੋਂ ਪਾਟਦੀ ਹੈ।

ਹੇਠੋਂ ਪਾਰ ਕਰ ਕੇ, ਮਾਝੇ ਦੀ ਧਰਤੀ ਵਿਚ ਪਹੁੰਚ ਗਏ। ਇਥੇ ਮੁਸਲਮਾਨ ਚੌਧਰੀਆਂ ਵਾਲਾ ਲਿਬਾਸ ਜਾਣੂ ਸਜਣਾਂ ਰਾਹੀਂ ਪੈਦਾ ਕਰ ਲਿਆ ਤੇ ਗਲ ਪਾ ਕੇ ਭੇਸ ਉਹੋ ਜਿਹਾ ਬਣਾ ਲਿਆ। ਪੱਟੀ ਦੇ ਚੜ੍ਹਦੇ ਪਾਸੇ ਦੀ ਲੰਘਦੇ ਹੋਏ ਤਰਨ ਤਾਰਨ ਦਾ ਰੁਖ਼ ਕੀਤਾ। ਇਸ ਜੂਹ ਵਿਚ ਦੀ ਲੰਘਦਿਆਂ ਇਕ ਥੇਹ ਤੋਂ ਠੀਕਰੀਆਂ ਇਕੱਠੀਆਂ ਕਰ ਕੇ, ਗੋਲ ਕਰ ਕੇ, ਦੋ ਥੈਲੀਆਂ ਭਰ ਲਈਆਂ, ਜੋ ਇੰਜ ਜਾਪਦੀਆਂ ਸਨ ਕਿ ਚਾਂਦੀ ਦੇ ਵਕਤੀ ਚਾਲੂ ਰੁਪਈਆਂ ਨਾਲ ਭਰੀਆਂ ਹੋਈਆਂ ਹਨ। ਮਾਝੇ ਦੇ ਇਲਾਕੇ ਵਿਚ-ਦੀ ਲੰਘਦਿਆਂ ਕਿਸੇ ਨਹੀਂ ਪਛਾਣਿਆ। ਤਰਨ ਤਰਨ ਪੁਜੇ ਤਾਂ ਇਥੋਂ ਦੀ ਹਾਲਤ ਸੁਣ ਵੇਖ ਕੇ ਕੌੜਾ ਘੁਟ ਕਰ ਕੇ ਪੀ ਗਏ, ਰੁਕੇ ਨਹੀਂ।

ਸੰਗਰਾਣਾ ਸਾਹਿਬ ਤੋਂ ਅੱਗੇ ਲੰਘ ਕੇ ਗਿਲਵਾਲੀ ਪਿੰਡ ਦੀ ਜੂਹ ਵਿਚ ਪੜਾਅ ਕੀਤਾ। ਤੁਰਿਆਂ ਨੂੰ ਅੱਜ ਚੌਥਾ ਦਿਨ ਸੀ। ਪਹਿਰ ਕੁ ਦਿਨ ਰਹਿੰਦਾ ਸੀ। ਏਥੇ ਦੋਹਾਂ ਸਿੰਘਾਂ ਆਪਣੇ ਘੋੜਿਆਂ ਦੀ ਖ਼ੂਬ ਮਾਲਸ਼ ਕੀਤੀ, ਦਾਣੇ ਪਠੇ ਨਾਲ ਚੰਗੀ ਸੇਵਾ ਕੀਤੀ ਤੇ ਪੈਂਡੇ ਦਾ ਥਕੇਵਾਂ ਅਕੜੇਵਾਂ ਦੂਰ ਕੀਤਾ। ਆਪ ਵੀ ਤਾਜ਼ਾ-ਦਮ ਹੋਏ। ਹੁਣ ਇਹ ਦੋਵੇਂ ਸੂਰਬੀਰ ਦਰਬਾਰ ਸਾਹਿਬ ਤੋਂ ੪ ਕੁ ਕਿਲੋਮੀਟਰ ਦੱਖਣ ਵਿਚ ਸਨ। ਬੁੱਢੇ ਜੌਹੜ ਤੋਂ ਲੈ ਕੇ ਇਥੋਂ ਤਕ ਭਾਵ ਸ੍ਰੀ ਅੰਮ੍ਰਿਤਸਰ ਤਕ ਦਾ ਸੈਂਕੜੇ ਕੋਹਾਂ ਦਾ ਫ਼ਾਸਲਾ ਚਹੁੰ ਦਿਨਾਂ ਵਿਚ ਪੂਰਾ ਕਰ ਜਾਣਾ ਕੋਈ ਮਾਮੂਲੀ ਗੱਲ ਨਹੀਂ ਸੀ। ਅੱਜ ਦੇ ਜੁਗ ਵਿਚ ਪੱਕੀ ਸੜਕ ਉਤੇ ਚਲਦੀ ਹੋਈ ਬੱਸ ਸ੍ਰੀ ਅੰਮ੍ਰਿਤਸਰੋਂ ਚਲ ਕੇ ਸ਼ਾਮ ਨੂੰ ਬੁਢੇ ਜੌਹੜ ਅੱਪੜਦੀ ਹੈ। ਸਫ਼ਰ ਕਰਨ ਵਾਲੇ ਭਲੀ ਭਾਂਤੀ ਦੱਸ ਸਕਦੇ ਹਨ ਕਿ ਉਹ ਬੱਸ ਵਿਚ ਨਰਮ ਸੀਟ 'ਤੇ ਬੈਠੇ ਬੈਠੇ ਤੇ ਰਾਹ ਵਿਚ ਛਕਦੇ-ਛਕਾਉਂਦੇ ਜਾਂਦੇ ਹੋਏ ਕਿੰਨੇ ਅੱਕ ਥੱਕ ਜਾਂਦੇ ਹਨ। ਇਹ ਘੋੜਿਆਂ ਦੀਆਂ ਪਿੱਠਾਂ ਤੇ ਬਿਖੜੇ ਰਾਹੀਂ ਚਲਦੇ ਹੋਏ, ਇਥੇ ਕਿਸ ਤਰ੍ਹਾਂ ਤੇ ਕਿਸ ਹਾਲਤ ਵਿਚ ਅਪੜੇ ਹੋਣਗੇ, ਸਿਰਫ਼ ਅਨੁਮਾਨ ਹੀ ਕੀਤਾ ਜਾ ਸਕਦੈ!

ਪੰਜਵੇਂ ਦਿਨ ਤੜਕਸਾਰ ਉਠ ਕੇ, ਇਸ਼ਨਾਨ ਨਿਤਨੇਮ ਪਿਛੋਂ ਅਕਾਲ ਪੁਰਖ ਦੇ ਹਜ਼ੂਰ ਆਪਣੇ ਮੰਤਵ ਦੀ ਸਫਲਤਾ ਲਈ ਅਰਦਾਸ ਕੀਤੀ। ਘੋੜਿਆਂ ਦੀ ਖ਼ੂਬ ਮਾਲਸ਼ ਕੀਤੀ ਗਈ ਤੇ ਦਾਣੇ ਨਾਲ ਰਜਾਅ ਕੇ ਤਾਜ਼ਾ-ਦਮ ਕੀਤਾ। ਆਪ ਵੀ ਜੋ ਪ੍ਰਾਪਤ ਹੋਇਆ, ਛਕਿਆ। ਪਹਿਰ ਕੁ ਦਿਨ ਚੜ੍ਹੇ ਤਕ ਹੋਰ ਆਰਾਮ ਕੀਤਾ। ਇਹ ਇਸ ਲਈ ਕਿ ਅੱਜ ਮੰਜ਼ਲ ਕਰੜੀ ਪੈਣੀ ਸੀ। ਇਸ ਲਈ ਥਕੇਵਾਂ

ਭੰਨਿਆ ਜਾ ਰਿਹਾ ਸੀ। ਇਥੋਂ ਚਲ ਕੇ ਇਹ ਝਾੜ ਬੂਟ ਨਾਲ ਘਿਰੇ ਹੋਏ ਉਸ ਥਾਂ ਅੱਪੜ ਗਏ, ਜਿਥੇ ਅੱਜ ਗੁਰਦੁਆਰਾ ਸ਼ਹੀਦਾਂ (ਬਾਬਾ ਦੀਪ ਸਿੰਘ ਜੀ ਦਾ) ਸੁਸ਼ੋਭਤ ਹੈ। ਉਨ੍ਹੀਂ ਦਿਨੀਂ ਇਥੇ ਰਾਮਗੜ੍ਹੀਆ ਮਿਸਲ ਦੀਆਂ ਮੜ੍ਹੀਆਂ ਸਨ। ਇਥੇ ਕੁਝ ਦੇਰ ਰੁਕੇ। ਇਥੋਂ ਦੀ ਲੰਘਦਿਆਂ ਸ਼ਹਿਰ ਦੇ ਵਿਰਲੇ ਟਾਵੇਂ ਲੰਘਦੇ ਲੋਕਾਂ ਤੋਂ ਗੱਲਾਂ ਵਿਚ ਇਹ ਪਤਾ ਲੱਗਾ ਕਿ ਜ਼ੁਹਰ ਦੀ ਨਮਾਜ਼ ਪਿਛੋਂ (ਜ਼ੁਹਰ ਦੀ ਨਮਾਜ਼ ਸੂਰਜ ਢਲੇ ਦੇ ਪਿਛੋਂ ਪੜ੍ਹੀ ਜਾਂਦੀ ਹੈ) ਭਾਵ ਕੱਚੀ ਦੁਪਹਿਰ ਤੋਂ ਜ਼ਰਾ ਕੁ ਪਹਿਲੋਂ ਦਰਬਾਰ ਸਾਹਿਬ ਵਿਚ ਨਾਚ ਮੁਜਰੇ ਦੀ ਮਹਿਫ਼ਲ ਜੰਮਦੀ ਹੈ।

ਸੂਰਜ ਦੀ ਚੜ੍ਹਤ ਤੋਂ ਹਿਸਾਬ ਲਾ ਕੇ ਕਿ ਮੱਸੇ ਦੀ ਮਹਿਫ਼ਲ ਦਾ ਸਮਾਂ ਹੋ ਗਿਆ, ਘੋੜਿਆਂ ਨੂੰ ਪਾਣੀ ਪਿਆ ਕੇ ਮੁੜ ਸਵਾਰ ਹੋ ਗਏ ਤੇ ਸਿਧੇ ਬਾਬਾ ਅਟੱਲ ਸਾਹਿਬ ਵਲ ਨੂੰ ਆਏ। ਐਸਾ ਸਬੱਬ ਬਣਿਆ ਕਿ ਲਹਿੰਦੇ ਵਲੋਂ ਗਰਦੋ-ਗੁਬਾਰ ਉਠਿਆ, ਜੋ ਹਨੇਰੀ ਤੇ ਨਿਕੀਆਂ ਕਣੀਆਂ ਪੈਣ ਦਾ ਰੂਪ ਧਾਰ ਗਿਆ। ਇਕ ਬਹਾਨਾ ਮਿਲ ਗਿਆ ਸੀ। ਸੋ ਦੋਹਾਂ ਸਿੰਘਾਂ ਨੇ ਆਪਣੇ ਮੂੰਹ ਸਿਰ ਇੰਜ ਢਕ ਲਏ ਕਿ ਵੇਖਣ ਵਾਲਾ ਸਮਝੇ ਕਿ ਘਟੇ ਤੋਂ ਬਚਣ ਲਈ ਇੰਜ ਬਧੇ ਹਨ। ਕਿਸੇ ਦੇ ਪਛਾਣ ਲੈਣ ਦੀ ਗੁੰਜਾਇਸ਼ ਬਿਲਕੁਲ ਨਾ ਰਹੀ। ਕਿਉਂਕਿ ਸੁਖਾ ਸਿੰਘ ਪੰਥ ਦੀ ਬੜੀ ਵੱਡੀ ਸਿਰਕਢ ਹਸਤੀ ਸੀ। ਪ੍ਰਸਿੱਧ ਜੰਗੀ ਸੂਰਮਾ ਸੀ। ਮੁਗ਼ਲਾਂ ਦੀਆਂ ਗਸ਼ਤੀ ਫ਼ੌਜਾਂ ਨਾਲ ਬਹੁਤ ਲੜਾਈਆਂ ਵਿਚ ਸਨਮੁਖ ਹੋ ਕੇ ਲੜ ਚੁਕਾ ਸੀ। ਕਾਜ਼ੀ ਅਬਦੁੱਰਜ਼ਾਕ ਖ਼ਾਨ ਦੇ ਪਹਿਰੇ ਵੇਲੇ ਵੀ ਵੰਗਾਰ ਕੇ ਇਸ਼ਨਾਨ ਕਰ ਗਿਆ ਸੀ। ਕਾਜ਼ੀ ਨੂੰ ਜੋ ਕੀਤੀ ਦਾ ਫਲ ਭੁਗਤਾਉਣ ਵਾਲੇ ਸਨ, ਉਨ੍ਹਾਂ ਵਿਚ ਵੀ ਇਹ ਦੋਵੇਂ ਸਨ। ਮਤਾਬ ਸਿੰਘ ਵੀ ਕੋਈ ਘਟ ਨਹੀਂ ਸੀ। ਦੋਵੇਂ ਨਾਂ ਮੁਗ਼ਲਾਂ ਲਈ ਹਊਆ ਸਨ। ਨੰਗੇ ਮੂੰਹ ਪਛਾਣੇ ਜਾਣ ਦੀ ਡਾਢੀ ਸੰਭਾਵਨਾ ਹੋ ਸਕਦੀ ਸੀ। ਸੋ ਬੱਧੇ ਠਾਠਿਆਂ ਨੇ ਬੜਾ ਕੰਮ ਦਿਤਾ।

ਘੋੜਿਆਂ ਦੇ ਅਗਲੇ ਪਾਸੇ ਰਖੀਆਂ ਥੈਲੀਆਂ, ਮੁਸਲਮਾਨਾਂ ਵਾਲਾ ਭੇਸ, ਬੱਧੇ ਹੋਏ ਠਾਠਿਆਂ ਨਾਲ ਢਕਿਆ ਮੂੰਹ ਸਿਰ, ਜ਼ਾਹਰਾ ਤੌਰ 'ਤੇ ਪਾਸ ਕੋਈ ਹਥਿਆਰ ਵੀ ਨਾ ਦਿਸਣ ਵਾਲਾ (ਦੋਹਾਂ ਸਿੰਘਾਂ ਨੇ ਤੇਗਾਂ ਚੋਗਿਆਂ ਦੇ ਹੇਠ ਦੀ ਕੀਤੀਆਂ ਹੋਈਆਂ ਸਨ), ਕਿਸੇ ਨੂੰ ਇਨ੍ਹਾਂ ਬਾਰੇ ਰਤਾ ਵੀ ਸ਼ੱਕ ਨਾ ਪਿਆ। ਸ਼ਹਿਰੋਂ ਬਾਹਰ ਪਹਿਰੇ ਵਾਲੀ ਫ਼ੌਜ ਨੇ ਨਜ਼ਰ ਨਾਲ ਹੀ ਤਾੜ ਕੇ ਕਿ ਮੁਸਲਮਾਨ ਹਨ, ਰੋਕਿਆ ਨਹੀਂ।

ਮੰਜੀ ਸਾਹਿਬ ਵਾਲੇ ਰਸਤਿਓਂ ਇਹ ਘੋੜਿਆਂ 'ਤੇ ਚੜ੍ਹੇ-ਚੜ੍ਹਾਏ ਹੀ ਪਰਕਰਮਾ ਵਿਚ ਜਾ ਦਾਖ਼ਲ ਹੋਏ। ਦਿਲ ਹੀ ਦਿਲ ਵਿਚ ਗੁਰੂ ਰਾਮਦਾਸ ਜੀ ਤੋਂ ਇਸ ਸਵਾਰੀ ਦੀ ਹਾਲਤ ਵਿਚ ਆਉਣ ਦੀ ਮੁਆਫ਼ੀ ਮੰਗੀ ਤੇ ਸਿਰ ਨਿਵਾ ਕੇ ਨਮਸਕਾਰ ਕੀਤੀ ਤੇ ਅੰਗ ਸੰਗ ਰਹਿਣ ਲਈ ਜੋਦੜੀ ਕੀਤੀ।

ਬੇਗਾਰ ਵਿਚ ਫੜੇ ਹਿੰਦੂ ਤੇ ਖ਼ੁਸ਼ੀ ਨਾਲ ਲੱਗੇ ਮੁਸਲਮਾਨ ਲੋਕ ਸਰੋਵਰ ਪੂਰਨ ਦੀ ਕਾਰਵਾਈ ਵਿਚ ਮਗਨ ਸਨ। ਹਲਾਲ ਕੀਤੀਆਂ ਹੋਈਆਂ ਗਊਆਂ ਦੇ ਸਿਰ ਤੇ ਖਲਾਂ, ਰਿੱਝ ਰਹੀਆਂ ਦੇਗਾਂ, ਮਚਦਾ ਹੁੱਲੜ, ਕਿਤੇ ਕਿਤੇ ਤਕਬੀਰ ਦੇ ਗੂੰਜਦੇ ਨਾਅਰੇ, ਜੁੱਤੀਆਂ ਸਮੇਤ ਫਿਰਦੇ ਲੋਕ, ਪਰਕਰਮਾ ਦਾ ਢੱਠਾ ਹੋਇਆ ਚਾਰ-ਚੁਫੇਰਾ, ਝੂਲਦੇ ਹੈਦਰੀ ਝੰਡੇ, ਸਰੋਵਰ ਮੁੰਦਣ ਵਾਲਿਆਂ ਨੂੰ ਚੁਸਤ ਕਰਨ ਲਈ ਸਿਪਾਹੀਆਂ ਦੇ ਲਲਕਾਰੇ, ਤੇ ਉਡਦੀ ਧੂੜ, ਜਿਸ ਨੂੰ ਹਨੇਰੀ ਨੇ ਹੋਰ ਵੀ ਵਧਾ ਦਿਤਾ ਸੀ, ਆਦਿ ਮੰਦ ਦ੍ਰਿਸ਼ਾਂ ਨੇ ਸਿੰਘਾਂ ਦੀਆਂ ਅੱਖਾਂ ਵਿਚ ਲਹੂ ਲੈ ਆਂਦਾ। ਪਰ ਉਨ੍ਹਾਂ ਕੋਈ ਐਸੀ ਹਰਕਤ ਨਹੀਂ ਕੀਤੀ, ਜਿਸ ਤੋਂ ਉਨ੍ਹਾਂ ਦੇ ਸਿਖ ਹੋਣ ਦਾ ਸ਼ੱਕ ਹੋਵੇ। ਉਹ ਘੋੜਿਆਂ ਉਤੇ ਚੜ੍ਹੇ ਚੜ੍ਹਾਏ ਹੀ ਬੇਰੋਕ-ਟੋਕ ਚਲੇ ਆਏ ਤੇ ਲਾਚੀ ਬੇਰੀ ਪਾਸ ਆ ਕੇ ਘੋੜਿਆਂ ਤੋਂ ਥਲੇ ਉਤਰ, ਘੋੜਿਆਂ ਨੂੰ ਥਾਪੀਆਂ ਦਿਤੀਆਂ ਤੇ ਲਾਚੀ ਬੇਰ ਨਾਲ ਲਗਾਮਾਂ ਅੜਾ ਕੇ ਬੰਨ੍ਹ ਦਿੱਤੀਆਂ। ਦੋਵੇਂ ਬੋਰੀਆਂ ਮੋਢਿਆਂ ਉਤੇ ਚੁੱਕ ਦਰਸ਼ਨੀ ਡਿਉੜੀ ਵਲ ਨੂੰ ਵਧੇ। ਗੁਰੂ-ਦਰ ਵਲ ਹੱਥ ਕਰ ਕੇ ਮਥੇ ਨੂੰ ਕੀਤਾ। ਪਹਿਰੇਦਾਰ ਗ਼ਲਤੀ ਨਾਲ ਸਮਝ ਬੈਠਾ ਕਿ ਉਸ ਨੂੰ ਆਦਾਬ ਕਹਿ ਰਹੇ ਹਨ। ਪੁਛਿਆ, "ਕੌਣ ਹੋ ?" "ਲੰਬਰਦਾਰ ਹਾਂ ਪੱਟੀ ਦੇ ਇਲਾਕੇ ਦੇ। ਇਹ ਸਰਕਾਰੀ ਮਾਮਲਾ ਹੈ, ਚੌਧਰੀ ਸਾਹਿਬ ਨੂੰ ਤਾਰਨ ਆਏ ਹਾਂ ਕਿ ਲਾਹੌਰ ਪੁਜਦਾ ਕਰ ਦੇਣ। ਅਸੀਂ ਵੀ ਤੁਹਾਡੇ ਵਾਂਗ ਹੀ ਆਪਣਾ ਫ਼ਰਜ਼ ਨਿਭਾਉਣ ਆਏ ਹਾਂ।"

"ਠੀਕ ਹੈ, ਲੰਘ ਜਾਵੋ। ਪੰਜੋਤਰੇ ਚੋਂ ਸਾਡਾ ਵੀ ਖ਼ਿਆਲ ਰਖਿਓ।"

"ਸਾਡੇ ਮੁੜਨ ਤਕ ਜੇ ਇਥੇ ਰਹੇ। ਜ਼ਰੂਰ ਦੇ ਕੇ ਜਾਵਾਂਗੇ।"

ਜੁੜੀ ਮਹਿ.ਫਲ ਵਿਚੋਂ ਮੱਸੇ ਦਾ ਸਿਰ ਵੱਢ ਕੇ ਵਾਪਸ ਪੁੱਜਣਾ

ਸਿੰਘ ਦਰਸ਼ਨੀ ਡਿਉਢੀ ਵਿਚ-ਦੀ ਲੰਘ ਕੇ ਹਰਿਮੰਦਰ ਸਾਹਿਬ ਵਲ ਨੂੰ ਵਧੇ। ਵਡਿਆਂ ਵਡਿਆਂ ਚੋਗਿਆਂ ਦੇ ਹੇਠ ਕੀਤੀਆਂ ਸ੍ਰੀ ਸਾਹਿਬਾਂ ਨੂੰ ਸੀਨੇ ਨਾਲ ਲਾ ਕੇ ਕਿਹਾ, "ਜੈ ਤੇਗੰ, ਜੈ ਸ੍ਰੀ ਤੇਗੰ।" ਗੁਰੂ ਰਾਮਦਾਸ ਤੇਰਾ ਕੋਟ ਕੋਟ ਧੰਨਵਾਦ ਹੈ। ਪਤਾ ਨਹੀਂ ਕਿਸ ਵੇਲੇ ਇਹ ਫ਼ਾਸਲਾ ਤਹਿ ਕਰ ਕੇ ਹਰਿਮੰਦਰ ਸਾਹਿਬ ਦੇ ਪਵਿੱਤਰ ਦਰਵਾਜ਼ੇ ਮੂਹਰੇ ਆਣ ਖੜੋਤੇ। ਗੁਰ-ਗੱਦੀ ਵਾਲੇ ਅਸਥਾਨ ਨੂੰ ਖੜੋਤਿਆਂ ਹੀ ਮਥੇ ਨੂੰ ਹੱਥ ਲਾ ਕੇ ਸਿਰ ਨਿਵਾਇਆ। ਪਲੰਘ 'ਤੇ ਬੈਠੇ ਸ਼ਰਾਬ ਨਾਲ ਗੁੱਟ ਮੱਸੇ ਰੰਘੜ ਨੇ ਸਮਝਿਆ ਕਿ ਆਉਣ ਵਾਲੇ ਅਦਬ ਨਾਲ ਉਸ ਨੂੰ ਸਲਾਮ ਕਰ ਰਹੇ ਹਨ। ਹਾਕਮਾਨਾ ਅੰਦਾਜ਼ ਵਿਚ ਇਸ਼ਾਰਾ ਕੀਤਾ ਕਿ ਆਗਿਆ ਹੈ, ਚਲੇ ਆਓ। ਸਿੰਘਾਂ ਅੱਗੇ ਵਧ ਕੇ ਬੋਰੀਆਂ ਪਲੰਘ ਦੇ ਹੇਠ ਰਖ ਦਿਤੀਆਂ। ਵੇਸਵਾ ਦਾ ਮੁਜਰਾ ਚਾਲੂ ਸੀ। ਵਾਜੇ ਸਾਰੰਗੀਆਂ ਜੋੜੀਆਂ ਦਾ ਤਾਲ, ਤਮਾਕੂ ਸ਼ਰਾਬ ਦੀ ਰਲਵੀਂ ਬਦਬੂ, ਥਾਂ ਥਾਂ ਡਿਗੀ ਪਾਨ ਦੀ ਪੀਕ, ਗੁੜਗੁੜਾਉਂਦੇ ਹੁੱਕੇ, ਪਲੰਘ 'ਤੇ ਨੰਗੇ ਸਿਰ ਬੈਠਾ ਮੱਸਾ ਰੰਘੜ, ਕਟੀਆਂ ਲਬਾਂ ਤੇ ਵੰਨ-ਸੁਵੰਨੀਆਂ ਸ਼ਰਅਈ ਦਾੜ੍ਹੀਆਂ ਵਾਲੇ ਉਸ ਦੇ ਯਾਰ-ਬਾਸ਼ ਦਰਸ਼ਕ। ਬਾਹਰ ਨਾਲੋਂ ਅੰਦਰ ਵਾਲਾ ਭਿਆਨਕ ਮਨਜ਼ਰ ਤੱਕ ਕੇ ਸਿੰਘਾਂ ਲਈ ਪਲ ਕਟਣਾ ਵੀ ਔਖਾ ਹੋ ਗਿਆ। ਧੌਣਾਂ ਦੇ ਵਾਲ ਸੂਲਾਂ ਵਾਂਗ ਖੜੇ ਗਏ। ਪਰ ਭਾਣਾ ਮੰਨ ਕੇ ਪਲ ਭਰ ਲਈ ਸਬਰ ਕਰ ਕੇ ਖੜੋਤੇ ਰਹੇ। ਕੰਜਰਾਂ ਨੇ ਤੋੜਾ ਝਾੜਿਆ ਤੇ ਮੱਸੇ ਨੇ ਪੁਛਿਆ, "ਕੀ ਲਿਆਏ ਹੋ ?" "ਸਰਕਾਰੀ ਮਾਮਲਾ ਹੈ। ਪੱਟੀ ਦੇ ਪਰਗਣੇ 'ਚੋਂ ਆਏ ਹਾਂ। ਕਬੂਲ ਫ਼ਰਮਾਓ।" ਪਲ ਭਰ ਰੁਕਣ ਪਿਛੋਂ ਨਾਚ ਫਿਰ ਸ਼ੁਰੂ ਹੋ

ਗਿਆ। ਸਥਿਤੀ ਉਸ ਵੇਲੇ ਇਸ ਪ੍ਰਕਾਰ ਸੀ ਕਿ ਮਹਾਰਾਜ ਦੇ ਪ੍ਰਕਾਸ਼-ਅਸਥਾਨ ਉਤੇ ਪਲੰਘ ਡੱਠਾ ਸੀ, ਜਿਸ ਦਾ ਸਰਹਾਣਾ ਦੱਖਣ ਨੂੰ ਤੇ ਪੈਂਦ ਪਹਾੜ ਵਲ ਸੀ। ਸਰਹਾਣੇ ਵਾਲੇ ਪਾਸੇ ਹੀ ਉਸ ਦਾ ਹੁੱਕਾ ਰਖਿਆ ਸੀ। ਪਲੰਘ ਉਤੇ ਗਾਉ-ਤਕੀਆ ਲਗਾ ਹੋਇਆ ਸੀ। ਇਸ ਪਾਸੇ ਹੀ ਇਕ ਛੋਟੀ ਜਿਹੀ ਤਪਾਈ ਉਤੇ ਸ਼ਰਾਬ ਵਾਲੀ ਸੁਰਾਹੀ, ਜਾਮ ਜੋ ਅਜੇ ਪੂਰਾ ਖ਼ਾਲੀ ਨਹੀਂ ਸੀ ਹੋਇਆ, ਇਕ ਕਿਸ਼ਤੀ ਵਿਚ ਪਾਨਾਂ ਦੇ ਬੀੜੇ, ਤੇ ਇਕ ਤਸ਼ਤਰੀ ਵਿਚ ਕਬਾਬ ਰਖੇ ਹੋਏ ਸਨ। ਜਿਸ ਪਾਸੇ ਵਲ ਕੀਰਤਨੀਏ ਬੈਠਦੇ ਹਨ, ਇਥੇ ਕੰਜਰਾਂ ਦੀ ਢਾਣੀ ਸਾਜ਼ ਲੈ ਕੇ ਬੈਠੀ ਹੋਈ ਆਪਣੇ ਕੰਮ ਵਿਚ ਮਗਨ ਸੀ। ਦੱਖਣ ਵਾਲੇ ਪਾਸੇ, ਸਾਜ਼ਾਂ ਵਾਲਿਆਂ ਦੇ ਸਾਹਮਣੇ ਦਰਸ਼ਕ ਯਾਰ ਬੇਲੀ ਬੈਠੇ ਸਨ। ਪਲੰਘ ਨੂੰ ਸਾਹਮਣੇ, ਭਾਵ, ਚੜ੍ਹਾਵੇ ਵਾਲੀ ਥਾਂ ਵਿਛੇ ਹੋਏ ਗਲੀਚੇ ਉਤੇ ਵੇਸਵਾ ਹਾਰ ਸ਼ਿੰਗਾਰ ਲਾਈ ਤੇ ਪੈਰਾਂ ਵਿਚ ਝਾਂਜਰਾਂ ਪਾਈ ਮੱਸੇ ਵਲ ਮੂੰਹ ਕਰ ਕੇ ਸਾਰੰਗ ਰਾਗ ਦੀ ਸੁਰ ਤਾਲ ਵਿਚ ਕੁਝ ਗਾ ਰਹੀ ਸੀ ਤੇ ਇਕ ਸੇਵਾਦਾਰ ਮੱਸੇ ਦੀ ਅਰਦਲ ਵਿਚ ਪਾਨ, ਬੀੜੇ, ਚਿਲਮ ਭਰਨ ਤੇ ਦਾਰੂ-ਪਾਣੀ ਦੀ ਸੇਵਾ ਲਈ ਸਰਹਾਣੇ ਵਲ ਖੜਾ ਉਸ ਨੂੰ ਪੱਖਾ ਝਲ ਰਿਹਾ ਸੀ। ਵੇਸਵਾ ਤੋਂ ਬਿਨਾਂ ਤੇ ਮੱਸੇ ਸਮੇਤ ਅੰਦਰ ਉਸ ਵੇਲੇ ੫੦ ਕੁ ਦੇ ਲਗ ਪਗ ਹਾਜ਼ਰੀ ਦੱਸੀ ਗਈ ਹੈ।[੧] ਐਨ ਦਰਬਾਰ ਸਾਹਿਬ ਦੇ ਅੰਦਰ ਜਾਂ ਬਿਲਕੁਲ ਇਸ ਦੇ ਦਰਵਾਜ਼ਿਆਂ ਪਾਸ ਕੋਈ ਪਹਿਰਾ ਨਹੀਂ ਸੀ। ਲੋੜ ਵੀ ਕੋਈ ਨਹੀਂ ਸੀ। ਸਾਰੇ ਸ਼ਹਿਰ ਉਦਾਲੇ ਫ਼ੌਜ ਦਾ ਪਹਿਰਾ ਸੀ। ਪਰਕਰਮਾ ਦੇ ਬਾਹਰ ਤੇ ਦਰਸ਼ਨੀ ਡਿਉਢੀ ਅੱਗੇ ਸਖ਼ਤ ਪਹਿਰਾ ਸੀ। ਅਕਾਲ ਤਖ਼ਤ ਵਿਚ ਫ਼ੌਜ ਦਾ ਡੇਰਾ ਸੀ। ਹਰਿਮੰਦਰ ਸਾਹਿਬ ਦੀ ਇਮਾਰਤ ਪਹਿਰੇ ਤੋਂ ਬਿਨਾਂ ਹੀ ਸੀ।

---

੧. ਏਨੇ ਕੁ ਸਿੰਘਾਂ ਤੱਕੇ ਸਨ। ਜਦ ਸਾਰੀ ਹੋਈ-ਬੀਤੀ ਬੁਢੇ ਜੌਹੜ ਆ ਕੇ ਸਿੰਘਾਂ ਨੂੰ ਸੁਣਾਈ ਤਾਂ ਅੱਜ ਤਕ ਇਹੋ ਗਿਣਤੀ ਸਿੰਘਾਂ ਦੇ ਸੀਨਾ-ਬਸੀਨਾ ਤੁਰੀ ਆਉਂਦੀ ਹੈ। ਤਰੁਣਾ ਦਲ ਦਿਆਂ ਵਖ ਵਖ ਜਥਿਆਂ ਦੇ ਪੁਰਾਣੇ ਸਿੰਘਾਂ ਤੋਂ ਜੋ ਸੁਣਿਆ-ਸਮਝਿਆ ਹੈ, ਉਹ ਮੈਂ ਇਨ-ਬਿਨ ਹੀ ਦਿਤੀ ਹੈ। ਉਹਨਾਂ ਪਾਸ ਏਨਾ ਸਮਾ ਨਹੀਂ ਸੀ ਕਿ ਮੁਜਰਾ ਵੇਖ ਰਹਿਆਂ ਦੀ ਗਿਣਤੀ ਗਿਣਦੇ, ਕਿਉਂਕਿ ਇਹ ਮੁਜਰਮ ਮੱਸੇ ਵਾਂਗ ਹੀ ਸਜ਼ਾ ਦੇ ਹੱਕਦਾਰ ਸਨ, ਉਨ੍ਹਾਂ ਨੂੰ ਜ਼ਿੰਦਾ ਛੱਡ ਤੁਰਨਾ ਬਹੁਤ ਖ਼ਤਰਨਾਕ ਹੁੰਦਾ। ਉਹ ਲਾਜ਼ਮੀ ਰੌਲਾ ਪਾਂਦੇ ਤੇ ਸਿੰਘ ਦਰਸ਼ਨੀ ਡਿਉਢੀ ਪਾਸ ਹੀ ਫੜੇ ਜਾਂਦੇ।

ਵਾਰੋ ਵਾਰੀ ਦੋਵੇਂ ਥੈਲੀਆਂ ਰਖ ਕੇ ਮਤਾਬ ਸਿੰਘ ਪਲੰਘ ਦੀ ਪੈਂਦ ਵਲ ਹੋ ਕੇ ਲਾਗੇ ਹੀ ਖੜੋ ਗਿਆ ਤੇ ਸੁਖਾ ਸਿੰਘ ਕੰਜਰਾਂ ਦੇ ਅਗੋਂ ਦੀ ਹੋ ਕੇ ਸਾਹਮਣੇ ਦਰਵਾਜ਼ੇ ਵਲ ਨੂੰ ਸਰਕ ਗਿਆ, ਜਿਸ ਵਿਚ-ਦੀ ਉਹ ਅਜੇ ਹੁਣੇ ਹੁਣੇ ਲੰਘੇ ਸਨ। ਸਿੰਘਾਂ ਦੇ ਕਹਿਣ 'ਤੇ ਇਹ ਮਾਲੀਏ ਦੇ ਰੁਪਏ ਹਨ, ਪਲ ਭਰ ਨ..ੀ ਰੰਘੜ ਨਸ਼ੇ ਦੇ ਹੁਲਾਰੇ ਵਿਚ ਖ਼ਾਮੋਸ਼ ਰਿਹਾ। ਪਰ ਫਿਰ ਪਲੰਘ 'ਤੇ ਥੋੜਾ ਜਿਹਾ ਬਾਜ਼ੂ (ਹੀ) ਵਲ ਨੂੰ ਖਿਸਕਿਆ ਤੇ ਨਿਉਂ ਕੇ ਥੈਲੀਆਂ ਨੂੰ ਹੱਥ ਨਾਲ ਟੋਹਣ ਲੱਗਾ। ਮਤਾਬ ਸਿੰਘ ਨੇ ਅੱਖ ਨਹੀਂ ਝਮਕਣ ਦਿੱਤੀ, ਫੁਰਤੀ ਨਾਲ ਚੋਗੇ ਹੇਠੋਂ ਸ੍ਰੀ ਸਾਹਿਬ ਕਢ ਕੇ ਆਸਮਾਨੋਂ ਡਿਗਣ ਵਾਲੀ ਬਿਜਲੀ ਸਮਾਨ ਅੱਗੇ ਨੂੰ ਨਿਵੀਂ ਹੋਈ ਮੱਸੇ ਦੀ ਧੌਣ ਉਤੇ ਠੋਕ ਦਿਤੀ ਤੇ ਮੱਘੇ ਵਰਗਾ ਸਿਰ ਝੁਕ ਕੇ ਕੰਚਨੀ ਦੇ ਪੈਰਾਂ ਵਲ ਡਿਗਾ ਤੇ ਨਾਲ ਹੀ ਲਹੂ ਦਾ ਫਵਾਰਾ ਗਲੀਚੇ 'ਤੇ ਪੈਣ ਲੱਗਾ। ਮੱਸੇ ਦਾ ਧੜ ਪਲੰਘ ਉਤੇ ਤੜਫ ਰਿਹਾ ਸੀ। ਇਹ ਕੰਮ ਅੱਖ ਝਮਕਣ ਦੇ ਚਿਰ ਨਾਲੋਂ ਵੀ ਛੇਤੀ ਹੋਇਆ ਕਿ ਕਿੰਨਾ ਚਿਰ ਦਰਸ਼ਕ ਸੋਚ ਹੀ ਨਹੀਂ ਸਕੇ ਕਿ ਕ। ਹੋ ਗਿਆ। ਕੁਝ ਦੇਰ ਲਈ ਉਨ੍ਹਾਂ 'ਤੇ ਸਕਤਾ ਛਾ ਗਿਆ ਤੇ ਉਹ ਡਿਘਰ ਡਿਘਰ ਵੇਖੀ ਗਏ। ਮਤਾਬ ਸਿੰਘ ਨੇ ਅਗਲਾ ਹੱਥ ਮਾਰ ਕੇ ਪੱਖੇ ਵਾਲੇ ਦਾ ਸਿਰ ਕਲਮ ਕਰ ਦਿਤਾ। ਦੱਖਣ ਵਾਲੀ ਬਾਹੀ ਬੈਠਿਆਂ ਦਰਸ਼ਕਾਂ ਨੂੰ ਲਲਕਾਰਿਆ ਕਿ ਖ਼ਬਰਦਾਰ, ਜੇ ਕੋਈ ਰਤਾ ਵੀ ਹਿਲਿਆ। ਏਨੇ ਚਿਰ ਨੂੰ ਸੁਖਾ ਸਿੰਘ ਨੇ ਕੰਜਰਾਂ ਦੀ ਢਾਣੀ ਦੇ ਸਿਰ ਝਾੜ ਦਿਤੇ ਤੇ ਵੇਸਵਾ ਨੂੰ ਦਬਕਾ ਮਾਰ ਕੇ ਪੈਰਾਂ 'ਤੇ ਬਿਠਾ ਦਿਤਾ। ਸੁਖਾ ਸਿੰਘ ਪਹਿਲਾਂ ਹੀ ਮੂਹਰਲੇ ਦਰਵਾਜ਼ੇ ਵਲ ਸੀ, ਮਤਾਬ ਸਿੰਘ ਨੇ ਦੱਖਣੀ ਦਰਵਾਜ਼ਾ ਰੋਕ ਲਿਆ। ਹੁਣ ਦੋਵੇਂ ਦਰਸ਼ਕਾਂ ਦਾ ਕੀਮਾ ਉਡਾ ਰਹੇ ਸਨ। ਸੱਜੇ, ਖੱਬੇ, ਹੂਲ ਤੇ ਉਤੋਂ ਭਰਵਾਂ ਵਾਰ, ਜਵੇਂ ਵੀ ਬੈਠਿਆਂ ਉਤੇ ਸੂਤਰ ਲੱਗਾ, ਅੱਖ ਝਮਕਦਿਆਂ ਝਮਕਦਿਆਂ ਹਰਿਮੰਦਰ ਸਾਹਿਬ ਵਿਚ ਤੜਫਦੀਆਂ ਲਾਸ਼ਾਂ ਖਿਲਾਰ ਦਿਤੀਆਂ। ਕੁਝ ਕੁ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਏ। ਵੇਸਵਾ ਤੋਂ ਬਿਨਾਂ ਕੋਈ ਵੀ ਹਿਲਣ ਜੋਗਾ ਨਹੀਂ ਛਡਿਆ। ਗੱਲ ਉਹ ਬਣੀ ਜਿਵੇਂ ਛੇਲਿਆਂ ਦਾ ਇੱਜੜ ਕਿਸੇ ਬੰਦ ਅਹਾਤੇ ਵਿਚ ਦੋ ਚੀਤਿਆਂ ਦੇ ਕਾਬੂ ਆ ਗਿਆ ਹੋਵੇ। ਵੇਂਹਦਿਆਂ ਵੇਂਹਦਿਆਂ ਦਰਬਾਰ ਸਾਹਿਬ ਦਾ ਫ਼ਰਸ਼ ਲਹੂ ਨਾਲ ਭਰ ਗਿਆ। ਘੜੀ ਕੁ ਪਹਿਲਾਂ ਜਿਥੇ ਮਹਿਫ਼ਲ ਜੁੜੀ ਸੀ ਤੇ ਉਚੀ ਸੁਰ ਤਾਲ ਉਠਦੇ ਸਨ, ਹੁਣ ਵਾਜੇ, ਤਬਲੇ ਸਾਰੰਗੀਆਂ ਰੁੜ੍ਹੀਆਂ ਫਿਰਦੀਆਂ ਸਨ। ਇਹ ਘਟਨਾ

੨੨ ਭਾਦਰੋਂ ਸੰਮਤ ੧੭੯੭ ਮੁਤਾਬਕ ਅਗਸਤ ੧੭੪੦ ਈ: ਦੀ ਹੈ।[1]

ਮੱਸੇ ਰੰਘੜ ਦਾ ਸਿਰ ਤੇ ਉਸ ਦੇ ਕੀਮਤੀ ਗਹਿਣੇ, ਜੋ ਉਸ ਨੇ ਪਾਏ ਹੋਏ ਸਨ,[2] ਲਾਹ ਕੇ ਭੂਰੇ ਵਿਚ ਵਲ੍ਹੇਟ ਲਏ। ਵੇਸਵਾ ਦਾ ਗੁਨਾਹ ਤਾਂ ਬਹੁਤ ਵੱਡਾ ਸੀ, ਪਰ ਜ਼ਨਾਨੀ ਹੋਣ ਦੇ ਨਾਤੇ ਉਸ ਨੂੰ ਕੁਝ ਨਹੀਂ ਕਿਹਾ। ਇਥੋਂ ਸਿੰਘ ਬਾਹਰ ਆਏ ਤੇ ਬੇਰੀ ਨਾਲੋਂ ਘੋੜੇ ਖੋਲ੍ਹ ਕੇ ਉਤੇ ਸਵਾਰ ਹੋ ਗਏ। ਪਹਿਰੇਦਾਰ ਪੰਜੋਤਰੇ ਵਿਚੋਂ ਹਿੱਸਾ ਲੈਂਦਾ ਲੈਂਦਾ ਬਾਂਹ ਵਢਾ ਬੈਠਾ। ਉਸ ਨੇ ਅੱਗੇ ਹੋ ਕੇ ਮਤਾਬ ਸਿੰਘ ਦੇ ਘੋੜੇ ਦੀ ਵਾਗ ਫੜ ਲਈ, ਸਿਰ ਵਾਲਾ ਭੂਰਾ ਮਤਾਬ ਸਿੰਘ ਪਾਸ ਸੀ। ਸੁਖਾ ਸਿੰਘ ਦੇ ਹੱਥ ਵੇਹਲੇ ਸਨ। ਪਹਿਰੇਦਾਰ ਨੇ ਜਦ ਵਾਗ ਨਾ ਛੱਡੀ ਤਾਂ ਅਗਲੇ ਪਲ ਸੁਖਾ ਸਿੰਘ ਦੀ ਤਲਵਾਰ ਉਠੀ ਤੇ ਪਹਿਰੇਦਾਰ ਦੀ ਬਾਂਹ ਉਸ ਦੇ ਪੈਰਾਂ ਵਿਚ ਪਈ ਸੀ। ਉਹ ਬਹੁੜੀ ਬਹੁੜੀ ਕਰ ਉਠਿਆ। ਅਕਾਲ ਤਖ਼ਤ ਮੱਲੀ ਬੈਠੇ ਫ਼ੌਜੀਆਂ ਨੇ ਉਥੋਂ ਉਨ੍ਹਾਂ ਨੂੰ ਲਲਕਾਰਿਆ, ਪਰ ਸਿੰਘ ਘੋੜਿਆਂ ਨੂੰ ਛੇੜ ਕੇ ਪਰਕਰਮਾ 'ਚੋਂ ਨਿਕਲ ਗਏ ਸਨ। ਉਹ ਇਕ ਵੱਢੀ ਬਾਂਹ ਨੂੰ ਰੋਂਦੇ ਸਨ, ਪਰ ਵੇਸਵਾ ਨੇ ਅੰਦਰੋਂ ਭਜ ਕੇ ਬਾਹਰ ਆ ਕੇ ਜਦ ਅੰਦਰ ਹੋਈ ਘਟਨਾ

---

੧. ਸ: ਰਤਨ ਸਿੰਘ ਭੰਗੂ *ਪ੍ਰਾਚੀਨ ਪੰਥ ਪ੍ਰਕਾਸ਼*, ਸਫ਼ਾ ੨੨੩, ਸਿਖਰ ਦੁਪਹਿਰੀਂ ਭਾਦਵੇਂ ਸੂਰਜ ਅਤਿ ਤਪਤਾਇ। ਗਿਆਨੀ ਗਿਆਨ ਸਿੰਘ 'ਸ਼ਮਸ਼ੇਰ ਖ਼ਾਲਸਾ' ਨੰਬਰ ੨ (ਭਾਸ਼ਾ ਵਿਭਾਗ) ਸਫ਼ਾ ੧੩੨ ਉਤੇ ੧੨ ਜੇਠ ਸੰਮਤ ੧੭੯੭ ਦੀ ਘਟਨਾ ਦਸਦਾ ਹੈ। ਪਰ ਇਹ ਮਿਤੀ ਦਰੁਸਤ ਨਹੀਂ ਜਾਪਦੀ। ਸ: ਰਤਨ ਸਿੰਘ ਭੰਗੂ ਦਾ ਸ੍ਰੋਤ, ਜੋ ਉਸ ਦੇ ਪਿਤਾ ਜੀ ਨੇ ਦਸਿਆ ਤੇ ਉਸ ਨੇ ਆਪਣੇ ਬਜ਼ੁਰਗ ਸਹੁਰਾ ਸ: ਸ਼ਾਮ ਸਿੰਘ ਤੋਂ ਸੁਣਿਆ, ਜਿਨ੍ਹਾਂ ਪਾਸ ਉਹ ਘਟਨਾ ਵਾਪਰਨ ਤੋਂ ਪਿਛੋਂ ਸੁਖਾ ਸਿੰਘ ਤੇ ਮਤਾਬ ਸਿੰਘ ਗਏ, ਜ਼ਿਆਦਾ ਸਹੀ ਹੈ। ਸ: ਸ਼ਾਮ ਸਿੰਘ, ਸ: ਮਤਾਬ ਸਿੰਘ, ਸੁਖਾ ਸਿੰਘ ਮਾੜੀ ਕੰਬੋਕੀ ਤੇ ਰਾਇ ਸਿੰਘ ਦੀ ਗਵਾਹੀ ਜ਼ਿਆਦਾ ਪ੍ਰਮਾਣੀਕ ਹੈ।

੨. ਮੱਸੇ ਕੋ ਇਮ ਸੀਸ ਉਤਾਰਯੋ। ਜਨ ਕਰ ਬੇਲੋਂ ਕਦੂਆ ਟਾਰਯੋ।
ਹੁਤੇ ਜੋ ਜ਼ੇਵਰ, ਤਾ ਕੇ ਦੁਆਰੇ। ਦੂਜੇ ਸਿੰਘ ਸੋ ਲਯੋ ਉਤਾਰੇ।
ਸ: ਰਤਨ ਸਿੰਘ ਭੰਗੂ, *ਪ੍ਰਾਚੀਨ ਪੰਥ ਪ੍ਰਕਾਸ਼,* ਸਫ਼ਾ ੨੨੪ ਤੀਜੀ ਪੰਕਤੀ ਵਿਚ ਆਇਆ ਸ਼ਬਦ 'ਤਾ ਕੇ' ਪੜਨਾਂਵ ਹੈ, ਜਿਸ ਦਾ ਅਰਥ ਹੈ ਉਸ ਦੇ, ਭਾਵ, ਮੱਸੇ ਦੇ। ਅਰਥ ਸਪੱਸ਼ਟ ਹਨ। ਮੱਸੇ ਉਦਾਲੇ ਜੋ ਜ਼ੇਵਰ ਸਨ, ਉਹ ਦੂਜੇ ਸਿੰਘ ਨੇ ਉਤਾਰ ਲਏ।
ਉਸ ਸਮੇਂ ਇਲਾਕਿਆਂ ਦੇ ਚੌਧਰੀ ਇਸਤ੍ਰੀਆਂ ਵਾਂਗ ਗਹਿਣੇ ਪਾ ਕੇ ਆਪਣੇ ਆਪ ਨੂੰ ਸਜਾਇਆ ਕਰਦੇ ਸਨ। ਮੱਸਾ ਕਿਸੇ ਨਾਲੋਂ ਘੱਟ ਨਹੀਂ ਸੀ। ਉਸ ਨੇ ਵੀ ਜ਼ੇਵਰ ਪਹਿਨੇ ਹੋਏ ਸਨ, ਜੋ ਸੁਖਾ ਸਿੰਘ ਨੇ ਉਤਾਰ ਲਏ। ਕਈਆਂ ਟਪਲਾ ਖਾ ਕੇ ਲਿਖ ਦਿਤਾ ਹੈ ਕਿ ਕੰਚਨੀ ਦੇ ਗਹਿਣੇ ਸੁਖਾ ਸਿੰਘ ਨੇ ਉਤਾਰ ਲਏ, ਜੋ ਸਰਾ-ਸਰ ਗ਼ਲਤ ਹੈ। ਵੇਸਵਾ ਦਾ ਭਾਰੀ ਗੁਨਾਹ ਹੁੰਦਿਆਂ ਹੋਇਆਂ ਵੀ ਉਸ ਨੂੰ ਜ਼ਿੰਦਾ ਛਡ ਗਏ। ਜੇ ਔਰਤ 'ਤੇ ਹੱਥ ਨਹੀਂ ਉਠਾਇਆ ਤਾਂ ਉਸ ਦੇ ਗਹਿਣਿਆਂ ਨੂੰ ਕਿਸ ਲਈ ਹੱਥ ਪਾਉਣਾ ਸੀ। ਇਹ ਲਿਖਾਰੀਆਂ ਦਾ ਰੌ ਵਿਚ ਆਇਆਂ ਦਾ ਭੁਲੇਖਾ ਹੈ।

ਬਾਰੇ ਹਾਹਾਕਾਰ ਮਚਾਈ ਤਾਂ ਸਾਰਿਆਂ ਦੇ ਸਾਹ ਸੁਕ ਗਏ। ਬੂ ਪਾਹਰਿਆ ਹੋਣ ਲੱਗ ਪਈ। ਅਲਾਰਮ ਖੜਕ ਗਿਆ ਤੇ ਮੱਸੇ ਦੇ ਫ਼ੌਜੀ ਸਵਾਰ ਮਗਰ ਲੱਗ ਪਏ। ਫ਼ੌਜੀ ਸਵਾਰ ਦੂਰ ਤਕ ਮਗਰ ਆਏ, ਪਰ ਸਿੰਘਾਂ ਡਾਹੀ ਨਾ ਦਿਤੀ। ਸਿੰਘ ਸੰਗਰਾਣਾ ਸਾਹਿਬ ਲਾਗੋਂ ਖਬੇ ਨੂੰ ਸਰਕ ਗਏ। ਬੰਡਾਲੇ ਵਾਲੀ ਬੀੜ ਨੂੰ ਸਿਧੇ ਹੋ ਗਏ। ਇਥੋਂ ਕੱਦ ਗਿਲ ਪਿੰਡ ਦੀ ਜੂਹ ਵਿਚ ਦੀ ਬਿਆਸ ਦਰਿਆ ਦੇ ਲਹਿੰਦੇ ਕੰਢੇ ਉਤਾੜ ਪਿੰਡਾਂ ਦੇ ਨਾਲ ਦੀ ਚੋਲ੍ਹਾ ਸਾਹਿਬ ਨੂੰ ਆ ਗਏ। ਇਥੇ ਆ ਕੇ ਰੁਕੇ, ਜਲ-ਪਾਣੀ ਛਕਿਆ ਤੇ ਵਾਹਿਗੁਰੂ ਦਾ ਲੱਖ ਲੱਖ ਸ਼ੁਕਰ ਕੀਤਾ। ਘੋੜਿਆਂ ਨੂੰ ਰਜਾਇਆ ਤੇ ਸਾਹ ਲਿਆ। ਕੁਝ ਦੇਰ ਪਿਛੋਂ ਫਿਰ ਚਾਲੇ ਪਾ ਦਿਤੇ ਤੇ ਰਾਤ ਸਭਰਾਵਾਂ ਦੇ ਹੇਠ ਕੱਟੀ। ਸਵੇਰੇ ਨਿਤ ਕਿਰਿਆ ਤੋਂ ਵਿਹਲੇ ਹੋ ਕੇ ਦਰਿਆ ਠਿਲ੍ਹ ਗਏ ਤੇ ਮਾਲਵੇ ਦੀ ਧਰਤੀ 'ਤੇ ਜਾ ਕਦਮ ਰਖੇ। ਹੁਣ ਸਫ਼ਰ ਖ਼ੁਸ਼ੀਆਂ ਭਰਿਆ ਸੀ। ਰਾਤ ਤੁਰਨ ਦੀ ਲੋੜ ਨਹੀਂ ਸੀ। ਘੋੜਿਆਂ ਦੀਆਂ ਸੁਖਾਵੀਆਂ ਮੰਜ਼ਲਾਂ ਹੋ ਗਈਆਂ, ਫਿਰ ਵੀ ਦਸਵੇਂ ਦਿਨ ਪਿਛਲੇ ਪਹਿਰ ਬੁਢੇ ਜੌਹੜ ਪਹੁੰਚ ਗਏ। ਰੰਘੜ ਦਾ ਸਿਰ ਤੇ ਗਹਿਣੇ ਜਥੇ ਮੂਹਰੇ ਰਖ ਕੇ ਵਾਹਿਗੁਰੂ ਦਾ ਧੰਨਵਾਦ ਕੀਤਾ। ਸਿੰਘਾਂ ਅਕਾਸ਼-ਗੂੰਜਾਊ ਜੈਕਾਰੇ ਛੱਡੇ। ਆਪਣੇ ਸੂਰਬੀਰ ਧਰਮੀ ਵੀਰਾਂ ਨੂੰ ਘੁਟ ਘੁਟ ਗਲ ਨਾਲ ਲਾਇਆ ਤੇ ਉਨ੍ਹਾਂ ਨੂੰ ਬੜਾ ਹੀ ਸਤਿਕਾਰ ਦਿਤਾ।

ਜ਼ੇਵਰ ਤਾਂ ਲੰਗਰ ਦੀਆਂ ਰਸਦਾਂ ਲਈ ਭੇਟ ਕੀਤੇ ਗਏ। ਰੰਘੜ ਦਾ ਸਿਰ ਭੁੰਜੇ ਸੁਟ ਕੇ ਉਸ ਦੇ ਉਤੋਂ ਦੀ ਘੋੜੇ ਭਜਾਏ। ਸੁੰਮਾਂ ਨਾਲ ਕੁਚਲਿਆ। ਉਸ ਨੂੰ ਟੋਲੇ ਮਾਰੇ ਤੇ ਫਿਰ ਇਸ ਨੂੰ ਅੱਗ ਵਿਚ ਸਾੜ ਦਿਤਾ।[੧]

---

੧. ਜੂਨ ੧੯੭੯ ਵਿਚ ਮੈਂ ਬੁਢੇ ਜੌਹੜ ਗਿਆ ਸੀ। ਇਕ ਰਣਜੀਤ ਸਿੰਘ ਨਾਮੇ ਸਿੰਘ, ਜਿਸ ਦਾ ਬੁਢੇ ਦਲ ਨਾਲ ਸੰਬੰਧ ਸੀ, ਪਾਸੋਂ ਇਸ ਘਟਨਾ ਬਾਰੇ ਕਈ ਸਵਾਲ ਪੁਛੇ ਸਨ। ਜਿਸ ਥਾਂ ਮੱਸੇ ਦਾ ਸਿਰ ਸਾੜਿਆ ਗਿਆ ਸੀ, ਉਥੇ ਇਕ ਜੰਡ ਸੀ, ਜੋ ਬੜੀ ਦੇਰ ਤਕ ਉਸ ਦੀ ਨਿਸ਼ਾਨ-ਦੇਹੀ ਕਰਦਾ ਰਿਹਾ। ਇਹ ਸੈਂਕੜੇ ਸਾਲਾਂ ਦਾ ਪੁਰਾਣਾ ਜੰਡ ਕੁਝ ਸਾਲ ਹੋਏ, ਡਿਗ ਪਿਆ ਹੈ ਤੇ ਸਿੰਘਾਂ ਨੇ ਚੁਕ ਕੇ ਆਪਣੀ ਛਾਉਣੀ ਵਿਚ, ਜੋ ਗੁਰਦੁਆਰਾ ਬੁਢਾ ਜੌਹੜ ਦੀ ਇਮਾਰਤ ਦੇ ਪਿਛਲੇ ਪਾਸੇ ਹੈ, ਰਖ ਦਿਤਾ। ਮੈਂ ਇਸ ਨੂੰ ਇਸੇ ਹਾਲਤ ਵਿਚ ਵੇਖਿਆ ਸੀ। ਪਹਿਲੀ ਥਾਂ ਉਸ ਵੇਲੇ 'ਇਕ ਹੋਰ ਜੰਡ' ਦਾ ਬੂਟਾ ਖੜਾ ਸੀ, ਜੋ ਦਸ ਕੁ ਫ਼ੁਟ ਉਚਾ ਸੀ। ਇਸ ਤੋਂ ਬਿਨਾਂ ਕੋਈ ਹੋਰ ਨਿਸ਼ਾਨੀ ਉਥੇ ਮੌਜੂਦ ਨਹੀਂ ਹੈ। ਬੁਢਾ ਜੌਹੜ ਦੇ ਸ਼੍ਰੋਮਣੀ ਪ੍ਰਬੰਧਕ ਸੰਤ ਜੀ ਨੂੰ ਬੇਨਤੀ ਕੀਤੀ ਸੀ ਕਿ ਇਥੇ ਕੋਈ ਪੱਕੀ ਨਿਸ਼ਾਨੀ ਕਾਇਮ ਕੀਤੀ ਜਾਵੇ। ਉਨ੍ਹਾਂ ਬੜਾ ਉਤਸ਼ਾਹ ਭਰਿਆ ਹੁੰਗਾਰਾ ਦਿਤਾ ਸੀ। ਪਿਛੋਂ ਪਤਾ ਲੱਗਾ ਹੈ ਕਿ ਹੁਣ ਤੀਕ ਕੁਝ ਨਹੀਂ ਬਣ ਸਕਿਆ। ਕਾਸ਼! ਮੇਰੀ ਇਹ ਅਵਾਜ਼ ਕਿਸੇ ਪੰਥ-ਦਰਦੀ ਦੇ ਦਿਲ 'ਤੇ ਅਸਰ ਕਰ ਸਕੇ।

ਮੱਸੇ ਦੀ ਮੌਤ ਦਾ ਅਸਰ

ਮੱਸੇ ਦੇ ਇੰਜ ਮਾਰੇ ਜਾਣ ਨਾਲ ਸਾਰੇ ਪੰਜਾਬ ਵਿਚ ਤਰਥਲੀ ਮੱਚ ਗਈ। ਫ਼ੌਜਾਂ ਦੇ ਪਾਏ ਸਖ਼ਤ ਘੇਰੇ ਵਿਚੋਂ ਦੀ ਸਿੰਘਾਂ ਦਾ ਲੰਘ ਕੇ, ਉਸ ਦਾ ਸਿਰ ਵੱਢ ਕੇ ਲੈ ਜਾਣਾ ਸਿਰੇ ਦੀ ਦੀਦਾ-ਦਲੇਰੀ ਤੇ ਹੈਰਾਨ ਕਰ ਦੇਣ ਵਾਲੀ ਘਟਨਾ ਸੀ। ਸਿੱਖਾਂ ਦੇ ਸਿਰ ਆਉਣ ਵਾਲੇ ਬਾਕੀ ਹਾਕਮ ਵੀ ਕੰਬ ਉਠੇ। ਉਹ ਵੀ ਸਮਝਣ ਲੱਗ ਪਏ ਕਿ ਉਹਨਾਂ ਦੇ ਸਿਰ ਵੀ ਕਦੀ ਨਾ ਕਦੀ ਇਹੋ ਜਿਹੀ ਬਿਜਲੀ ਡਿਗੀ ਕਿ ਡਿਗੀ। ਸਾਰੇ ਸੂਬਾ ਪੰਜਾਬ ਵਿਚ ਸਿੱਖਾਂ ਦੇ ਹੌਸਲੇ ਤੇ ਦਲੇਰੀ ਦਾ ਸਿੱਕਾ ਜੰਮ ਗਿਆ। ਘਰ ਘਰ ਇਸ ਘਟਨਾ ਦੀ ਚਰਚਾ ਹੋਣ ਲੱਗੀ। ਕਈ ਸੁੱਤੇ ਪਏ ਤ੍ਰਭਕ ਤ੍ਰਭਕ ਉਠ ਕੇ ਰੌਲਾ ਪਾਉਣ ਲੱਗ ਪੈਂਦੇ ਕਿ ਸਿਖ ਆਣ ਪਏ, ਸਿਖ ਆਣ ਪਏ।

ਉਧਰ ਮੱਸੇ ਦੇ ਭਰਾਵਾਂ ਭਾਈਆਂ, ਇਸਤ੍ਰੀ ਤੇ ਬਰਾਦਰੀ ਦੇ ਹੋਰ ਲੋਕਾਂ ਨੇ, ਮੱਸੇ ਦੀ ਬਿਨਾਂ ਸਿਰੋਂ ਲਾਸ਼ ਲਾਹੌਰ ਲਿਜਾ ਕੇ ਖ਼ਾਨ ਬਹਾਦਰ ਦੇ ਸਾਹਮਣੇ ਜਾ ਰਖੀ, ਤੇ ਉਨ੍ਹਾਂ ਰੋ ਰੋ ਕੇ ਬਦਲੇ ਲਈ ਫ਼ਰਿਆਦ ਕੀਤੀ। ਮੱਸੇ ਦੀ ਇਸਤ੍ਰੀ ਦੁਹੱਥੜ ਮਾਰ ਮਾਰ ਕੇ ਕਹਿਣ ਲੱਗੀ, "ਸਰਕਾਰ ਨੇ ਮੇਰੀ ਝੋਲੀ ਕਿਸ ਕਸੂਰ ਵਜੋਂ ਰੰਡੇਪਾ ਪਾ ਦਿਤਾ ਹੈ ? ਤੇਰਾ ਸਿੰਘਾਂ ਨਾਲ ਵੈਰ ਸੀ, ਤੂੰ ਉਨ੍ਹਾਂ ਦੇ ਘਰ ਬਾਰ ਉਜਾੜੇ। ਸਾਨੂੰ ਅੱਗੇ ਲਾ ਕੇ ਕਿਉਂ ਮਰਵਾਇਆ ? ਮੈਨੂੰ ਬਦਲਾ ਲੈ ਕੇ ਨਾ ਦਿਤਾ ਤਾਂ ਮੈਂ ਭਰੀ ਕਚਹਿਰੀ ਵਿਚ ਖ਼ੰਜਰ ਮਾਰ ਕੇ ਮਰ ਜਾਵਾਂਗੀ।"

ਮੱਸੇ ਦਾ ਇੰਜ ਮਾਰਿਆ ਜਾਣਾ ਕੋਈ ਮਮੂਲੀ ਗੱਲ ਨਹੀਂ ਸੀ। ਦਿੱਲੀ ਤੇ ਲਾਹੌਰ ਦੀਆਂ ਸਰਕਾਰਾਂ, ਜੋ ਸਿੱਖਾਂ ਦੇ ਖ਼ਾਤਮੇ ਲਈ ਬਾਨ੍ਹਣੂ ਬੰਨ੍ਹ ਰਹੀਆਂ ਸਨ, ਤੇ ਜਿਨ੍ਹਾਂ ਨੂੰ ਨ਼ਾਦਰ ਸ਼ਾਹ ਦੀ ਪੁਸ਼ਤ-ਪਨਾਈ ਹਾਸਲ ਸੀ, ਦੇ ਮੂੰਹਾਂ 'ਤੇ

ਇਹ ਘਟਨਾ ਇਕ ਕਰਾਰੀ ਚਪੇੜ ਸੀ। ਮੱਸੇ ਤੋਂ ਪਹਿਲਾਂ ਕੁਤਬੁਦੀਨ ਜਲੰਧਰੀਆ ਨਵਾਬ, ਜੋ ਇਕ ਨਾਮੀ ਸੂਰਮਾ ਸੀ, ਸਿੱਖਾਂ ਹੱਥੋਂ ਜੀਊਂਦਾ ਸਾੜਿਆ ਗਿਆ ਸੀ। ਖ਼ਾਨ ਬਹਾਦਰ ਵੀ ਅੰਦਰੋਂ ਹਿਲ ਗਿਆ। ਪਰ ਆਪਣੇ ਡਰ ਨੂੰ ਲੋਕਾਂ ਦੇ ਸਾਹਮਣੇ ਜ਼ਾਹਰ ਨਹੀਂ ਸੀ ਹੋਣ ਦੇਣਾ ਚਾਹੁੰਦਾ। ਉਹ ਉਤੋਂ ਬੜਾ ਕ੍ਰੋਧਵਾਨ ਹੋਇਆ, ਸਿੱਖਾਂ ਵਿਰੁੱਧ ਜੋ ਮੂੰਹ ਆਇਆ, ਕਹਿ ਗਿਆ। ਮੱਸੇ ਦੇ ਪਰਵਾਰ ਨੂੰ ਹੌਸਲਾ ਦਿਤਾ ਤੇ ਪ੍ਰਣ ਕੀਤਾ ਕਿ ਜੇ ਮੱਸੇ ਦਿਆਂ ਕਾਤਲਾਂ ਤੋਂ ਉਸ ਦਾ ਬਦਲਾ ਨਾ ਲੈ ਸਕਿਆ ਤਾਂ ਉਹ ਲਾਹੌਰ ਦੀ ਨਿਜ਼ਾਮਤ ਛਡ ਦੇਵੇਗਾ।

ਚੌਧਰੀਆਂ ਤੇ ਤਲਕੇਦਾਰਾਂ ਦੀ ਦੁਰਦਸ਼ਾ

ਖ਼ਾਨ ਬਹਾਦਰ ਨੇ ਹਲਕਾਰੇ ਭੇਜ ਕੇ ਇਲਾਕੇ ਦੇ ਚੌਧਰੀ ਲਾਹੌਰ ਮੰਗਵਾ ਲਏ। ਮੱਸੇ ਦੇ ਕਤਲ ਦਾ ਗੁੱਸਾ ਚੌਧਰੀਆਂ ਉਤੇ ਕਢਿਆ। ਗਾਲ੍ਹਾਂ ਤੇ ਝਾੜਾਂ ਦੇ ਚੌਧਰੀ ਪੀੜ੍ਹੀਆਂ ਤੋਂ ਆਦੀ ਹੋ ਚੁੱਕੇ ਸਨ। ਉਹ ਸਮਝਦੇ ਸਨ ਕਿ ਹੁਣ ਵੀ ਪਹਿਲਾਂ ਵਾਂਗ ਹੀ ਝਾੜ-ਝੰਬ ਪਿਛੋਂ ਖਲਾਸੀ ਹੋ ਜਾਵੇਗੀ। ਪਰ ਖ਼ਾਨ ਬਹਾਦਰ ਲੋਹੇ ਲਾਖਾ ਹੋਇਆ ਹੋਇਆ ਸੀ। ਐਤਕੀਂ ਗਾਲ੍ਹਾਂ ਤਕ ਹੀ ਗੱਲ ਨਾ ਰਹੀ। ਪਹਿਲਾਂ ਚੌਧਰੀਆਂ ਨੂੰ ਜੁੱਤੀਆਂ ਮਰਵਾ ਕੇ ਬੇਹੋਸ਼ ਕੀਤਾ ਤੇ ਫਿਰ ਪੁਛਿਆ, ਤੁਸਾਂ ਲਿਖਤਾਂ ਦਿਤੀਆਂ ਸਨ, ਕਿ ਤੁਸਾਂ ਆਪਣੇ ਇਲਾਕਿਆਂ ਵਿਚੋਂ ਸਿਖ ਚੁਣ ਚੁਣ ਕੇ ਫੜਵਾ ਕੇ ਮਰਵਾ ਦਿਤੇ ਹਨ ਤੇ ਤੁਸਾਂ ਇਨਾਮ ਵੀ ਖ਼ੂਬ ਪਾਏ। ਪਰ ਹੁਣ ਦੱਸੋ ਇਹ ਤੁਹਾਡੇ ਸਜਰੇ ਜੁਆਈ ਕਿਥੋਂ ਆਏ, ਜਿਨ੍ਹਾਂ ਪਹਿਲਾਂ ਕੁਤਬੁਦੀਨ ਨੂੰ ਮਾਰਿਆ ਤੇ ਹੁਣ ਚੌਧਰੀ ਮੱਸੇ ਨੂੰ ਦਿਨ-ਦੀਵੀਂ, ਲਗਿਆਂ ਪਹਿਰਿਆਂ ਵਿਚ ਦੀ ਲੰਘ ਕੇ ਕਤਲ ਕੀਤਾ ਤੇ ਸਿਰ ਵੀ ਲੈ ਗਏ। ਜਾਂ ਤਾਂ ਇਸ ਦੇ ਕਾਤਲ ਭਾਲ ਕੇ ਦਿਓ, ਨਹੀਂ ਤਾਂ ਇਸ ਦਾ ਬਦਲਾ ਤੁਹਾਡੇ ਪਾਸੋਂ ਲਿਆ ਜਾਵੇਗਾ। ਚੌਧਰੀਆਂ ਨੇ ਸਿਖ ਮਰਵਾਉਣ ਦੀ ਸੇਵਾ ਬਦਲੇ ਸਰਕਾਰੋਂ ਜੋ ਇਨਾਮ ਲਏ ਸਨ, ਹੁਣ ਉਹ ਦੂਣੇ ਚੌਣੇ ਕਰ ਕੇ ਉਗਲੱਛਣੇ ਪਏ। ਜੁੱਤੀਆਂ ਖਾਧੀਆਂ, ਉਤੋਂ ਕਤਲ ਦੇ ਬਦਲੇ ਦਾ ਡਰ। ਇਨ੍ਹਾਂ ਸਰਕਾਰ ਦੇ ਵਫ਼ਾਦਾਰਾਂ, ਜੋ ਅਣਖ ਤੇ ਗ਼ੈਰਤ ਵੇਚ ਕੇ ਖਾਧੀ ਬੈਠੇ ਸਨ, ਨੂੰ ਜਾਨ ਦੇ ਲਾਲੇ ਪੈ ਗਏ।

ਇਨ੍ਹਾਂ ਚੰਡਾਲਾਂ ਵਿਚ ਜੰਡਿਆਲੇ ਵਾਲਾ ਹਰਭਗਤ ਨਿਰੰਜਨੀਆ, ਜਿਸ ਨੂੰ ਰੱਬ ਕਰਕੇ ਸਿੱਖਾਂ ਨਾਲ ਵੈਰ ਸੀ, ਨੇ ਕਿਹਾ, ਅਸਾਂ ਤਾਂ ਸਦਾ ਹਜ਼ੂਰ ਦੇ ਨਮਕ-ਖ਼ਾਰ ਤੇ ਸੇਵਾਦਾਰ ਰਹਿਣਾ ਹੈ। ਅਸਾਂ ਸਿਖ ਬਹੁਤ ਮਰਵਾਏ ਤੇ ਮਰਵਾਉਂਦੇ

ਰਹਿਣਾ ਹੈ। ਜਿਥੇ ਚਿੜੀ ਨਾ ਖੰਭ ਮਾਰ ਸਕੇ, ਉਥੇ ਵੀ ਅੱਪੜ ਇਹ ਸਿੰਘ ਨੁਕਸਾਨ ਕਰ ਜਾਂਦੇ ਹਨ। ਜਿੰਨੇ ਮਰਵਾਉਂਦੇ ਹਾਂ, ਉਨ੍ਹਾਂ ਤੋਂ ਦੂਣੇ ਵਧਦੇ ਜਾਂਦੇ ਹਨ। ਇਸ ਦਾ ਹਜ਼ੂਰ ਨੂੰ ਵੀ ਪਤਾ ਹੈ। ਸਾਨੂੰ ਦਿਸਦਾ ਹੈ ਕਿ ਚੌਧਰੀ ਮੱਸੇ ਵਾਂਗ ਸਾਡੀਆਂ ਵਾਰੀਆਂ ਵੀ ਸਿਰਾਂ 'ਤੇ ਆਈਆਂ ਖੜੋਤੀਆਂ ਹਨ। ਇਕ ਨਾ ਇਕ ਦਿਨ ਅਸਾਂ ਵੀ ਇਸੇ ਰਾਹੇ ਲੰਘਣਾ ਹੈ। ਪਰ ਅਸਾਂ ਵੀ ਕੋਈ ਢਿਲ ਨਹੀਂ ਛਡਣੀ। ਇਸ ਤਰ੍ਹਾਂ ਉਸ ਨੇ ਬੜੀਆਂ ਵਧਾ ਚੜ੍ਹਾ ਕੇ ਦਸਦੇ ਹੋਏ ਨੇ ਕਿਹਾ ਕਿ ਮੱਸੇ ਚੌਧਰੀ ਦੇ ਕਾਤਲ ਮਤਾਬ ਸਿੰਘ ਮੀਰਾਂਕੋਟੀਆ, ਜਿਸ ਨੂੰ ਮੈਂ ਪਿੰਡੋਂ ਕੱਢ ਛਡਿਆ ਹੈ ਤੇ ਹੁਣ ਬੀਕਾਨੇਰ ਡੇਰਾ ਲਾਈ ਬੈਠਾ ਹੈ, ਤੇ ਉਸ ਦੇ ਨਾਲ ਸੁਖਾ ਸਿੰਘ ਮਾੜੀ ਕੰਬੋਕੀ ਵਾਲਾ ਤਖਾਣ ਹੈ, ਜੋ ਨਾ ਦਿੱਲੀ ਤੇ ਨਾ ਲਾਹੌਰ ਸਰਕਾਰ ਦਾ ਡਰ ਮੰਨਦਾ ਹੈ। ਅਸੀਂ ਤਾਂ ਦੱਸ ਪਾ ਸਕਦੇ ਹਾਂ। ਇਨ੍ਹਾਂ ਨਿਡਰ ਤੇ ਬੇਖ਼ੌਫ਼ ਸਿੰਘਾਂ ਨੂੰ ਫੜ ਲੈਣ ਦੀ ਸਾਡੇ ਵਿਚ ਹਿੰਮਤ ਨਹੀਂ। ਇਹ ਕੰਮ ਸਰਕਾਰ ਦਾ ਹੈ। ਇਸ ਤੋਂ ਅੱਗੇ ਆਪਣੇ ਗ਼ੁਲਾਮਾਂ ਨੂੰ ਜੋ ਹੁਕਮ ਦੇਵੋਗੇ, ਸਿਰ ਝੁਕਾ ਕੇ ਮੰਨਾਂਗੇ।

ਮੀਰਾਂ ਕੋਟ 'ਤੇ ਚੜ੍ਹਾਈ ਤੇ ਨੱਥਾ ਚੌਧਰੀ

ਖ਼ਾਨ ਬਹਾਦਰ ਨੇ ਝਟ ਨੂਰਦੀਨ ਫ਼ੌਜਦਾਰ ਨੂੰ ਫ਼ੌਜ ਲੈ ਕੇ ਮੀਰਾਂਕੋਟ ਉਤੇ ਚੜ੍ਹਾਈ ਦਾ ਹੁਕਮ ਦੇਂਦਿਆਂ ਆਖਿਆ ਕਿ ਜੇ ਮਤਾਬ ਸਿੰਘ ਨਾ ਮਿਲੇ ਤਾਂ ਉਸ ਦਾ ਬਾਲ ਬੱਚਾ ਬੰਨ੍ਹ ਲਿਆਉਣਾ ਹੈ।

ਨੂਰਦੀਨ ਹੁਕਮ ਪਾ ਕੇ ਫ਼ੌਜ ਲੈ ਕੇ ਚੜ੍ਹ ਪਿਆ। ਹਰਭਗਤ ਨਿਰੰਜਨੀਆ ਨਾਲ ਰਲ ਕੇ ਮੂਹਰੇ ਹੋ ਤੁਰਿਆ। ਇਨ੍ਹਾਂ ਨੂੰ ਪਤਾ ਸੀ ਕਿ ਮਤਾਬ ਸਿੰਘ ਮੀਰਾਂ-ਕੋਟ ਵਿਚ ਨਹੀਂ, ਉਹ ਬੀਕਾਨੇਰ ਹੈ। ਪਿਛੇ ਕੇਵਲ ਬਾਲ ਬੱਚਾ ਹੀ ਹੋਵੇਗਾ। ਇਨ੍ਹਾਂ ਸੂਰਮਿਆਂ ਨੂੰ ਬਾਲਾਂ ਤੇ ਇਸਤ੍ਰੀਆਂ ਉਤੇ ਚੜ੍ਹਾਈ ਕਰਨ ਲਗਿਆਂ ਹੌਸਲਾ ਨਾ ਹੋਵੇ ਤਾਂ ਫੇਰ ਕਦੋਂ ਹੋਣਾ ਹੈ? ਦਿਸਦਾ ਸੀ, ਮੂਹਰੇ ਲੜਨ ਵਾਲਾ ਹੈ ਕੋਈ ਨਹੀਂ, ਬਸ ਖ਼ੂਬ ਦਮਗਜੇ ਮਾਰੇ।

ਮੱਸੇ ਦੇ ਭਰਾ ਭਾਈ ਵੀ ਹਥਿਆਰ ਬੰਨ੍ਹ ਕੇ ਨੂਰਦੀਨ ਦੇ ਨਾਲ ਹੋ ਗਏ। ਉਨ੍ਹਾਂ ਅੰਦਰ ਸੱਚਾ ਦੁੱਖ ਸੀ ਤੇ ਇਸ ਬਦਲੇ ਦੀ ਅੱਗ ਵਿਚ ਉਹ ਮੱਚ ਰਹੇ ਸਨ। ਉਹ ਮਤਾਬ ਸਿੰਘ ਦੇ ਪਰਵਾਰ ਨੂੰ ਹੱਥੀਂ ਮਾਰ ਕੇ ਸੀਨੇ ਦੀ ਮੱਚਦੀ ਅੱਗ ਨੂੰ ਠਾਰਨਾ ਚਾਹੁੰਦੇ ਸਨ।

ਇਹ ਚੋਖਾ ਢਿਮ-ਢਾਣਾ ਲੈ ਕੇ ਨੂਰਦੀਨ ਨੇ ਮੀਰਾਂਕੋਟ ਜਾ ਘੇਰਿਆ। ਪਿੰਡ ਦੇ ਉਦਾਲੇ ਪਹਿਰੇ ਖੜੇ ਕਰ ਕੇ ਨੂਰਦੀਨ ਸਥ ਵਿਚ ਜਾ ਬੈਠਾ ਤੇ ਨੱਥੇ ਖਹਿਰੇ ਨੂੰ, ਜੋ ਇਸ ਦਾ ਚੌਧਰੀ ਸੀ, ਬੁਲਾ ਲਿਆ। ਨੂਰਦੀਨ ਨੇ ਕੜਕ ਕੇ ਨੱਥੇ ਨੂੰ ਕਿਹਾ, "ਹਨੇਰ ਸਾਈਂ ਦਾ! ਤੇਰੇ ਪਿੰਡ ਵਿਚ ਸਰਕਾਰ ਦਾ ਬਾਗ਼ੀ ਤੇ ਚੌਧਰੀ ਮੱਸੇ ਦਾ ਕਾਤਲ ਬੈਠਾ ਹੈ ਤੇ ਤੂੰ ਕੋਈ ਆਸਰਾ ਹੀ ਨਹੀਂ ਕੀਤਾ, ਇਹ ਕੈਸੀ ਚੌਧਰਾਇਤ ਹੈ? ਇਸੇ ਵੇਲੇ ਮਤਾਬ ਸਿੰਘ ਜਾਂ ਉਸ ਦੇ ਬਾਲ-ਬੱਚੇ ਨੂੰ ਪੇਸ਼ ਕੀਤਾ ਜਾਵੇ।"

ਚੌਧਰੀ ਨੇ ਬੜੀ ਅਧੀਨਗੀ ਨਾਲ ਕਿਹਾ, "ਫ਼ੌਜਦਾਰ ਸਾਹਿਬ, ਮਤਾਬ ਸਿੰਘ ਤਾਂ ਪਿੰਡ ਵਿਚ ਨਹੀਂ ਹੈ। ਉਹ ਚਿਰੋਕਣਾ ਪਿੰਡੋਂ ਨਿਕਲ ਚੁਕਾ ਹੈ। ਖ਼ਾਨ ਬਹਾਦਰ ਦੀ ਸਖ਼ਤਾਈ ਕਾਰਨ ਸਿੰਘ ਆਪਣਾ ਬਾਲ ਬੱਚਾ ਵੀ, ਜਿਧਰ ਆਪ ਗਏ, ਨਾਲ ਹੀ ਲੈ ਗਏ ਹਨ।" ਨੱਥੇ ਦਾ ਇਹ ਕਹਿਣ ਤੋਂ ਭਾਵ ਸੀ ਕਿ ਫ਼ੌਜਦਾਰ ਸਮਝ ਲਵੇ ਕਿ ਮਤਾਬ ਸਿੰਘ ਦਾ ਬਾਲ ਬੱਚਾ ਵੀ ਪਿੰਡ ਵਿਚ ਨਹੀਂ ਹੈ। ਪਰ ਹਰਭਗਤ ਨਿਰੰਜਨੀਆ ਕਦ ਚੁਪ ਰਹਿਣ ਵਾਲਾ ਸੀ। ਉਸ ਨੇ ਕਿਹਾ ਕਿ ਜਨਾਬ! ਇਹ ਠੀਕ ਹੈ ਕਿ ਮਤਾਬ ਸਿੰਘ ਬੀਕਾਨੇਰ ਨੂੰ ਨਿਕਲ ਗਿਆ ਹੈ, ਪਰ ਉਸ ਦਾ ਪੁੱਤਰ ਪਿੰਡ ਵਿਚ ਹੀ ਹੈ, ਜਿਸ ਦੀ ਬਾਂਹ ਜਾਂਦਾ ਹੋਇਆ ਨੱਥੇ ਚੌਧਰੀ ਨੂੰ ਫੜਾ ਗਿਆ ਹੈ। ਮੈਥੋਂ ਤਾਂ ਸਰਕਾਰ ਦੇ ਸਾਹਮਣੇ ਝੂਠ ਨਹੀਂ ਬੋਲਿਆ ਜਾਂਦਾ। ਖ਼ਾਨ ਬਹਾਦਰ ਦਾ ਹੁਕਮ ਆਪਾਂ ਨੂੰ ਯਾਦ ਹੈ। ਅਸਾਂ ਤਾਂ ਚੌਧਰੀ ਮੱਸੇ ਦੇ ਕਤਲ ਦਾ ਬਦਲਾ ਲੈਣਾ ਹੈ। ਮਤਾਬ ਸਿੰਘ ਨਹੀਂ ਤਾਂ ਉਸ ਦਾ ਪੁੱਤਰ ਹੀ ਸਹੀ। ਸਗੋਂ ਪੁੱਤਰ ਦੇ ਮਰਨ ਨਾਲ ਮਤਾਬ ਸਿੰਘ ਨੂੰ ਵੀ ਪਤਾ ਲੱਗ ਜਾਵੇਗਾ ਕਿ ਮਰਿਆਂ ਦਾ ਦੁਖ ਕਿੰਨਾ ਕੁ ਹੁੰਦਾ ਹੈ। ਚੌਧਰੀ ਨੱਥੇ ਨੂੰ ਕਿਹਾ ਜਾਵੇ ਕਿ ਮਤਾਬ ਸਿੰਘ ਦੇ ਪੁੱਤਰ ਨੂੰ ਪੇਸ਼ ਕਰੋ। ਫ਼ੌਜਦਾਰ ਨੇ ਚੌਧਰੀ ਨੱਥੇ ਨੂੰ ਹੁਕਮ ਦਿਤਾ ਕਿ ਮਤਾਬ ਸਿੰਘ ਦੇ ਪੁਤਰ ਨੂੰ ਹਾਜ਼ਰ ਕਰੋ।

ਇਹ ਹੁਕਮ ਸੁਣ ਕੇ ਨੱਥਾ ਘਬਰਾ ਜਿਹਾ ਗਿਆ। ਉਸ ਦਾ ਮਤਾਬ ਸਿੰਘ ਨਾਲ ਭਾਈਚਾਰਾ ਸੀ। ਭਾਵੇਂ ਉਹ ਇਲਾਕੇ ਦਾ ਚੌਧਰੀ ਸੀ, ਪਰ ਉਸ ਦੇ ਖ਼ਿਆਲ ਦੂਸਰਿਆਂ ਨਾਲੋਂ ਵਖਰੇ ਸਨ। ਗ਼ਰੀਬਾਂ ਅਤੇ ਦੁਖੀਆਂ ਉਤੇ ਹਯਾ-ਦਯਾ ਰਖਦਾ ਸੀ, ਗੁਰੂ-ਘਰ ਦਾ ਸ਼ਰਧਾਲੂ ਤੇ ਸਿੱਖਾਂ ਦਾ ਦਿਲੋਂ ਦਰਦੀ ਸੀ। ਮਤਾਬ ਸਿੰਘ ਬੀਕਾਨੇਰ ਨੂੰ ਜਾਂਦਾ ਹੋਇਆ ਆਪਣੇ ਸੱਤਾਂ ਸਾਲਾਂ ਦੇ ਪੁਤਰ ਰਾਇ ਸਿੰਘ ਦੀ ਬਾਂਹ ਨਥੇ ਚੌਧਰੀ ਨੂੰ ਫੜਾ ਗਿਆ ਸੀ। ਚੌਧਰੀ ਨਥਾ ਮੁਸਲਮਾਨਾਂ ਦੇ ਕਹਿਰ ਤੋਂ ਵੀ ਡਰਦਾ ਸੀ, ਪਰ ਰਾਇ ਸਿੰਘ ਦੀ ਮੌਤ ਵੀ ਨਹੀਂ ਸੀ ਵੇਖਣੀ ਚਾਹੁੰਦਾ। ਉਸ ਨੇ ਨੂਰਦੀਨ ਨੂੰ ਬੜੀ ਨਿਮਰਤਾ ਤੇ ਅਧੀਨਗੀ ਨਾਲ ਕਿਹਾ, "ਤੁਹਾਡਾ ਹੁਕਮ ਸਿਰ ਮਥੇ ਹੈ। ਮੈਂ ਬੱਚੇ ਨੂੰ ਪੇਸ਼ ਕਰਨ ਲਈ ਤਿਆਰ ਹਾਂ। ਪਰ ਸਰਕਾਰ ਪਾਸੋਂ ਇਕ ਗੱਲ ਦੀ ਭੀਖ ਮੰਗਦਾ ਹਾਂ। ਮਤਾਬ ਸਿੰਘ ਚੌਧਰੀ ਮਸੇ ਦਾ ਕਾਤਲ ਹੈ, ਇਸ ਵਿਚ ਕੋਈ ਸ਼ੱਕ ਨਹੀਂ। ਮਤਾਬ ਸਿੰਘ ਸਾਹਮਣੇ ਹੋਵੇ ਤਾਂ ਮੈਂ ਸਰਕਾਰ ਵਲੋਂ ਹੋ ਕੇ ਉਸ ਨਾਲ ਲੜਨ ਨੂੰ ਤਿਆਰ ਹਾਂ। ਉਹ ਕਾਨੂੰਨ ਦੀ ਨਿਗਾਹ ਵਿਚ

ਦੋਸ਼ੀ ਹੈ। ਪਰ ਉਸ ਦਾ ਸੱਤਾਂ ਸਾਲਾਂ ਦਾ ਪੁੱਤਰ ਬਿਲਕੁਲ ਨਿਰਦੋਸ਼ ਹੈ। ਮੈਂ ਸਾਰੀ ਉਮਰ ਸਰਕਾਰ ਦਾ ਵਫ਼ਾਦਾਰ ਰਿਹਾ ਹਾਂ। ਮੈਂ ਸਾਰੀ ਉਮਰ ਦੀ ਸੇਵਾ ਬਦਲੇ ਸਿਰਫ਼ ਇਕੋ ਮੰਗ ਮੰਗਦਾ ਹਾਂ ਕਿ ਇਸ ਬੇਗੁਨਾਹ ਬੱਚੇ ਦੀ ਜਾਨ ਬਖ਼ਸ਼ੀ ਕੀਤੀ ਜਾਵੇ, ਉਸ 'ਤੇ ਰਹਿਮ ਕੀਤਾ ਜਾਵੇ। ਤੁਸੀਂ ਇਹ ਬਚਨ ਦੇ ਦਿਉ, ਮੈਂ ਬੱਚੇ ਨੂੰ ਪੇਸ਼ ਕਰ ਦੇਂਦਾ ਹਾਂ।"

ਨੂਰੁਦੀਨ ਬੜੇ ਗੁੱਸੇ ਵਿਚ ਭਬਕਿਆ ਤੇ ਆਖਿਆ, "ਸਿਖ ਦੇ ਬੱਚੇ 'ਤੇ ਰਹਿਮ ? ਤੌਬਾ! ਤੌਬਾ! ਇਸ ਦੀ ਤਾਂ ਸੁਪਨੇ ਵਿਚ ਵੀ ਆਸ ਨਾ ਰਖੋ। ਐਸੇ ਵੇਲੇ ਪੇਸ਼ ਕਰੋ। ਜਿਨ੍ਹਾਂ ਦਾ ਕਤਲ ਹੋਇਆ ਹੈ, ਉਨ੍ਹਾਂ ਨੂੰ ਕਿਵੇਂ ਸਬਰ ਆਊ ? ਮੈਂ ਉਸ ਦੇ ਟੁਕੜੇ ਟੁਕੜੇ ਕਰ ਕੇ ਰੁਖਾਂ ਉਤੇ ਟੰਗ ਦਿਆਂਗਾ। ਲੋਕ ਵੇਖਣਗੇ ਕਿ ਸਰਕਾਰ ਦੇ ਵਿਰੁੱਧ ਹੱਥ ਚੁਕਣ ਵਾਲਿਆਂ ਦਾ ਕੀ ਹਸ਼ਰ ਹੁੰਦਾ ਹੈ। ਜਾਓ ਤੇ ਬੱਚੇ ਨੂੰ ਛੇਤੀ ਲੈ ਕੇ ਵਾਪਸ ਮੁੜੋ। ਨਹੀਂ ਤਾਂ ਮੇਰੇ ਆਦਮੀ ਜਾ ਕੇ ਆਪ ਫੜ ਲਿਆਉਣਗੇ। ਇਸ ਹਾਲਤ ਵਿਚ ਆਪਣੀ ਚੌਧਰ ਬਾਰੇ ਸੋਚ ਲਵੋ। ਇਕੋ ਸਮੇਂ ਸਰਕਾਰ ਨਾਲ ਵਫ਼ਾਦਾਰੀ ਤੇ ਮਤਾਬ ਸਿੰਘ ਨਾਲ ਯਰਾਨਾ ਨਿਭ ਨਹੀਂ ਸਕਣਾ। ਸਿੱਖਾਂ ਦਾ ਮਿੱਤਰ ਸਰਕਾਰ ਦੀ ਨਿਗਾਹ ਵਿਚ ਸਿੱਖਾਂ ਜਿਡਾ ਹੀ ਦੁਸ਼ਮਣ ਹੈ। ਚਲੋ ਹੁਣ ਤੇ ਜਲਦੀ ਮੁੜੋ।"

ਨੱਥਾ ਨੀਵੀਂ ਪਾਈ ਦੁਚਿਤੀ ਵਿਚ ਤੁਰ ਪਿਆ। ਇਕ ਪਾਸੇ ਆਪਣੀ ਮੌਤ ਤੇ ਦੂਜੇ ਪਾਸੇ 'ਬਾਂਹ ਫੜੀ ਦੀ ਲਾਜ।' ਮੌਤ ਤੇ ਆਦਰਸ਼। ਇਹ ਗਿਣਤੀਆਂ ਗਿਣਦਾ ਮਤਾਬ ਸਿੰਘ ਦੇ ਘਰ ਪੁਜਾ। ਅੱਗੇ ਵੇਹੜੇ ਵਿਚ ਬਾਲਕ ਰਾਇ ਸਿੰਘ ਖੇਡ ਰਿਹਾ ਸੀ। ਚੌਧਰੀ ਨੂੰ ਵੇਖ ਕੇ 'ਤਾਇਆ ਜੀ' ਕਹਿੰਦਾ ਹੋਇਆ ਭੱਜ ਕੇ ਆਇਆ ਤੇ ਉਸ ਦੀਆਂ ਲੱਤਾਂ ਨਾਲ ਚਿੰਬੜ ਗਿਆ ਤੇ ਘੁਟ ਕੇ ਜੱਫੀ ਪਾ ਲਈ। ਇਹ ਸਾਰਾ ਨਜ਼ਾਰਾ ਵੇਖ ਕੇ ਨੱਥੇ ਦਾ ਦਿਲ ਭਰ ਆਇਆ ਤੇ ਉਸ ਨੂੰ ਉਤਾਂਹ ਚੁਕ ਕੇ ਘੁਟ ਕੇ ਹਿੱਕ ਨਾਲ ਲਾ ਲਿਆ। ਬੱਚੇ ਨੇ ਵੀ ਆਪਣੀਆਂ ਨਿੱਕੀਆਂ ਨਿੱਕੀਆਂ ਬਾਹਵਾਂ ਨਾਲ ਤਾਏ ਨੂੰ ਘੁਟ ਲਿਆ। (ਯਾਦ ਰਹੇ ਚੌਧਰੀ ਨੱਥਾ ਮਤਾਬ ਸਿੰਘ ਦਾ ਸਕਾ ਭਰਾ ਨਹੀਂ ਸੀ। ਉਹ ਗੋਤ ਦਾ ਖਹਿਰਾ ਸੀ। ਮਤਾਬ ਸਿੰਘ ਦੀ ਗੋਤ ਭੰਗੂ ਸੀ। ਦੋਵੇਂ ਪਗ-ਵਟ ਧਰਮ-ਭਰਾ ਸਨ।)

(੩੦)

ਮਤਾਬ ਸਿੰਘ ਦੇ ਪੁੱਤਰ ਰਾਇ ਸਿੰਘ ਨੂੰ ਬਚਾਉਣ ਲਈ ਨੱਥੇ ਦੀ ਸ਼ਹੀਦੀ

ਨੱਥਾ ਸਜਲ ਅੱਖਾਂ ਨਾਲ ਬੱਚੇ ਨੂੰ ਘਰ ਚੁੱਕ ਲਿਆਇਆ ਤੇ ਸਾਰੀ ਗੱਲ ਆਪਣੇ ਜਵਾਨ ਪੁਤਰ ਨੂੰ ਦੱਸੀ। ਦੋਵੇਂ ਸੂਰਤਾਂ ਦੱਸੀਆਂ। ਇਕ ਪਾਸੇ ਮੌਤ ਹੈ ਦੂਜੇ ਪਾਸੇ ਵਿਸਾਹਘਾਤ। ਇਕ ਪਾਸੇ ਸੁਰਖ਼ਰੂਈ ਹੈ ਦੂਜੇ ਪਾਸੇ ਹਮੇਸ਼ਾ ਲਈ ਅਮਿਟ ਕਲੰਕ ਦਾ ਟਿੱਕਾ।

ਉਸ ਦੇ ਪੁਤਰ ਨੇ ਬੜੇ ਹੌਸਲੇ ਨਾਲ ਕਿਹਾ, "ਪਿਤਾ ਜੀ, ਜਿਹੜੇ ਮਰਦ ਕੋਈ ਮਰਦਾਨਗੀ ਕਰ ਜਾਂਦੇ ਹਨ, ਉਨ੍ਹਾਂ ਦੇ ਨਾਂ ਹੀ ਪਿਛੇ ਰਹਿ ਜਾਂਦੇ ਹਨ। ਗੁਰੂ ਤੇਗ ਬਹਾਦਰ ਨੇ 'ਬਾਂਹ ਫੜੀ ਦੀ ਲਾਜ' ਸ਼ਹੀਦੀ ਦੇ ਕੇ ਪਾਲੀ ਸੀ ਤੇ ਸਾਨੂੰ ਦੁਨੀਆਂ ਵਿਚ ਸਿਰ ਚੁਕ ਕੇ ਜੀਊਣ ਜੋਗਾ ਕਰ ਗਏ। ਅੱਜ ਉਸ ਦਿਤੇ ਸਬਕ ਵਿਚੋਂ ਪਾਸ ਹੋਣ ਲਈ ਸਾਡਾ ਇਮਤਿਹਾਨ ਹੈ। ਅਸੀਂ ਵੀ ਉਂਜ ਹੀ ਸੁਰਖ਼ਰੂ ਹੋਣਾ ਹੈ ਤੇ ਸਰਬੰਸ ਲਾ ਕੇ ਰਾਇ ਸਿੰਘ ਦੀ ਜਾਨ ਬਚਾਵਾਂਗੇ। ਇਹੋ ਜਿਹੇ ਸੁਨਹਿਰੀ ਮੌਕੇ ਭਾਗਾਂ ਨਾਲ ਹੀ ਮਿਲਦੇ ਹਨ।"

ਨੱਥਾ ਪੁਤਰ ਦੀਆਂ ਦਲੇਰੀ ਵਾਲੀਆਂ ਗੱਲਾਂ ਸੁਣ ਕੇ ਗਦ ਗਦ ਹੋ ਗਿਆ। ਨੱਥਾ, ਉਸ ਦਾ ਪੁਤਰ, ਭਣੇਵਾਂ, ਇਕ ਮਜ਼ਬੀ ਸਿਖ, ਤੇ ਇਕ ਬਰਵਾਲਾ (ਪਿਛਲੇ ਦੋਵੇਂ ਉਸ ਦੇ ਕਾਮੇ ਸਨ)—ਇਹ ਪੰਜੇ—ਬਾਲਕ ਰਾਇ ਸਿੰਘ ਨੂੰ ਚੁਕ ਕੇ, ਪਿੰਡੋਂ ਦੂਜੇ ਪਾਸੇ ਦੀ ਅੱਖ ਬਚਾਅ ਕੇ ਬਾਹਰ ਨਿਕਲ ਕੇ, ਪਿੰਡ ਨਾਗ ਕੰਬੋਆਂ ਵਲ ਨਿਕਲ ਤੁਰੇ।

ਕਾਫ਼ੀ ਸਮੇਂ ਤਕ ਨੱਥਾ ਵਾਪਸ ਨਾ ਮੁੜਿਆ ਤਾਂ ਸਾਰਿਆਂ ਨੂੰ ਸ਼ਕ ਹੋ ਗਿਆ। ਪਤਾ ਲੱਗਾ ਕਿ ਉਹ ਬੱਚੇ ਨੂੰ ਲੈ ਕੇ ਪਿੰਡ ਨਾਗਾਂ ਵਲ ਨੱਸ ਗਿਆ

ਹੈ। ਬਸ ਫਿਰ ਕੀ ਸੀ। ਨੂਰੁਦੀਨ ਨੇ ਹੁਕਮ ਦਿਤਾ ਕਿ ਨੱਥੇ ਦੀ ਆਕੜ ਭੰਨ ਕੇ ਉਸ ਨੂੰ ਵੀ ਨਾਲ ਹੀ ਸਿਧਿਆਂ ਕਰੋ। ਛੇਤੀ ਕਰ ਕੇ ਮਗਰ ਲੱਗੋ ਤੇ ਉਸ ਬਦਮਾਸ਼ ਨੂੰ ਰਾਹ ਵਿਚ ਹੀ ਫੜ ਲਵੋ, ਕਿਤੇ ਨਿਕਲ ਨਾ ਜਾਵੇ।

ਫ਼ੌਜਦਾਰ ਦਾ ਹੁਕਮ ਸੁਣ ਕੇ ਉਸ ਦੀ ਫ਼ੌਜ, ਮੰਡਿਆਲੀਏ, ਜੰਡਿਆਲੀਏ ਤੇ ਹੋਰ ਸਰਕਾਰੀ ਟੁਕੜ-ਬੋਚਾਂ ਤੇ ਤਮਾਸ਼ਬੀਨਾਂ ਦੀਆਂ ਧਾੜਾਂ ਨੱਥੇ ਤੇ ਉਸ ਦੇ ਨਾਲ-ਦਿਆਂ ਮਗਰ 'ਫੜ ਲੌ, ਫੜ ਲੌ' ਕਰਦੇ ਨੱਸ ਪਏ।

ਮਗਰੋਂ ਧੂੜ ਉਡਦੀ ਵੇਖ ਕੇ ਤੇ ਫਿਰ ਲਲਕਾਰਿਆਂ ਦੀਆਂ ਆਵਾਜ਼ਾਂ ਸੁਣ ਕੇ ਨੱਥੇ ਸਮਝ ਲਿਆ ਕਿ ਵੈਰੀ ਪਿਛੇ ਚੜ੍ਹਿਆ ਆ ਰਿਹਾ ਹੈ। ਉਸ ਨੇ ਆਪਣੇ ਪੁਤਰ ਨੂੰ ਕਿਹਾ ਕਿ ਵੈਰੀ ਪਾਸੋਂ ਕਿਸੇ ਰਿਆਇਤ ਜਾਂ ਰਹਿਮ ਦੀ ਆਸ ਨਹੀਂ। ਤੂੰ ਰਾਇ ਸਿੰਘ ਨੂੰ ਚੁਕ ਕੇ ਇਕ ਪਾਸੇ ਨੂੰ ਨੱਸ ਜਾ, ਉਸ ਨੂੰ ਬਚਾਅ ਲੈ ਤੇ ਆਪਣੀ ਜਾਨ ਵੀ। ਮੈਂ ਖਾ ਪੀ ਕੇ ਉਮਰ ਹੰਢਾ ਲਈ ਹੈ, ਤੇਰੀ ਚੜ੍ਹਦੀ ਜੁਆਨੀ ਵੇਖ ਕੇ ਮੇਰੇ ਦਿਲ ਵਿਚ ਆਉਂਦੀ ਹੈ। ਇਸ ਚੜ੍ਹੀ ਆ ਰਹੀ ਧਾੜ ਲਈ ਮੈਂ ਇਕੱਲਾ ਹੀ ਕਾਫ਼ੀ ਹਾਂ। ਤੁਸੀਂ ਚਾਰੇ ਜਣੇ ਇਕ ਪਾਸੇ ਨਿਕਲ ਜਾਉ ਤੇ ਰਾਇ ਸਿੰਘ ਦੀ ਜਾਨ ਬਚਾਓ।

ਉਸ ਚੜ੍ਹਦੀ ਜੁਆਨੀ ਵਾਲੇ ਸੁੰਦਰ ਗਭਰੂ ਨੇ ਕਿਹਾ ਕਿ ਇਸ ਭੀੜ ਪਈ 'ਤੇ, ਮੈਂ ਬਾਪ ਨੂੰ ਫਸਿਆ ਛਡ ਕੇ ਜਾਨ ਬਚਾਅ ਲਵਾਂ, ਧ੍ਰਿਗ ਹੈ ਐਸੇ ਪੁਤ ਤੇ ਉਸ ਦੀ ਜੁਆਨੀ 'ਤੇ। ਰਾਇ ਸਿੰਘ ਦਾ ਰਾਖਾ ਆਪ ਅਕਾਲ ਪੁਰਖ ਹੈ, ਮਾਰਨਾ ਤੇ ਰਖਣਾ ਉਸ ਦੇ ਹੱਥ ਹੈ। ਸਾਨੂੰ ਆਪਣੇ ਧਰਮ 'ਤੇ ਡਟਣਾ ਚਾਹੀਦਾ ਹੈ। ਪਰ ਬਾਪੂ ਜੀ ਉਸ ਪੁਤਰ ਦੇ ਜੰਮਣ ਖੁਣੋਂ ਕੀ ਥੁੜਿਆ ਹੈ ਜੋ ਔਖੀ ਬਣੀ 'ਤੇ ਪਿਤਾ ਨੂੰ ਛਡ ਜਾਵੇ। ਤੁਹਾਡੇ ਵਲ ਨੂੰ ਆਉਂਦਾ ਤੀਰ ਜਾਂ ਗੋਲੀ ਛਾਤੀ ਉਤੇ ਮੈਂ ਝਲਾਂਗਾ, ਮੈਂ ਤੁਹਾਡੇ ਨਾਲ ਰਹਾਂਗਾ ਤੇ ਤੁਹਾਥੋਂ ਪਹਿਲਾਂ ਪੁਰਜ਼ਾ ਪੁਰਜ਼ਾ ਹੋ ਕੇ ਕਟ ਮਰਾਂਗਾ, ਪਰ ਜੱਦ-ਧਰੋਹੀ ਨਹੀਂ ਬਣਾਂਗਾ। ਮੈਂ 'ਅਜੀਤ' ਤੇ 'ਜੁਝਾਰ' ਦਾ ਭਰਾ ਹਾਂ, ਇਸ ਰਿਸ਼ਤੇ ਨੂੰ ਕਲੰਕਤ ਨਹੀਂ ਕਰਾਂਗਾ। ਨੱਥੇ ਨੇ ਪੁਤਰ ਨੂੰ ਘੁਟ ਕੇ ਗਲ ਨਾਲ ਲਾਇਆ ਤੇ ਕਿਹਾ ਕਿ ਮੈਂ ਅੱਜ ਸਪੁਤਾ ਹੋਇਆ ਹਾਂ। ਵਾਹਿਗੁਰੂ ਦਾ ਕੋਟ ਕੋਟ ਧੰਨਵਾਦ ਹੈ, ਜਿਸ ਨੇ ਮੈਨੂੰ ਇਹੋ ਜਿਹਾ ਪੁਤਰ ਦੇ ਕੇ ਐਡਾ ਭਾਗਵਾਨ ਬਣਾਇਆ ਹੈ ਤੇ ਨਾਲ ਹੀ ਸੂਰਮਗਤੀ ਵਿਖਾ ਕੇ ਸ਼ਹੀਦੀ ਮਰਤਬਾ ਹਾਸਲ ਕਰਨ ਦਾ ਸਮਾਂ ਬਖ਼ਸ਼ਿਆ ਹੈ। ਫਿਰ ਉਸ ਨੇ ਕਿਹਾ ਕਿ ਹੁਣ ਇਸ ਤੋਂ ਅੱਗੇ ਕੀ ਭਜਣਾ ਹੈ।

ਨੱਥੇ ਨੇ ਇਕ ਮਲ੍ਹਿਆਂ ਵਾਲੀ ਵੱਟ ਦਾ ਆਸਰਾ ਲਿਆ। ਉਸ ਦੇ ਇਕ

ਪਾਸੇ ਉਸ ਦਾ ਪੁਤਰ ਤੇ ਮਜ਼ਬੀ ਬਹਿ ਗਏ, ਦੂਜੇ ਪਾਸੇ ਉਸ ਦਾ ਭਣੇਵਾਂ ਤੇ ਬਰਵਾਲਾ ਡਟ ਗਏ। ਰਾਇ ਸਿੰਘ ਨੂੰ ਪਿਛੇ ਕਰ ਲਿਆ। ਨੱਥੇ ਨੇ ਤੀਰ ਤੰਦੀ 'ਤੇ ਚਾੜ੍ਹ ਲਿਆ।

ਜਦ ਧਾੜ ਲਾਗੇ ਢੁਕੀ ਤਾਂ ਨੂਰਦੀਨ ਨੇ ਮੱਸੇ ਦੇ ਭਰਾਵਾਂ ਤੇ ਸਾਲਿਆਂ ਨੂੰ ਕਿਹਾ ਕਿ ਤਕੜੇ ਹੋ ਕੇ ਅੱਗੇ ਵਧੋ। ਹਥੀਂ ਮਾਰ ਕੇ ਬਦਲਾ ਲੈ ਲਵੇ। ਜੱਟ ਕਿਧਰੇ ਨਿਕਲ ਨਾ ਜਾਵੇ। ਜੰਡਿਆਲੀਏ ਨੂੰ ਵੀ ਨਾਲ ਲੈ ਲਵੋ। ਰੰਘੜਾਂ ਦੀ ਧਾੜ 'ਯਾ ਅਲੀ' ਦੇ ਨਾਅਰੇ ਲਾਉਂਦੀ ਹੋਈ ਅੱਗੇ ਵਧੀ। ਜੰਡਿਆਲੀਏ ਵੀ ਨਾਲ ਹੋਏ। ਇਹ ਸੈਂਕੜਿਆਂ ਦਾ ਤੁੰਮਣ ਸੀ। ਨੱਥਾ ਵੀ ਤਕੜਾ ਹੋ ਕੇ ਟੱਕਰਿਆ। ਅਸਲ ਵਿਚ ਇਹ ਮੁਕਾਬਲਾ ਨੱਥਾ ਇਕੱਲਾ ਹੀ ਕਰ ਰਿਹਾ ਸੀ। ਸਿਰਫ਼ ਉਸੇ ਪਾਸ ਹੀ ਤੀਰ ਕਮਾਨ ਸੀ। ਉਸ ਦੇ ਪੁਤਰ ਤੇ ਭਣੇਵੇਂ ਪਾਸ ਨੇਜ਼ੇ। ਬਰਵਾਲੇ ਪਾਸ ਤਲਵਾਰ ਤੇ ਮਜ਼ਬੀ ਪਾਸ ਸੋਟਾ ਹੀ ਸੀ। ਪਰ ਨੱਥੇ ਨੇ ਜਿਧਰ ਕਾਨੀ ਵਾਹੀ, ਉਲਟਾ ਕੇ ਥਲੇ ਮਾਰਿਆ, ਮੁੜ ਉਹ ਨਹੀਂ ਉਠਿਆ। ਜਦ ਇੰਜ ੭ ਕੁ ਨਾਮੀ ਰੰਘੜ ਡਿਗੇ ਤਾਂ ਸਾਰੇ ਪਿਛਾਂਹ ਨੂੰ ਨੱਸ ਤੁਰੇ। ਹਰ ਇਕ ਦੇ ਦਿਲ ਵਿਚ ਇਹ ਸੀ ਕਿ ਨੱਥੇ ਦਾ ਤੀਰ ਮੈਥੋਂ ਬਿਨਾਂ ਹੋਰ ਕਿਸੇ ਨੂੰ ਨਹੀਂ ਵਜਣਾ। ਉਹ ਡਿਗਦੇ ਢਹਿੰਦੇ ਫ਼ੌਜਦਾਰ ਪਾਸ ਆ ਕੇ ਰੌਲਾ ਪਾਉਂਦੇ ਹੋਏ ਕਹਿਣ ਲੱਗੇ, "ਖ਼ਾਨ ਸਾਹਿਬ, ਦੁਹਾਈ ਜੇ। ਨੱਥੇ ਦੇ ਤੀਰ ਆਲ੍ਹੇ ਨਹੀਂ ਜਾਂਦੇ। ਅਸੀਂ ਇਕ ਦਾ ਬਦਲਾ ਲੈਣ ਆਏ ਸਾਂ, ਸਤ ਹੋਰ ਮਰਵਾ ਲਏ ਹਨ। ਸਾਨੂੰ ਕੁਮੌਤੇ ਨਾ ਮਰਵਾਓ। ਫ਼ੌਜ ਨੂੰ ਹੁਕਮ ਦਿਓ ਕਿ ਉਹ ਦੂਰੋਂ ਗੋਲੀ ਮਾਰ ਕੇ ਨੱਥੇ ਨੂੰ ਮਾਰੇ।" ਨੂਰਦੀਨ ਸੁਣ ਕੇ ਝੁੰਜਲਾ ਉਠਿਆ। ਉਸ ਨੇ ਸੌ ਸੌ ਤਾਅਨੇ ਦਿਤੇ, "ਰਾਜਪੂਤ ਅਖਵਾਉਂਦੇ ਹੋ। ਇਕੱਲੇ ਨੱਥੇ ਦੇ ਅੱਗੇ ਕੰਡ ਵਿਖਾ ਆਏ ਹੋ। ਕਿਉਂ ਪਾਜੀ ਬਣਦੇ ਹੋ ? ਤੁਸੀਂ ਰੰਘੜ ਰਾਜਪੂਤ ਹੋ। ਤੁਹਾਥੋਂ ਜੱਟ ਨਹੀਂ ਕਾਬੂ ਆਉਂਦੇ ? ਹੌਸਲਾ ਨਾ ਹਾਰੋ। ਜੇ ਤੁਹਾਥੋਂ ਇਹ ਜੱਟ ਨਾ ਮਰੇ ਤਾਂ ਸਿੰਘਾਂ ਤੋਂ ਕਿਵੇਂ ਬਦਲਾ ਲੈ ਸਕੋਗੇ ?" ਨੂਰਦੀਨ ਨੇ ਸੌ ਸੌ ਹੱਲਾ-ਸ਼ੇਰੀਆਂ ਦਿਤੀਆਂ, ਪਰ ਰੰਘੜਾਂ ਦਿਲ ਨਾ ਧਰਿਆ। ਜਦ ਜੰਡਿਆਲੀਆਂ ਨੂੰ ਅੱਗੇ ਹੋਣ ਲਈ ਕਿਹਾ ਤਾਂ ਉਹ ਵੀ ਸਿਰ ਫੇਰ ਗਏ।

ਅੰਤ ਫ਼ੌਜਦਾਰ ਨੇ ਆਪਣੀ ਫ਼ੌਜ ਤੇ ਬਾਕੀ ਲਾਮ-ਲਸ਼ਕਰ ਨੂੰ ਹੱਲਾ ਕਰਨ ਦਾ ਹੁਕਮ ਦਿਤਾ। ਇਹ ਲਲਕਾਰਦੇ ਹੋਏ ਅੱਗੇ ਵਧੇ। ਸੈਂਕੜੇ ਤੀਰ ਗੋਲੀਆਂ ਸ਼ੂਕਣ ਲੱਗੇ। ਅਗੋਂ ਇਕੱਲਾ ਨੱਥਾ ਹੀ ਤੀਰ ਚਲਾ ਰਿਹਾ ਸੀ। ਵੱਟ ਦਾ ਆਸਰਾ ਉਸ ਨੂੰ ਬਚਾਈ ਜਾ ਰਿਹਾ ਸੀ। ਪਰ ਉਸ ਦਾ ਵਾਰ ਖ਼ਾਲੀ ਨਾ ਗਿਆ। ਨੂਰਦੀਨ ਨੇ ਆਪਣੇ ਆਦਮੀ ਡਿਗਦੇ ਵੇਖ ਕੇ ਲਲਕਾਰਿਆ ਕਿ ਜਾਨਾਂ ਦੀ ਪ੍ਰਵਾਹ ਨਾ

ਕਰਦੇ ਹੋਏ ਵਧ ਕੇ ਉਨ੍ਹਾਂ ਉਤੇ ਚੜ੍ਹ ਜਾਵੋ। ਇੰਜ ਦੂਰ ਖੜੇ ਕਿੰਨੇ ਕੁ ਮਰੀ ਜਾਵੋਗੇ ? ਘੋੜ-ਸਵਾਰ ਸਰਪਟ ਘੋੜੇ ਭਜਾ ਕੇ ਅੱਗੇ ਵਧੇ। ਚਾਰ ਕੁ ਜਦ ਥਲੇ ਡਿਗੇ ਤਾਂ ਨੱਥੇ ਦੀ ਕਮਾਨ ਦੀ ਤੰਦੀ ਟੁਟ ਗਈ। ਪਰ ਉਸ ਨੇ ਹੌਸਲਾ ਨਾ ਹਾਰਿਆ, ਆਪਣੀ ਤਲਵਾਰ ਸੂਤ ਕੇ ਵੈਰੀਆਂ ਦੇ ਗਲ ਪੈ ਗਿਆ। ਅਨੋਖਾ ਹੀ ਘਮਸਾਨ ਮੱਚਿਆ ਹੋਇਆ ਸੀ। ਇਕ ਪਾਸੇ ਪੰਜ ਤੇ ਇਕ ਪਾਸੇ ਸੈਂਕੜੇ। ਲੜਦਾ ਲੜਦਾ ਮਰਦਾਂ ਵਾਂਗ ਸ਼ਹੀਦ ਹੋ ਗਿਆ। ਛਾਤੀ ਵਿਚ ਗੋਲੀ ਖਾ ਕੇ ਡਿਗਾ। ਲਾਗੇ ਹੀ ਉਸ ਦਾ ਪੁਤਰ ਲੜ ਰਿਹਾ ਸੀ, ਜਿਸ ਦਾ ਲੜਦੇ ਦਾ ਨੇਜ਼ਾ ਟੁਟ ਚੁਕਾ ਸੀ। ਉਸ ਨੇ ਆਪਣੇ ਪਿਤਾ ਵਾਲੀ ਤਲਵਾਰ ਫੜ ਲਈ ਤੇ ਨਾਲ-ਦਿਆਂ ਨੂੰ ਲਲਕਾਰਦਾ ਵੈਰੀਆਂ ਦੇ ਗਲ ਪੈ ਗਿਆ।

ਨੱਥੇ ਦਾ ਭਣੇਵਾਂ ਤਾਂ ਕਿਵੇਂ ਨਾ ਕਿਵੇਂ ਅੱਖ ਬਚਾਅ ਕੇ ਨਿਕਲ ਗਿਆ।[੧] ਪਰ ਬਾਕੀ ਸ਼ਹੀਦ ਹੋ ਗਏ। ਨੱਥਾ ਜਿੰਨਾ ਚਿਰ ਲੜਦਾ ਰਿਹਾ, ਰਾਇ ਸਿੰਘ ਭਜ ਭਜ ਕੇ ਉਸ ਦੀਆਂ ਲੱਤਾਂ ਵਿਚ ਲੁਕਦਾ ਰਿਹਾ। ਜਦ ਨੱਥਾ ਗੋਲੀ ਖਾ ਕੇ ਡਿਗ ਪਿਆ ਤਾਂ ਰਾਇ ਸਿੰਘ 'ਹਾਇ ਤਾਇਆ!' ਕਹਿ ਕੇ ਉਸ ਦੀਆਂ ਲੱਤਾਂ ਨਾਲ ਚਿੰਬੜਿਆ ਰਿਹਾ। ਵੈਰੀ ਘੋੜੇ ਭਜਾ ਕੇ ਲੋਥਾਂ ਉਤੇ ਆ ਚੜ੍ਹੇ। ਬਾਲਕ ਰਾਇ ਸਿੰਘ ਡਰ ਕੇ ਇਕ ਪਾਸੇ ਨਸਣ ਲੱਗਾ ਤਾਂ ਇਕ ਸਿਪਾਹੀ ਨੇ ਪਿਛਲੇ ਪਾਸਿਓਂ ਤਲਵਾਰ ਮਾਰੀ, ਜਿਸ ਨਾਲ ਉਹ ਧਰਤੀ 'ਤੇ ਡਿੱਗ ਪਿਆ। ਪਿਛਲੇ ਪਾਸਿਓਂ ਉਸ ਦੀ ਧੌਣ ਵਢੀ ਗਈ, ਪਰ ਅਗਲੇ ਪਾਸਿਓਂ ਉਸ ਦੀ ਸ਼ਾਹ ਰਗ ਬਚ ਗਈ। ਡਿਗੇ ਹੋਏ ਨੂੰ ਇਕ ਹੋਰ ਤਲਵਾਰ ਮਾਰੀ, ਜੋ ਉਸ ਦਾ ਮੋਢਾ ਚੀਰ ਗਈ। ਤੀਜਾ ਵਾਰ ਫਿਰ ਸਿਰ 'ਤੇ ਕੀਤਾ। ਵੈਰੀਆਂ ਸਮਝਿਆ ਕਿ ਬਾਲਕ ਰਾਇ ਸਿੰਘ ਮੌਤ ਦੇ ਘਾਟ ਉਤਾਰ ਦਿਤਾ ਹੈ। ਪਰ ਜਿਸ ਦਾ ਰੱਬ ਰਾਖਾ ਹੋਵੇ, ਉਸ ਨੂੰ ਕੌਣ ਮਾਰੇ।[੨]

ਫ਼ੌਜ ਤੇ ਰੰਘੜ ਆਪਣੇ ਵਲੋਂ ਰਾਇ ਸਿੰਘ ਨੂੰ ਮਾਰ ਕੇ ਸੁਟ ਗਏ। ਥੋੜੇ ਸਮੇਂ ਪਿਛੋਂ ਇਕ ਕੰਬੋਣੀ ਸਾਗ ਸਬਜ਼ੀ ਵੇਚ ਕੇ ਘਰ ਨੂੰ ਮੁੜਦੀ ਉਸ ਰਾਹੇ ਲੰਘੀ

---

੧. ਨਥਾ ਭਾਣਜਾ ਇਕ ਬਚਿਉ ਔਰ ਬਚਿਉ ਸਿੰਘ ਰਾਏ। *(ਪ੍ਰਾਚੀਨ ਪੰਥ ਪ੍ਰਕਾਸ਼, ਸਫ਼ਾ ੨੨੮)*

੨. ਜਬ ਘੋੜਨ ਕੀ ਫੇਟਨ ਗੇਰਾ। ਗਰਦਨ ਪਰ ਮਾਰੀ ਸ਼ਮਸ਼ੇਰਾ।
ਗਰਦਨ ਕੱਟ ਕੇ ਘੰਡੀ ਰਹਾਈ। ਗਲ ਪਰ ਦੂਜੀ ਫੇਰ ਚਲਾਈ।
ਕਟ ਗਈ ਹੰਸਲੀ ਮੋਢੇ ਤਾਈਂ। ਤੀਜੀ ਸਿਰ ਪਰ ਫੇਰ ਲਗਾਈ।
ਕਾਟ ਮੋਢੇ ਤੇ ਜ਼ਮੀਂ ਧਸਾਈ। ਇਮ ਕਰ ਸ਼ਾਹ ਰਗ ਭਈ ਬਚਾਈ।
(ਪ੍ਰਾਚੀਨ ਪੰਥ ਪ੍ਰਕਾਸ਼, ਸਫ਼ਾ ੨੨੮)

ਤਾਂ ਰਾਇ ਸਿੰਘ ਸਹਿਕ ਰਿਹਾ ਸੀ। ਇਸ ਰਹਿਮ-ਦਿਲ ਮਾਈ ਨੇ ਪਛਾਣ ਲਿਆ। ਫਿਰ ਸੰਭਾਲ ਕੇ ਟੋਕਰੀ ਵਿਚ ਪਾ ਕੇ ਚੁਕ ਲਿਆ ਤੇ ਪਿੰਡ ਰੁਟਾਲੇ ਵਿਚ ਉਸ ਦੀ ਤਾਈ ਨੂੰ ਜਾ ਦਿਤਾ।[੧] ਇਕ ਫੱਟ-ਬੰਨ੍ਹ ਮੋਚੀ ਨੇ ਉਸ ਦੇ ਜ਼ਖ਼ਮ ਸੀਊਂ ਦਿੱਤੇ ਤੇ ਪੱਟੀਆਂ ਬੰਨ੍ਹ ਦਿਤੀਆਂ। ਇੰਜ ਕੁਝ ਦਿਨ ਉਸ ਦਾ ਇਲਾਜ ਚਲਦਾ ਰਿਹਾ ਤੇ ਰਾਇ ਸਿੰਘ ਦੇ ਜ਼ਖ਼ਮ ਅੱਛੇ ਹੋ ਗਏ। ਉਹ ਬਚ ਗਿਆ।

ਰਾਇ ਸਿੰਘ ਵੱਡਾ ਹੋ ਕੇ ਆਪਣੇ ਬਾਪ ਵਾਂਗ ਹੀ ਪੰਥ ਦੀ ਸੇਵਾ ਵਿਚ ਮੁਹਿੰਮਾਂ ਮਾਰਨ ਲੱਗ ਪਿਆ। ਉਸ ਦਾ ਮੇਲ ਕਰੋੜਾ-ਸਿੰਘੀਆ ਮਿਸਲ ਦੇ ਸਰਦਾਰ ਸ਼ਾਮ ਸਿੰਘ ਨਾਰਲੇ ਵਾਲੇ ਨਾਲ ਹੋ ਗਿਆ। ਉਸ ਦੀ ਸੂਰਮਗਤੀ ਤੋਂ ਪ੍ਰਸੰਨ ਹੋ ਕੇ ਉਸ ਨਾਲ ਆਪਣੀ ਲੜਕੀ ਵਿਆਹ ਦਿਤੀ। ਰਾਇ ਸਿੰਘ ਦਾ ਪੁਤਰ ਰਤਨ ਸਿੰਘ ਭੰਗੂ ਹੋਇਆ ਹੈ, ਜਿਸ ਨੇ ਸਿਖ ਇਤਿਹਾਸ ਦਾ ਪ੍ਰਸਿਧ ਗ੍ਰੰਥ *ਪ੍ਰਾਚੀਨ ਪੰਥ ਪ੍ਰਕਾਸ਼* ਲਿਖਿਆ ਹੈ। ਇਸ ਦੀ ਔਲਾਦ ਵਿਚੋਂ ਕੁਝ ਟੱਬਰ ਮਾਨਾਂਵਾਲੇ ਰੇਲਵੇ ਸਟੇਸ਼ਨ ਪਾਸ, ਜੋ ਅੰਮ੍ਰਿਤਸਰ ਦੇ ਲਾਗੇ ਹੈ ਤੇ ਕਾਫ਼ੀ ਟੱਬਰ ਪਿੰਡ ਭਿੜੀ ਜ਼ਿਲਾ ਲੁਧਿਆਣਾ ਵਿਚ ਵਸਦੇ ਹਨ।

ਸ: ਮਤਾਬ ਸਿੰਘ ਪੁੱਤਰ ਬਾਰੇ ਸੁਣ ਕੇ ਕੁਝ ਦੇਰ ਪਿਛੋਂ ਮਿਲਣ ਆਏ, ਪਰ ਉਨ੍ਹਾਂ ਨੇ ਹਥਿਆਰ ਨਾਲ ਨਾ ਲਏ। ਚੈਂਚਲ ਸੰਧੂ ਚੀਚੇ ਵਾਲੇ ਨੇ ਮੁਖ਼ਬਰੀ ਕਰ ਕੇ ਪਕੜਵਾ ਦਿੱਤਾ ਤੇ ਲਾਹੌਰ ਲਿਜਾ ਕੇ ਆਪ ਨੂੰ ਬੜੇ ਅਕਹਿ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ।

ਸ: ਸੁੱਖਾ ਸਿੰਘ ਮਨੂੰ ਦੀ ਅਬਦਾਲੀ ਵਿਰੁਧ ਸਹਾਇਤਾ ਲਈ, ਦੀਵਾਨ ਕੌੜਾ ਮੱਲ ਦੇ ਕਹੇ 'ਤੇ, ਦਲ ਲੈ ਕੇ ਗਏ ਸਨ। ਅਬਦਾਲੀ ਓਦੋਂ ਰਾਵੀ ਤੋਂ ਪਾਰ ਸੀ। ਇਹ ਵੀ ਉਧਰ ਹੀ ਫਿਰ ਰਹੇ ਸਨ ਜੁ ਪਤਾ ਲੱਗਾ ਕਿ ਅਬਦਾਲੀ ਦਾ ਡੇਰਾ ਲਾਗੇ ਹੈ, ਜਦ ਕਿ ਉਹ ਬਹੁਤ ਦੂਰ ਸੀ। ਆਪ ਨੇ ਥੋੜ੍ਹੇ ਜਿਹੇ ਸਿੰਘਾਂ ਨਾਲ ਜਾ ਹੱਲਾ ਬੋਲਿਆ। ਸੂਰਮਗਤੀ ਨਾਲ ਜੂਝਦਿਆਂ ਆਪ ਨੇ ਸ਼ਾਹਦਰੇ ਦੇ ਲਹਿੰਦੇ ਦੱਖਣ ਵਿਚ ਸ਼ਹੀਦੀ ਪ੍ਰਾਪਤ ਕੀਤੀ।

---

੧. ਪਿਤਾ ਹਮਾਰੇ ਕੀ ਥੀ ਤਾਈ।
ਸੁਣ ਰੁਟਾਲੇ ਮੇਂ ਲੇ ਆਈ। *(ਪ੍ਰਾਚੀਨ ਪੰਥ ਪ੍ਰਕਾਸ਼, ਸਫ਼ਾ ੨੨੯)*
ਤਾਈ ਰਾਏ ਸਿੰਘ ਕੀ ਰੁਟਿਆਲੇ ਪਿੰਡ ਹੁਤੀ ਆਈ,
ਦੀਓ ਓਨ ਤਾਂਹਿ ਜਾਈ ਕਰਵਾਈ ਕਾਰੀ ਹੈ।
(ਗਿ: ਗਿਆਨ ਸਿੰਘ, ਪੰਥ ਪ੍ਰਕਾਸ਼, ਸਫ਼ਾ ੬੧੭)

ISBN 81-7205-191-3

